




WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo   By: Mangat Media Group








Vol-1   Issue - 01   11 June to 17 June   Email: bcpunjabinews@gmail.com   Website: www.bcpunjabinews.ca   Phone: +1 604 750 4259


# ਮਾਊਂਟ ਐਵਰੇਸਟ ਫਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ ਅਜੈਪਾਲ ਸਿੰਘ ਧਾਲੀਵਾਲ ਦਾ ਅਕਾਲ ਅਕੈਡਮੀ ਸਰੀ ਵੱਲੋਂ ਭਰਵਾਂ ਸਨਮਾਨ






**ਸਰੀ (ਮਹੇਸ਼ਇੰਦਰ ਸਿੰਘ ਮਾਂਗਟ) –** ਮਾਊਂਟ ਐਵਰੇਸਟ ਦੀ ਚੋਟੀ ਸਫਲਤਾਪੂਰਵਕ ਫਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ ਅਜੈਪਾਲ ਸਿੰਘ ਧਾਲੀਵਾਲ ਦਾ ਅਕਾਲ ਅਕੈਡਮੀ ਸਰੀ ਵੱਲੋਂ ਇੱਕ ਵਿਸ਼ੇਸ਼ ਸਮਾਗਮ ਦੌਰਾਨ ਭਰਵਾਂ ਸਨਮਾਨ ਕੀਤਾ ਗਿਆ। 6 ਜੂਨ 2026 ਨੂੰ ਆਯੋਜਿਤ ਇਸ ਸਮਾਰੋਹ ਵਿੱਚ 100 ਤੋਂ ਵੱਧ ਭਾਈਚਾਰਕ ਮੈਂਬਰਾਂ, ਵਿਦਿਆਰਥੀਆਂ, ਮਾਪਿਆਂ ਅਤੇ ਆਗੂਆਂ ਨੇ ਸ਼ਮੂਲੀਅਤ ਕਰਕੇ ਇਸ ਇਤਿਹਾਸਕ ਪ੍ਰਾਪਤੀ ਦਾ ਜਸ਼ਨ ਮਨਾਇਆ। ਸਮਾਗਮ ਵਿੱਚ ਸਰੀ ਨਾਰਥ ਤੋਂ ਐਮਐਲਏ ਮੰਦੀਪ ਧਾਲੀਵਾਲ ਅਤੇ ਸਰੀ–ਪੈਨੋਰਾਮਾ ਤੋਂ ਐਮਐਲਏ ਬ੍ਰਾਇਨ ਟੈਪਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਦੋਵਾਂ ਨੇ ਅਜੈਪਾਲ ਸਿੰਘ ਨੂੰ ਉਨ੍ਹਾਂ ਦੀ ਵਿਲੱਖਣ ਉਪਲਬਧੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਨਾ ਸਿਰਫ਼ ਸਿੱਖ ਭਾਈਚਾਰੇ, ਸਗੋਂ ਪੂਰੇ ਕੈਨੇਡਾ ਦਾ ਨਾਮ ਰੌਸ਼ਨ ਕੀਤਾ ਹੈ। ਅਜੈਪਾਲ ਸਿੰਘ ਧਾਲੀਵਾਲ ਦਾ ਅਕਾਲ ਅਕੈਡਮੀ ਸਰੀ ਨਾਲ ਖਾਸ ਰਿਸ਼ਤਾ ਹੈ। ਉਹ ਇਸ ਸੰਸਥਾ ਦੇ ਸਾਬਕਾ ਵਿਦਿਆਰਥੀ ਹੋਣ ਦੇ ਨਾਲ–ਨਾਲ ਮੌਜੂਦਾ ਡਾਇਰੈਕਟਰ ਵੀ ਹਨ। ਉਨ੍ਹਾਂ ਦੀ ਇਹ ਇਤਿਹਾਸਕ ਕਾਮਯਾਬੀ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣੀ ਹੋਈ ਹੈ।

ਸਮਾਗਮ ਦੌਰਾਨ ਅਕਾਲ ਅਕੈਡਮੀ ਸਰੀ ਦੇ ਆਗੂ ਅਤੇ ਦੁਨੀਆ ਦੀ ਸਭ ਤੋਂ ਲੰਬੀ ਦਾੜ੍ਹੀ ਲਈ ਗਿਨੀਜ਼ ਵਰਲਡ ਰਿਕਾਰਡ ਧਾਰਕ ਗਿਆਨੀ ਸਰਵਣ ਸਿੰਘ ਨੇ ਅਜੈਪਾਲ ਸਿੰਘ ਧਾਲੀਵਾਲ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਆਪਣੇ ਸੰਬੋਧਨ ਦੌਰਾਨ ਡਾ. ਪਰਗਟ ਸਿੰਘ ਭੁਰਜੀ ਨੇ ਕਿਹਾ ਕਿ ਅਜੈਪਾਲ ਸਿੰਘ ਦੀ ਇਹ ਉਪਲਬਧੀ ਮਿਹਨਤ, ਵਿਸ਼ਵਾਸ ਅਤੇ ਦ੍ਰਿੜ ਇਰਾਦੇ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਪੂਰਾ ਸਿੱਖ ਭਾਈਚਾਰਾ ਅਤੇ ਅਕਾਲ ਅਕੈਡਮੀ ਪਰਿਵਾਰ ਇਸ ਪ੍ਰਾਪਤੀ ’ਤੇ ਮਾਣ ਮਹਿਸੂਸ ਕਰਦਾ ਹੈ।

ਆਪਣੇ ਸਵੀਕ੍ਰਿਤੀ ਭਾਸ਼ਣ ਵਿੱਚ ਅਜੈਪਾਲ ਸਿੰਘ ਧਾਲੀਵਾਲ ਨੇ ਆਪਣੀ ਸਫਲਤਾ ਲਈ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ ਅਤੇ ਕਿਹਾ ਕਿ ਵਿਸ਼ਵਾਸ, ਹਿੰਮਤ, ਸਮਰਪਣ ਅਤੇ ਵਚਨਬੱਧਤਾ ਹੀ ਉਨ੍ਹਾਂ ਦੀ ਕਾਮਯਾਬੀ ਦਾ ਆਧਾਰ ਰਹੇ ਹਨ। ਉਨ੍ਹਾਂ ਆਪਣੇ ਕੋਚ ਗੁਰਮੁਖ ਸਿੰਘ ਅਤੇ ਫਿਜ਼ਿਓਥੈਰਾਪਿਸਟ ਡਾ. ਰਮਨ ਗਰੇਵਾਲ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਮਾਰਗਦਰਸ਼ਨ ਅਤੇ ਸਹਿਯੋਗ ਨੇ ਉਨ੍ਹਾਂ ਨੂੰ ਇਸ ਮੁਸ਼ਕਲ ਚੁਣੌਤੀ ਲਈ ਤਿਆਰ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ, “ਜੇ ਤੁਹਾਡੇ ਵਿੱਚ ਹਿੰਮਤ, ਸਮਰਪਣ ਅਤੇ ਵਚਨਬੱਧਤਾ ਹੈ ਤਾਂ ਕੁਝ ਵੀ ਅਸੰਭਵ ਨਹੀਂ।” ਉਨ੍ਹਾਂ ਨੌਜਵਾਨਾਂ ਨੂੰ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਅਤੇ ਚੁਣੌਤੀਆਂ ਅੱਗੇ ਕਦੇ ਹਾਰ ਨਾ ਮੰਨਣ ਲਈ ਪ੍ਰੇਰਿਤ ਕੀਤਾ। ਅਕਾਲ ਅਕੈਡਮੀ ਸਰੀ ਦੇ ਡਾਇਰੈਕਟਰ ਅਵਤਾਰ ਸਿੰਘ ਗਿੱਲ ਨੇ ਅਜੈਪਾਲ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਨੌਜਵਾਨ ਪੀੜ੍ਹੀ ਲਈ ਇੱਕ ਸ਼ਾਨਦਾਰ ਰੋਲ ਮਾਡਲ ਹਨ। ਉਨ੍ਹਾਂ ਕਿਹਾ ਕਿ ਅਜੈਪਾਲ ਦੀ ਪ੍ਰਾਪਤੀ ਇਹ ਸਾਬਤ ਕਰਦੀ ਹੈ ਕਿ ਅਨੁਸ਼ਾਸਨ, ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

# ਸਰੀ ਵਿੱਚ ਜਨਤਕ ਵਾਸ਼ਰੂਮਾਂ ਦੀ ਘਾਟ ਦੂਰ ਕਰਨ ਲਈ ਹੋਨਵੀਰ ਰੰਧਾਵਾ ਦੀ ਨਵੀਂ ਪਹਿਲ

## ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੇਅਰ ਉਮੀਦਵਾਰ ਨੇ ‘ਸਰੀ ਪਬਲਿਕ ਵਾਸ਼ਰੂਮ ਪਲਾਨ’ ਦਾ ਕੀਤਾ ਐਲਾਨ

ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ) – ਸਰੀ ਦੇ ਮੇਅਰ ਅਹੁਦੇ ਲਈ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ਼ਹਿਰ ਵਿੱਚ ਜਨਤਕ ਵਾਸ਼ਰੂਮਾਂ ਦੀ ਸਹੂਲਤ ਨੂੰ ਵਧਾਉਣ ਲਈ ਇੱਕ ਨਵੀਂ ਯੋਜਨਾ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿਰਫ਼ ਸਹੂਲਤ ਦਾ ਨਹੀਂ, ਸਗੋਂ ਸਨਮਾਨ, ਪਹੁੰਚਯੋਗਤਾ, ਸਿਹਤ ਅਤੇ ਮਨੁੱਖੀ ਮਰਿਆਦਾ ਨਾਲ ਵੀ ਜੁੜਿਆ ਹੋਇਆ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਰੰਧਾਵਾ ਨੇ ਕਿਹਾ ਕਿ ਇਹ ਪ੍ਰਸਤਾਵ ਉਨ੍ਹਾਂ ਨੂੰ ਸਰੀ ਦੇ ਨਿਵਾਸੀਆਂ, ਖ਼ਾਸ ਕਰਕੇ ਸੀਨੀਅਰ ਨਾਗਰਿਕਾਂ ਨਾਲ ਹੋਈਆਂ ਮੁਲਾਕਾਤਾਂ ਤੋਂ ਮਿਲੇ ਸੁਝਾਵਾਂ ਦੇ ਆਧਾਰ ’ਤੇ ਤਿਆਰ ਕਰਨ ਦੀ ਪ੍ਰੇਰਣਾ ਮਿਲੀ ਹੈ।








ਉਨ੍ਹਾਂ ਦੱਸਿਆ ਕਿ ਕਈ ਬਜ਼ੁਰਗਾਂ ਨੇ ਸ਼ਹਿਰ ਵਿੱਚ ਜਨਤਕ ਵਾਸ਼ਰੂਮਾਂ ਦੀ ਘਾਟ ਕਾਰਨ ਦਰਪੇਸ਼ ਮੁਸ਼ਕਲਾਂ ਬਾਰੇ ਆਪਣੀ ਚਿੰਤਾ ਜ਼ਾਹਰ ਕੀਤੀ। ਰੰਧਾਵਾ ਨੇ ਕਿਹਾ, “ਸਾਡੇ ਸੀਨੀਅਰਾਂ ਨੂੰ ਆਪਣਾ ਦਿਨ ਇਸ ਗੱਲ ਦੇ ਆਧਾਰ ’ਤੇ ਨਹੀਂ ਬਣਾਉਣਾ ਚਾਹੀਦਾ ਕਿ ਨੇੜੇ ਵਾਸ਼ਰੂਮ ਮਿਲੇਗਾ ਜਾਂ ਨਹੀਂ। ਕਈ ਲੋਕ ਸੈਰ ਕਰਨ, ਕਮਿਊਨਿਟੀ ਸਮਾਗਮਾਂ ਵਿੱਚ ਜਾਣ ਜਾਂ ਜਨਤਕ ਥਾਵਾਂ ’ਤੇ ਸਮਾਂ ਬਿਤਾਉਣ ਤੋਂ ਪਰਹੇਜ਼ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਵਾਸ਼ਰੂਮ ਦੀ ਸਹੂਲਤ ਨਾ ਮਿਲਣ ਦੀ ਚਿੰਤਾ ਰਹਿੰਦੀ ਹੈ।”ਉਨ੍ਹਾਂ ਦੱਸਿਆ ਕਿ ਪ੍ਰਸਤਾਵਿਤ ‘ਸਰੀ ਪਬਲਿਕ ਵਾਸ਼ਰੂਮ ਪਲਾਨ’ ਤਹਿਤ ਸ਼ਹਿਰ ਦੀ ਮਲਕੀਅਤ ਵਾਲੀਆਂ ਥਾਵਾਂ ’ਤੇ ਨਵੇਂ ਜਨਤਕ ਵਾਸ਼ਰੂਮ ਬਣਾਉਣ ਲਈ ਉੱਚ ਮੰਗ ਵਾਲੇ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ। ਇਸ ਵਿੱਚ ਟਰਾਂਜ਼ਿਟ ਐਕਸਚੇਂਜ, ਪਾਰਕ, ਖੇਡ ਮੈਦਾਨ, ਸਿਵਿਕ ਪਲਾਜ਼ਾ, ਮਨੋਰੰਜਨ ਕੇਂਦਰ ਅਤੇ ਸੀਨੀਅਰ ਨਾਗਰਿਕਾਂ ਦੀ ਵੱਧ ਅਬਾਦੀ ਵਾਲੇ ਇਲਾਕੇ ਸ਼ਾਮਲ ਹੋਣਗੇ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਰੰਧਾਵਾ ਨੇ ਕਿਹਾ ਕਿ ਇਸ ਯੋਜਨਾ ਦੇ ਨਾਲ ‘ਸਰੀ ਕਮਿਊਨਿਟੀ ਵਾਸ਼ਰੂਮ ਭਾਈਵਾਲੀ ਪ੍ਰੋਗਰਾਮ’ ਵੀ ਸ਼ੁਰੂ ਕੀਤਾ ਜਾਵੇਗਾ, ਜਿਸ ਤਹਿਤ ਸਥਾਨਕ ਕਾਰੋਬਾਰਾਂ, ਰੈਸਟੋਰੈਂਟਾਂ, ਗੈਸ ਸਟੇਸ਼ਨਾਂ ਅਤੇ ਵਪਾਰਕ ਕੇਂਦਰਾਂ ਨੂੰ ਸਵੈਇੱਛਾ ਨਾਲ ਲੋਕਾਂ ਲਈ ਵਾਸ਼ਰੂਮ ਉਪਲਬਧ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਲੇ ਕਾਰੋਬਾਰਾਂ ਨੂੰ ਸ਼ਹਿਰੀ ਪ੍ਰਚਾਰ ਮੁਹਿੰਮਾਂ, ਜਨਤਕ ਨਕਸ਼ਿਆਂ, ਵਿਸ਼ੇਸ਼ ਮਾਨਤਾ ਅਤੇ ਹੋਰ ਪ੍ਰੋਤਸਾਹਨਾਂ ਰਾਹੀਂ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਰੰਧਾਵਾ ਨੇ ਦਾਅਵਾ ਕੀਤਾ ਕਿ ਵਾਸ਼ਰੂਮਾਂ ਦੀ ਬਿਹਤਰ ਸਹੂਲਤ ਨਾਲ ਸ਼ਹਿਰ ਦੀਆਂ ਜਨਤਕ ਥਾਵਾਂ ਹੋਰ ਸਾਫ਼–ਸੁਥਰੀਆਂ ਬਣਨਗੀਆਂ, ਸਿਹਤਮੰਦ ਵਾਤਾਵਰਨ ਨੂੰ ਉਤਸ਼ਾਹ ਮਿਲੇਗਾ ਅਤੇ ਸਰੀ ਨੂੰ ਹੋਰ ਸੁਆਗਤਯੋਗ ਸ਼ਹਿਰ ਬਣਾਉਣ ਵਿੱਚ ਮਦਦ ਮਿਲੇਗੀ। ਮੀਡੀਆ ਨਾਲ ਗੱਲਬਾਤ ਦੇ ਅੰਤ ਵਿੱਚ ਉਨ੍ਹਾਂ ਕਿਹਾ, “ਅਸਲ ਲੀਡਰਸ਼ਿਪ ਲੋਕਾਂ ਦੀ ਗੱਲ ਸੁਣਨ ਨਾਲ ਸ਼ੁਰੂ ਹੁੰਦੀ ਹੈ। ਸਰੀ ਦੇ ਨਿਵਾਸੀ ਇੱਕ ਅਜਿਹਾ ਸ਼ਹਿਰ ਚਾਹੁੰਦੇ ਹਨ ਜੋ ਸਾਫ਼–ਸੁਥਰਾ, ਵਿਹਾਰਕ, ਦਇਆਵਾਨ ਅਤੇ ਲੋਕ–ਕੇਂਦਰਿਤ ਹੋਵੇ।”ਇਹ ਐਲਾਨ ਸਰੀ ਦੀਆਂ ਆਗਾਮੀ ਨਗਰ ਚੋਣਾਂ ਲਈ ਹੋਨਵੀਰ ਸਿੰਘ ਰੰਧਾਵਾ ਦੇ ਚੋਣੀ ਏਜੰਡੇ ਦਾ ਹਿੱਸਾ ਮੰਨਿਆ ਜਾ ਰਿਹਾ ਹੈ।



















# ਗਦਰ ਪਾਰਟੀ ਦੇ ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ ਬੱਬਰ ਦੀ ਯਾਦ ਵਿੱਚ ਦੂਜਾ ਮੈਮੋਰੀਅਲ ਟੂਰਨਾਮੈਂਟ 28 ਤੋਂ 30 ਅਗਸਤ ਤੱਕ



**ਐਬਟਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ)** - ਖਾਲਸਾ ਦੀਵਾਨ ਸੁਸਾਇਟੀ ਅੱਬੋਟਸਫੋਰਡ ਵੱਲੋਂ ਗਦਰ ਪਾਰਟੀ ਦੇ ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ ਬੱਬਰ ਦੀ ਯਾਦ ਨੂੰ ਸਮਰਪਿਤ ਦੂਜਾ ਮੈਮੋਰੀਅਲ ਟੂਰਨਾਮੈਂਟ 28, 29 ਅਤੇ 30 ਅਗਸਤ 2026 (ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ) ਨੂੰ ਕਰਵਾਇਆ ਜਾ ਰਿਹਾ ਹੈ। ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਜਿੰਦਰ ਸਿੰਘ ਢਿੱਲੋ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਤਿੰਨ ਦਿਨਾਂ ਖੇਡ ਸਮਾਗਮ ਦੌਰਾਨ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਫੀਲਡ ਹਾਕੀ, ਸਾਕਰ (ਫੁੱਟਬਾਲ), ਬਾਸਕੇਟਬਾਲ, ਕੁਸ਼ਤੀ, ਸ਼ੂਟਿੰਗ, ਵਾਲੀਬਾਲ, ਸਮੈਸ਼ਿੰਗ ਵਾਲੀਬਾਲ, ਸੀਨੀਅਰ ਦੌੜ ਅਤੇ ਟੱਗ ਆਫ ਵਾਰ (ਰੱਸਾਕਸ਼ੀ) ਸ਼ਾਮਲ ਹਨ।

ਪ੍ਰਬੰਧਕਾਂ ਨੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਇਹ ਟੂਰਨਾਮੈਂਟ ਨਾ ਸਿਰਫ਼ ਖੇਡਾਂ ਨੂੰ ਉਤਸ਼ਾਹਿਤ ਕਰੇਗਾ, ਸਗੋਂ ਗਦਰ ਲਹਿਰ ਦੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਨੂੰ ਵੀ ਯਾਦ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਇਹ ਟੂਰਨਾਮੈਂਟ W. J. Mouat Secondary School, 32355 Mouat Drive, ਅੱਬੋਟਸਫੋਰਡ ਵਿਖੇ ਆਯੋਜਿਤ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ 778-552-8484 ਜਾਂ 604-850-7338 'ਤੇ ਸੰਪਰਕ ਕੀਤਾ ਜਾ ਸਕਦਾਙ

# ਐਬਟਸਫੋਰਡ ਵਿੱਚ ਵੋਲਵਰਿਨਜ਼ ਕੱਪ 2026 ਦਾ ਸਫਲ ਆਯੋਜਨ

## ਵੂਲਵਰੀਨਜ਼ ਸਪੋਰਟਸ ਕਲੱਬ ਵੱਲੋਂ ਕਰਵਾਏ ਟੂਰਨਾਮੈਂਟ ਵਿੱਚ 40 ਤੋਂ ਵੱਧ ਟੀਮਾਂ ਨੇ ਲਿਆ ਹਿੱਸਾ





**ਅੱਬੋਟਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ )** ਦਸ਼ਮੇਸ਼ ਪੰਜਾਬੀ ਸਕੂਲ ਐਬਟਸਫੋਰਡ ਦੀਆਂ ਖੇਡ ਗਰਾਊਂਡਾਂ ਵਿੱਚ ਆਯੋਜਿਤ ਹਾਕੀ ਟੂਰਨਾਮੈਂਟ ਵਿੱਚ ਅੰਡਰ-8 ਤੋਂ ਅੰਡਰ-16 ਉਮਰ ਵਰਗ ਦੇ ਲੜਕਿਆਂ ਅਤੇ ਲੜਕੀਆਂ ਸਮੇਤ 40 ਤੋਂ ਵੱਧ ਟੀਮਾਂ ਨੇ ਭਾਗ ਲਿਆ। 40 ਪਲੱਸ ਵਰਗ ਸਮੇਤ ਵੱਖ-ਵੱਖ ਸ਼੍ਰੇਣੀਆਂ ਦੇ ਮੁਕਾਬਲਿਆਂ ਦੌਰਾਨ ਖਿਡਾਰੀਆਂ ਨੇ ਉੱਚ ਪੱਧਰੀ ਖੇਡ ਦਾ ਪ੍ਰਦਰਸ਼ਨ ਕਰਦਿਆਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।40 ਪਲੱਸ ਵਰਗ ਦੇ ਫਾਈਨਲ ਮੁਕਾਬਲੇ ਵਿੱਚ ਐਡਮੰਟਨ ਟਾਈਟਨਜ਼ ਅਤੇ ਅਕਾਲ ਵਾਰੀਅਰਜ਼ ਕੈਲਗਰੀ ਦੀਆਂ ਟੀਮਾਂ ਆਮਨੇ-ਸਾਮਨੇ ਹੋਈਆਂ। ਰੋਮਾਂਚਕ ਮੁਕਾਬਲੇ ਤੋਂ ਬਾਅਦ ਅਕਾਲ ਵਾਰੀਅਰਜ਼ ਕੈਲਗਰੀ ਨੇ ਜਿੱਤ ਦਰਜ ਕਰਕੇ ਖਿਤਾਬ ਆਪਣੇ ਨਾਮ ਕੀਤਾ।ਅੰਡਰ-16 ਵਰਗ ਦੇ ਫਾਈਨਲ ਵਿੱਚ ਵੂਲਵਰੀਨਜ਼ ਅਤੇ ਪੰਜਾਬ ਸਪੋਰਟਸ ਕੈਲਗਰੀ ਵਿਚਾਲੇ ਮੁਕਾਬਲਾ ਹੋਇਆ, ਜਿਸ ਵਿੱਚ ਵੂਲਵਰੀਨਜ਼



ਦੀ ਟੀਮ ਜੇਤੂ ਰਹੀ।ਅੰਡਰ-14 ਵਰਗ ਦੇ ਫਾਈਨਲ ਵਿੱਚ ਵੂਲਵਰੀਨਜ਼ ਰੈੱਡ ਅਤੇ ਪੰਜਾਬ ਸਪੋਰਟਸ ਗ੍ਰੀਨ ਦੀਆਂ ਟੀਮਾਂ ਭਿੜੀਆਂ। ਇਸ ਮੁਕਾਬਲੇ ਵਿੱਚ ਵੀ ਵੂਲਵਰੀਨਜ਼ ਰੈੱਡ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਲ ਕੀਤੀ।ਮਹਿਲਾ ਓਪਨ ਵਰਗ ਦੇ ਫਾਈਨਲ ਵਿੱਚ ਵੂਲਵਰੀਨਜ਼ ਅਤੇ ਚਿਲੀਵੈਕ ਪਿੰਕ ਪੈਂਥਰਜ਼ ਵਿਚਾਲੇ ਦਿਲਚਸਪ ਮੁਕਾਬਲਾ ਹੋਇਆ, ਜਿਸ ਵਿੱਚ ਪਿੰਕ ਪੈਂਥਰਜ਼ ਨੇ ਜਿੱਤ ਦਰਜ ਕਰਕੇ ਚੈਂਪੀਅਨਸ਼ਿਪ ਆਪਣੇ ਨਾਮ ਕੀਤੀ।ਟੂਰਨਾਮੈਂਟ ਦੌਰਾਨ ਵੱਖ-ਵੱਖ ਵਰਗਾਂ ਦੇ ਸਰਵੋਤਮ ਖਿਡਾਰੀਆਂ ਨਵਿੱਚ 40 ਪਲੱਸ ਵਰਗ: ਰੋਹਿਤ (ਅਕਾਲ ਵਾਰੀਅਰਜ਼), ਅੰਡਰ-16 ਵਰਗ: ਅਰਸ਼ ਧਾਲੀਵਾਲ ਤੇ ਅੰਡਰ-14 ਵਰਗ: ਅੰਗਦ ਵਿਰਕ ਨੂੰ ਐਮ.ਵੀ.ਪੀ. (Most Valuable Player) ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਟੂਰਨਾਮੈਂਟ ਦੀ ਸਫਲਤਾ ਵਿੱਚ ਕਲੱਬ ਦੇ ਪ੍ਰਧਾਨ ਜਸਦੇਵ ਸਿੰਘ ਜੱਸ ਅਤੇ ਕੋਚ ਜਗਦੀਸ਼ ਸਿੰਘ ਗਿੱਲ ਦੀ ਵਿਸ਼ੇਸ਼ ਭੂਮਿਕਾ ਰਹੀ। ਇਸ ਤੋਂ ਇਲਾਵਾ ਕਲੱਬ ਮੈਂਬਰਾਂ ਹਰਮਿੰਦਰ ਸਿੰਘ ਗਿੱਲ , ਹਰਸਿਮਰਨ ਸਿੰਘ ਮਾਂਗਟ , ਅਮਰੀਕ ਸਿੰਘ , ਹਰਮਨ ਸਿੰਘ , ਟੇਰੀ ਧਾਲੀਵਾਲ , ਰਾਜਵਿੰਦਰ ਸਿੰਘ ਸੰਧੂ , ਅਮਨ ਭਾਮਰਾ ਅਤੇ ਰਮਨਦੀਪ ਸਿੰਘ ਗਿੱਲ ਨੇ ਵੀ ਟੂਰਨਾਮੈਂਟ ਦੇ ਸੁਚੱਜੇ ਪ੍ਰਬੰਧਾਂ ਲਈ ਮਹੱਤਵਪੂਰਨ ਯੋਗਦਾਨ ਪਾਇਆ। ਟੂਰਨਾਮੈਂਟ ਦੌਰਾਨ ਖਿਡਾਰੀਆਂ, ਕੋਚਾਂ ਅਤੇ ਦਰਸ਼ਕਾਂ ਵੱਲੋਂ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਿਆ ਅਤੇ ਸਮਾਗਮ ਨੇ ਭਾਈਚਾਰੇ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਨੂੰ ਹੋਰ ਮਜ਼ਬੂਤ ਕੀਤਾ।

# ਅਚੀਵਿੰਗ ਫਾਰ ਡੈਲਟਾ ਵੱਲੋਂ ਨਾਰਥ ਡੈਲਟਾ ਚੋਣ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ

## ਜਾਰਜ ਹਾਰਵੀ ਦੀ ਟੀਮ ਨੇ ਡੈਲਟਾ ਨਗਰ ਚੋਣਾਂ ਲਈ ਉਮੀਦਵਾਰ ਐਲਾਨੇ



**ਸਰੀ/ਡੈਲਟਾ, (ਮਹੇਸ਼ਇੰਦਰ ਸਿੰਘ ਮਾਂਗਟ)** ਡੈਲਟਾ ਦੇ ਮੌਜੂਦਾ ਮੇਅਰ George Harive ਦੀ ਅਗਵਾਈ ਹੇਠ ਅਚੀਵਿੰਗ ਫਾਰ ਡੈਲਟਾ (Achieving for Delta) ਨੇ 7 ਜੂਨ ਨੂੰ ਸਰੀ ਦੇ ਤਾਜ ਪਾਰਕ ਕਨਵੈਂਸ਼ਨ ਸੈਂਟਰ ਵਿੱਚ ਆਪਣੀ ਨਾਰਥ ਡੈਲਟਾ ਚੋਣ ਮੁਹਿੰਮ ਦਾ ਅਧਿਕਾਰਕ ਆਗਾਜ਼ ਕੀਤਾ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਮਰਥਕਾਂ, ਭਾਈਚਾਰਕ ਆਗੂਆਂ ਅਤੇ ਸਥਾਨਕ ਨਿਵਾਸੀਆਂ ਨੇ ਸ਼ਮੂਲੀਅਤ ਕਰਕੇ ਟੀਮ ਨੂੰ ਆਪਣਾ ਸਮਰਥਨ ਦਿੱਤਾ।ਚੋਣ ਮੁਹਿੰਮ ਦੀ ਸ਼ੁਰੂਆਤ ਦੌਰਾਨ ਮੇਅਰ ਜਾਰਜ ਹਾਰਵੀ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਡੈਲਟਾ ਦੇ ਵਿਕਾਸ, ਜਨ ਸੁਰੱਖਿਆ, ਬੁਨਿਆਦੀ ਢਾਂਚੇ, ਪਾਰਕਾਂ ਅਤੇ ਕਮਿਊਨਿਟੀ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਕੀਤੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਡੈਲਟਾ ਦੇ ਨਿਵਾਸੀਆਂ ਲਈ ਹੋਰ ਬਿਹਤਰ ਮੌਕੇ ਪੈਦਾ ਕੀਤੇ ਜਾਣਗੇ।ਅਚੀਵਿੰਗ ਫਾਰ ਡੈਲਟਾ ਨੇ ਇਸ ਸਾਲ ਦੀਆਂ ਨਗਰ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਟੀਮ ਵੀ ਪੇਸ਼ ਕੀਤੀ ਹੈ, ਜਿਸ ਵਿੱਚ ਮੌਜੂਦਾ ਕੌਂਸਲਰਾਂ ਅਤੇ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਪਾਰਟੀ ਦਾ ਦਾਅਵਾ ਹੈ ਕਿ ਉਸ ਦੀ ਟੀਮ ਕੋਲ ਤਜਰਬੇ ਅਤੇ ਨਵੀਂ ਸੋਚ ਦਾ ਸੰਤੁਲਨ ਹੈ ਜੋ ਡੈਲਟਾ ਦੇ ਭਵਿੱਖ ਲਈ ਮਹੱਤਵਪੂਰਨ ਸਾਬਤ ਹੋਵੇਗਾ।

ਇਸ ਮੌਕੇ ਨਿੰਮੀ ਡੌਲਾ ਨੇ ਚੜਦੀਕਲਾ ਟਾਈਮ ਟੀਵੀ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਉਹ ਪਿਛਲੇ 4 ਸਾਲਾਂ ਤੋਂ ਡੈਲਟਾ ਸਕੂਲ ਬੋਰਡ ਟਰੱਸਟੀ ਵੱਲੋਂ ਸੇਵਾਨਿਭਾ ਰਹੇ ਹਨ ਤੇ ਗ ਏ ੋ ਰ ਗ ਏ ਹ ੳ ਰ ਵਿ ਏ ਦੇ ਨ ਾ ਲ ੳਚਹਿਏਵਿਨਗ ਡੋਰ ਦਏਲਟੳ ੲਲੲਚਟੋਿਨ ਵਿੱਚ ਖੜ੍ਹੇ ਹੋਏ ਹਨ ਤੇ ਕਿਹਾ ਕਿ ਉਹ ਬਹੁਤ ਕੁਝ ਨਵਾਂ ਕਰਨਾ ਚਾਹੁੰਦੇ ਹਨ ਤੇ ਬਹੁਤ ਸਾਰੇ ਸੁਧਾਰ ਵੀ ਕਰਨਗੇ। ਨਿੰਮੀ ਡੌਲਾ ਨੇ ਖਾਸ ਤੌਰ ’ਤੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਚੋਣਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਅਚੀਵਿੰਗ ਫਾਰ ਡੈਲਟਾ ਦੀ ਟੀਮ ਦਾ ਸਮਰਥਨ ਕਰਨ।ਇਕਜੋਤ ਸੰਧੂ ਜੋ ਕਿ ਸਿਟੀ ਕੌਂਸਲ ਦੇ ਕੈਂਡੀਡੇਟ ਵਜੋਂ ਖੜੇ ਹਨ ਉਹਨਾਂ ਨੇ ਵੀ ਸਮਰਥਨ ਦੀ ਮੰਗ ਕੀਤੀ। ਸਮਾਗਮ ਦੇ ਅੰਤ ਵਿੱਚ ਟੀਮ ਦੇ ਮੈਂਬਰਾਂ ਨੇ ਲੋਕਾਂ ਨਾਲ ਮੁਲਾਕਾਤ ਕਰਕੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਉਣ ਵਾਲੀਆਂ ਚੋਣਾਂ ਲਈ ਸਮਰਥਨ ਮੰਗਿਆ ਅਤੇ ਸਮਾਗਮ ਦੌਰਾਨ ਹਾਜ਼ਰ ਸਮਰਥਕਾਂ ਨੇ ਚੋਣ ਮੁਹਿੰਮ ਲਈ ਉਤਸ਼ਾਹ ਜ਼ਾਹਰ ਕੀਤਾ ਅਤੇ ਟੀਮ ਨੂੰ ਆਉਣ ਵਾਲੀਆਂ ਨਗਰ ਚੋਣਾਂ ਵਿੱਚ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਅਚੀਵਿੰਗ ਫਾਰ ਡੈਲਟਾ ਦੀ ਇਹ ਰੈਲੀ ਆਉਣ ਵਾਲੀਆਂ ਨਗਰ ਚੋਣਾਂ ਲਈ ਪਾਰਟੀ ਦੀ ਮੁਹਿੰਮ ਦਾ ਮਹੱਤਵਪੂਰਨ ਪੜਾਅ ਮੰਨੀ ਜਾ ਰਹੀ ਹੈ।ਦੱਸਣਯੋਗ ਹੈ ਕਿ ਮੇਅਰ ਲਈ ਜਾਰਜ ਹਾਰਵੀ ਮੁੜ ਚੋਣ ਮੈਦਾਨ ਵਿੱਚ ਹਨ, ਜਦਕਿ ਸਿਟੀ ਕੌਂਸਲ ਲਈ ਅਲੀਸ਼ੀਆ ਗੁਇਚਨ, ਨਿਕ ਕੈਨਾਕੋਸ, ਜੈਸੀ ਦੋਸਾਂਝ, ਇਕਜੋਤ ਸੰਧੂ, ਜੈਨੀਫਰ ਕੈਸਰ ਅਤੇ ਸੋਨਿਆ ਸੈਂਗਸਟਰ ਨੂੰ ਉਮੀਦਵਾਰ ਵਜੋਂ ਪੇਸ਼ ਕੀਤਾ ਗਿਆ ਹੈ।ਸਕੂਲ ਬੋਰਡ ਲਈ ਐਰਿਕਾ ਬੇਅਰਡ, ਉਮੇਂਦਰਾ ਸਿੰਘ, ਜੋ ਮਿਊਗੋ, ਸਾਗਰ ਸੰਘੇੜਾ, ਨਿੰਮੀ ਡੌਲਾ, ਨੇਨਾਹ ਸੈਂਡੀ ਅਤੇ ਰਿਕ ਓਸ਼ਨ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ।


# ਇੰਡੋ-ਕੈਨੇਡੀਅਨ ਯੂਥ ਕਲੱਬ ਐਬਟਸਫੋਰਡ ਵੱਲੋਂ 18 ਜੁਲਾਈ ਨੂੰ ਸ਼ਾਨਦਾਰ ਪੰਜਾਬੀ ਮੇਲੇ ਦਾ ਆਯੋਜਨ

## ਪੰਜਾਬੀ ਗਾਇਕਾਂ ਅਤੇ ਕਲਾਕਾਰਾਂ ਦੀ ਮੌਜੂਦਗੀ ਨਾਲ ਰੰਗਾਂ ਭਰਿਆ ਹੋਵੇਗਾ ਐਬਟਸਫੋਰਡ ਦਾ ਮੇਲਾ




**ਐਬਟਸਫੋਰਡ ( ਮਹੇਸ਼ਇੰਦਰ ਸਿੰਘ ਮਾਂਗਟ) -** ਇੰਡੋ-ਕੈਨੇਡੀਅਨ ਯੂਥ ਕਲੱਬ ਐਬਟਸਫੋਰਡ ਵੱਲੋਂ 18 ਜੁਲਾਈ 2026, ਦਿਨ ਸ਼ਨੀਵਾਰ ਨੂੰ ਇੱਕ ਵਿਸ਼ਾਲ ਪੰਜਾਬੀ ਸੱਭਿਆਚਾਰਕ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਮੇਲਾ ਰੋਟਰੀ ਸਟੇਡੀਅਮ, ਐਬਟਸਫੋਰਡ ਵਿਖੇ ਦੁਪਹਿਰ 12 ਵਜੇ ਤੋਂ ਸ਼ਾਮ 8 ਵਜੇ ਤੱਕ ਲੱਗੇਗਾ। ਸਮਾਗਮ ਵਿੱਚ ਦਾਖਲਾ ਪੂਰੀ ਤਰ੍ਹਾਂ ਮੁਫ਼ਤ ਹੋਵੇਗਾ ਅਤੇ ਹਰ ਵਰਗ ਦੇ ਲੋਕਾਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।ਮੇਲੇ ਦੌਰਾਨ ਪੰਜਾਬੀ ਗਾਇਕੀ ਅਤੇ ਸੱਭਿਆਚਾਰ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ, ਜਿਸ ਵਿੱਚ ਪ੍ਰਸਿੱਧ ਗਾਇਕਾ ਕੌਰ ਬੀ, ਗੁਰਤੇਜ ਸਿੰਘ ਤੇਜਾ, ਲੱਟੀ ਔਲਖ, ਹੈਰੀ ਸੰਧੂ, ਗੋਰਾ ਚੱਕ ਵਾਲਾ, ਜੌਨ ਬੇਦੀ, ਦੀਪਾ ਬਿਲਾਸਪੁਰ ਅਤੇ ਇਕਨੂਰ ਧਾਲੀਵਾਲ ਆਪਣੀ ਕਲਾ ਦਾ ਜਾਦੂ ਬਿਖੇਰਨਗੇ। ਇਸ ਤੋਂ ਇਲਾਵਾ ਦੋਗਾਣਾ ਜੋੜੀ ਹਰਿੰਦਰ ਸੰਧੂ ਤੇ ਅਮਨਦੀਪ ਕੌਰ/ਸੁਰਿੰਦਰ ਮਾਨ ਅਤੇ ਕਰਮਜੀਤ ਕਮੋ ਵੀ ਸੱਭਿਆਚਾਰਕ ਗਾਇਕੀ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ।ਸਮਾਗਮ ਵਿੱਚ ਲਾਈਵ ਮਿਊਜ਼ਿਕ, ਡੀਜੇ, ਵੱਖ-ਵੱਖ ਖਾਣ-ਪੀਣ ਦੇ ਸਟਾਲ, ਸੱਭਿਆਚਾਰਕ ਪ੍ਰਦਰਸ਼ਨ, ਬੱਚਿਆਂ ਲਈ ਖਾਸ ਕਿਡਜ਼ ਜ਼ੋਨ, ਸ਼ਾਪਿੰਗ ਵਿਲੇਜ ਅਤੇ ਪਰਿਵਾਰਕ ਮਨੋਰੰਜਨ ਦੇ ਅਨੇਕ ਪ੍ਰਬੰਧ ਕੀਤੇ ਗਏ ਹਨ। ਪ੍ਰਬੰਧਕਾਂ ਅਨੁਸਾਰ ਇਹ ਮੇਲਾ ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਭਾਈਚਾਰਕ ਏਕਤਾ ਨੂੰ ਪ੍ਰਫੁੱਲਤ ਕਰਨ ਲਈ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਪਰਿਵਾਰਾਂ ਸਮੇਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ। ਸਮਾਗਮ ਸਬੰਧੀ ਹੋਰ ਜਾਣਕਾਰੀ ਲਈ ਜੋਧਾ ਚੱਕਰ (604-825-8315), ਸੁੱਖਾ ਸ਼ੇਰਪੁਰ (778-779-0300) ਅਤੇ ਹਰਵਿੰਦਰ ਤੂਰ (604-825-3839) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਅਲਵਿਦਾ ਨਹੀਂ, ਯਾਦਾਂ ਵਿੱਚ ਹਾਜ਼ਰ ਰਹੇਗਾ ਸਵਰਨ ਸਿੰਘ ਭੰਗੂ ਵੀਰ



**ਗੁਰਭਜਨ ਗਿੱਲ:** “ਧਰਤੀ ਅੰਬਰ ਹੁੰਗਾਰਾ ਭਰਦੇ ਸਨ ਸਵਰਨ ਸਿੰਘ ਭੰਗੂ ਦੀ ਆਵਾਜ਼ ਨੂੰ। ਉਸ ਨੇ ਇਹ ਸ਼ਕਤੀ ਆਪਣੇ ਸਬਰ ਸਿਦਕ ਸੰਤੋਖ ਤੇ ਸਮਰਪਣ ਨਾਲ ਕਮਾਈ ਸੀ।” ਅੱਜ ਹੀ ਡੈਲਸ ਵੱਸਦੀ ਸ਼ਾਇਰ ਜਸਬੀਰ ਕੌਰ ਮੈਨੂੰ ਕਹਿ ਰਹੀ ਸੀ। ਮੈਂ ਅੱਖਰ ਅੱਖਰ ਸਹਿਮਤ ਹਾਂ ਉਸ ਦੀ ਗੱਲ ਨਾਲ।

ਵਕਤ ਦਾ ਦਰਿਆ ਪਹਿਲਾਂ ਸਮਰਾਲੇ ਵਾਲੇ ਮਾਸਟਰ ਤਰਲੋਚਨ ਸਿੰਘ ਨੂੰ ਲੈ ਗਿਆ, ਫਿਰ ਮਾਛੀਵਾੜਿਉਂ ਸੁਖਜੀਤ ਨੂੰ ਤੇ ਹੁਣ ਸਵਰਨ ਨੂੰ। ਇਹ ਨਵਾਂ ਹੀ ਢਾਹਾ ਬਣ ਗਿਆ। ਸਾਡੇ ਤਿੰਨ ਹੀਰੇ ਦਰਿਆ ਬੁਰਦ ਹੋ ਗਏ।

ਸੁਪਨਿਆਂ ਵਿੱਚ ਨਵੇਂ ਨਵੇਲੇ ਰੰਗ ਭਰਦਾ ਭਰਦਾ ਸਵਰਨ ਸਿੰਘ ਭੰਗੂ ਸਦੀਵੀ ਅਲਵਿਦਾ ਤਾਂ ਕਹਿ ਗਿਆ ਪਰ ਜਾਣ ਲੱਗਾ ਬਹੁਤ ਸਟਲ ਸੁਨੇਹੇ ਦੇ ਗਿਆ।

ਕਹਿ ਗਿਆ ਕਿ ਹਰ ਪਲ ਨੂੰ ਸਾਰਥਕ ਕਾਰਜਾਂ ਲਈ ਵਰਤੋ। ਬਾਵਾ ਬਲਵੰਤ ਦੀ ਕਵਿਤਾ ਵਾਲਾ ਸੁਨੇਹਾ ਕਿ ਜੇ ਮੌਤ ਨੇ ਤੁਹਾਨੂੰ ਇੱਕ ਪਲ ਵੀ ਤਿਆਰੀ ਲਈ ਨਹੀਂ ਦੇਣਾ ਤਾਂ ਚੰਗੀ ਭਲੀ ਜ਼ਿੰਦਗੀ ਨੂੰ ਮੌਤ ਕਿਉਂ ਰੀਤਾ ਜਾਵੇ।

ਸੁਪਨਾ ਲਵੋ ਤਾਂ ਸਮੂਹ ਲਈ, ਵਿਅਕਤੀਗਤ ਸੁਪਨੇ ਤੁਹਾਨੂੰ ਸਮੂਹ ਤੋਂ ਨਿਖੇੜਦੇ ਨੇ।

ਕਹਿ ਗਿਆ ਕਿ ਚੌਂਕ ਵਿੱਚ ਚੌਮੁਖੀਏ ਚਿਰਾਗ ਵਾਂਗ ਜਗੋ, ਆਪੋ ਆਪਣੇ ਘਰ ਨੂੰ ਤਾਂ ਹਰ ਕੋਈ ਰੁਸ਼ਨਾਉਂਦਾ ਹੈ।

ਮੂੰਹ ਹਨ੍ਹੇਰੇ ਕਿੰਨੀ ਅਣ ਲਿਖੀ ਇਬਾਰਤ ਸਾਡੇ ਸਨਮੁਖ ਧਰ ਗਿਆ। ਤੁਸੀਂ ਸ਼ਭ ਗਟਰ ਵਿੱਚ ਹੋ? ਕਦੋਂ ਨਿਕਲੋਗੈ ਤੇ ਬਾਕੀਆਂ ਨੂੰ ਕੱਢੋਗੇ।

ਚਮਕੌਰ ਸਾਹਿਬ ਸਵਾਲ ਕਰਦਾ ਹੈ ਸਾਨੂੰ ਸਭ ਨੂੰ, ਕੌਣ ਭਰੇਗਾ ਉਸ ਦਾ ਖ਼ਲਾਅ ।

ਉਸ ਦੇ ਵਾਹੇ ਨਕਸ਼ਿਆਂ ਵਿੱਚ ਕੌਣ ਰੰਗ ਭਰੇਗਾ?

ਉਸ ਪੱਤਰਕਾਰੀ ਕੀਤੀ ਤਾਂ ਨਿਵੇਕਲੀ। ਲੋਕ ਸਮੱਸਿਆਵਾਂ ਨੂੰ ਹਕੂਮਤੀ ਦਰਬਾਰਾਂ ਸਨਮੁੱਖ ਕਲਮ ਰਾਹੀਂ ਪੇਸ਼ ਕੀਤਾ।

ਸਵਰਨ ਸਿੰਘ ਭੰਗੂ ਨਾਲ ਮੇਰੀ ਮੁਲਾਕਾਤ ਤਾਂ ਚੋਖੀ ਪੁਰਾਣੀ ਸੀ ਪਰ ਨਿਕਟਵਰਤੀ ਲੰਮੀ ਮੁਲਾਕਾਤ ਡੈਲਸ(ਅਮਰੀਕਾ) ਵੱਸਦੀ ਸ਼ਾਇਰਾ ਜਸਬੀਰ ਕੌਰ ਨੇ ਕਰਵਾਈ 2024 ਨਵੰਬਰ ਵਿੱਚ। ਜਸਬੀਰ ਨਾਲ ਸਵਰਨ ਤੇ ਉਸਦੀ ਜੀਵਨ ਸਾਥਣ ਗੁਰਪ੍ਰੀਤ ਕੌਰ ਭੰਗੂ ਵੀ ਸਾਡੇ ਘਰ ਆਏ। ਪ੍ਰੋ ਰਵਿੰਦਰ ਭੱਠਲ ਤੇ ਡਾ. ਸੁਰਿੰਦਰ ਕੌਰ ਭੱਠਲ ਨਾਲ।

ਗੁਰਪ੍ਰੀਤ ਭੰਗੂ ਪਹਿਲਾਂ ਭਾ ਜੀ ਗੁਰਸ਼ਰਨ ਸਿੰਘ ਨਾਲ ਨਾਟਕਾਂ ਵਿੱਚ ਕੰਮ ਕਰਦੀ ਸੀ ਪਰ ਹੁਣ ਲੰਮੇ ਸਮੇਂ ਤੋਂ ਪੰਜਾਬੀ ਫ਼ਿਲਮਾਂ ਵਿੱਚ ਸਮਰੱਥ ਕਲਾਕਾਰ ਵਜੋਂ ਹਾਜ਼ਰ ਹੈ।

ਸਵਰਨ ਅਗਾਂਹਵਧੂ ਸੋਚ ਕਾਰਨ ਤਰਕਸ਼ੀਲ ਲਹਿਰ, ਪੰਜਾਬ ਲੋਕ ਸੱਭਿਆਚਾਰ ਮੰਚ ਤੇ ਕਈ ਹੋਰ ਸੰਸਥਾਵਾਂ ਲਈ ਕੰਮ ਕਰਦਾ ਸੀ।

ਪੇਂਡੂ ਸਿੱਖਿਆ ਦੇ ਖੇਤਰ ਵਿੱਚ ਸਵਰਨ ਸਿੰਘ ਭੰਗੂ ਮਾਡਲ ਦੀ ਮਿਸਾਲ ਡਾਂ ਮਨਮੋਹਨ ਸਿੰਘ ਆਈ ਏ ਐੱਸ ਤੇ ਡਾ. ਕੁਲਦੀਪ ਸਿੰਘ ਵਰਗੇ ਵੱਡੇ ਸਿੱਖਿਆ ਸ਼ਾਸਤਰੀ ਦਿੰਦੇ ਹਨ।

ਮੈਂ ਆਪ ਉਸ ਦੇ ਬੱਸੀ ਗੁੱਜਰਾਂ ਵਿੱਚ ਚਲਾਏ ਜਾ ਰਹੇ ਸਾਲਾਨਾ ਸਮਾਗਮ ਵਿੱਚ 2024 ਦੇ ਇੱਕ ਸਿਆਲ ਆਪਣੇ ਮਿੱਤਰਾਂ ਦਿਲਬਾਗ ਸਿੰਘ ਭੱਟੀ ਤੇ ਗੁਰਨਾਮ ਸਿੰਘ ਧਾਲੀਵਾਲ ਸਮੇਤ ਸ਼ਾਮਲ ਹੋਇਆ ਸਾਂ। ਫਿਰ ਮਿਲਣ ਦੀ ਇਕਰਾਰ ਕਰਕੇ ਨਿੱਖੜਿਆ ਪਰ ਉਹ ਫਿਰ ਹੁਣ ਕਦੇ ਨਹੀਂ ਆਵੇਗੀ।

ਸਵਰਨ ਦੇ ਵਟਸਐਪ ਵਿੱਚ ਕੁਲਵੰਤ ਨੀਲੋਂ ਦਾ ਲਿਖਿਆ ਸ਼ਿਅਰ ਹੁਣ ਵੀ ਲਗਾਤਾਰ ਪੜ੍ਹ ਰਿਹਾ ਹਾਂ।

ਤੂੰ ਠੋਕਰਾਂ ‘ਚੋਂ ਠੋਸ ਇਰਾਦੇ ਨੂੰ ਜਨਮ ਦੇਹ,
ਸੌ ਵਾਰ ਤੈਨੂੰ ਆਖਿਐ ਹੌਕਾ ਨਹੀਂ ਭਰੀਦਾ।

ਸਵਰਨ ਸਿੰਘ ਭੰਗੂ ਤੇ ਉਸ ਦੀ ਜੀਵਨ ਸਾਥਣ ਗੁਰਪ੍ਰੀਤ ਭੰਗੂ ਪਰੂੰ ਪਰਾਰ ਲਾਹੌਰ ਗਏ ਤਾਂ ਲੋਕ ਮਨਾਂ ਤੇ ਪੈੜਾਂ ਪਾ ਕੇ ਆਏ। ਸਹਿਜਪ੍ਰੀਤ ਮਾਂਗਟ ਦੱਸ ਰਿਹਾ ਸੀ ਕਿ ਆਪਣੀ ਗਹਿਰ ਗੰਭੀਰਤਾ ਤੇ ਸਾਦਗੀ ਕਾਰਨ ਉਨ੍ਹਾਂ ਬੜਾ ਜੱਸ ਖੱਟਿਆ।

ਸਵਰਨ ਦੇ ਜਾਣ ਕੇ ਮੈਂ ਆਪਣੀ ਇਹ ਗ਼ਜ਼ਲ ਉਸ ਦੇ ਨਾਮ ਕਰਦਾ ਹਾਂ।

ਖ਼ੁਸ਼ਬੂ ਦਾ ਫੁੱਲ ਤੂੰ ਵਿਛੜਨਾ,
ਕੀ ਕਹਿਰ ਕਰ ਗਿਆ ।
ਖਿੜਿਆ ਗੁਲਾਬ,
ਆਪਣੇ ਰੰਗਾਂ ਤੋਂ ਡਰ ਗਿਆ ।
ਸ਼ਬਦਾਂ ਨੂੰ ਇਮਤਿਹਾਨ ਵਿੱਚ
ਪਾਇਆ ਹੈ ਵਕਤ ਨੇ,
ਸਿਦਕਾਂ ਦੀ ਪਰਖ ਵਾਸਤੇ,
ਤਵੀਆਂ ’ਤੇ ਕਰ ਗਿਆ ।
ਹੰਝੂ ਦਾ ਅੱਖ ‘ਚ ਠਹਿਰਨਾ,
ਆਉਣਾ ਨਾ ਬਾਹਰ ਨੂੰ,
ਧੜਕਣ ਨੂੰ ਏਹੀ ਹਾਦਸਾ,
ਪੱਥਰ ਹੈ ਕਰ ਗਿਆ ।
ਆਇਆ ਤੂਫ਼ਾਨ, ਆਣ ਕੇ,
ਰੁਕਿਆ ਨਾ ਅਟਕਿਆ,
ਬਸਤੀ ਉਜਾੜ ਤੁਰ ਗਿਆ,
ਖੰਡਰ ਹੈ ਕਰ ਗਿਆ ।
ਕਿੱਥੇ ਬਿਰਾਜਮਾਨ ਹੈਂ ਤੂੰ, ਿ
ਦਲ ਦੇ ਮਹਿਰਮਾ, ਦੇ ਜਾ ਉਧਾਰਾ ਜ਼ਖਮ
ਇੱਕ, ਪਹਿਲਾ ਤਾਂ ਭਰ ਗਿਆ ।
ਗ਼ਰਜ਼ਾਂ ਦੇ ਡੂੰਘੇ ਸਾਗਰੀਂ, ਤੂੰ ਤੈਰਿਆ ਨਹੀਂ,
ਜਿਹੜਾ ਵੀ ਲਾਸ਼ ਬਣ ਗਿਆ, ਉਹੀ ਏ ਤਰ
ਗਿਆ ।
ਤੇਰੀ ਰਜ਼ਾ ਕਮਾਲ ਹੈ, ਬੇ-ਰਹਿਮ ਐ ਨਿਜ਼ਾਮ,
ਬਾਗਾਂ ‘ਚੋਂ ਫੁੱਲ ਤੋੜ ਕੇ, ਸਿਵਿਆਂ ਤੇ ਧਰ
ਗਿਆ ।

# ਸੰਪਾਦਕੀ

## ਵਿਕਾਸ ਦੀ ਦੌੜ ਮਹਿੰਗਾਈ ਦਾ ਬੋਝ



ਭੂ-ਰਾਜਨੀਤਿਕ ਤਣਾਅ, ਕੱਚੇ ਤੇਲ ਦੀਆਂ ਅਸਥਿਰ ਕੀਮਤਾਂ, ਵਪਾਰਕ ਰਸਤਿਆਂ ਵਿੱਚ ਆ ਰਹੀਆਂ ਰੁਕਾਵਟਾਂ ਅਤੇ ਵਿਸ਼ਵ ਪੱਧਰ ’ਤੇ ਮੰਗ ਵਿੱਚ ਆਈ ਕਮੀ ਕਾਰਨ ਸੰਸਾਰ ਦੀਆਂ ਅਰਥਵਿਵਸਥਾਵਾਂ ਇੱਕ ਅਨਿਸ਼ਚਿਤ ਦੌਰ ਵਿੱਚੋਂ ਲੰਘ ਰਹੀਆਂ ਹਨ। ਅਜਿਹੇ ਹਾਲਾਤਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਰਥਿਕ ਸਲਾਹਕਾਰ ਕੌਂਸਲ ਨਾਲ ਦੇਸ਼ ਦੀ ਆਰਥਿਕਤਾ ਦੀ ਸਮੀਖਿਆ ਕੀਤੀ ਗਈ ਹੈ। ਭਾਰਤ ਲਈ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਵਿਕਾਸ ਦੀ ਰਫ਼ਤਾਰ ਨੂੰ ਕਾਇਮ ਰੱਖਣ ਦੇ ਨਾਲ-ਨਾਲ ਆਮ ਲੋਕਾਂ ਨੂੰ ਬਾਹਰੀ ਝਟਕਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਦੀ ਹੈ।

ਇਨ੍ਹਾਂ ਚੁਣੌਤੀਆਂ ਦਾ ਅਸਰ ਹੁਣ ਘਰੇਲੂ ਪੱਧਰ ’ਤੇ ਵੀ ਨਜ਼ਰ ਆਉਣ ਲੱਗਾ ਹੈ। ਪਿਛਲੇ ਮਹੀਨੇ ਦੇ ਵਾਧੇ ਤੋਂ ਬਾਅਦ ਘਰੇਲੂ ਐੱਲਪੀਜੀ ਸਿਲੰਡਰ ਦੀ ਕੀਮਤ ਵਿੱਚ 29 ਰੁਪਏ ਦਾ ਹੋਰ ਵਾਧਾ ਹੋ ਗਿਆ ਹੈ। ਇਸ ਕਾਰਨ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਪਰਿਵਾਰਾਂ ਉੱਤੇ ਆਰਥਿਕ ਬੋਝ ਹੋਰ ਵਧ ਗਿਆ ਹੈ। ਰਸੋਈ ਗੈਸ ਹਰ ਘਰ ਦੀ ਇੱਕ ਬੁਨਿਆਦੀ ਲੋੜ ਹੈ ਅਤੇ ਇਸ ਦੀਆਂ ਵਧਦੀਆਂ ਕੀਮਤਾਂ ਸਿੱਧੇ ਤੌਰ ’ਤੇ ਪਰਿਵਾਰਾਂ ਦੇ ਬਜਟ ਅਤੇ ਖ਼ਰੀਦ ਸਮਰੱਥਾ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਦੇ ਨਾਲ-ਨਾਲ ਮਹਿੰਗਾਈ ਦੇ ਦਬਾਅ ਵਿੱਚ ਹੋਰ ਵਾਧੇ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ।

ਇਸ ਦੇ ਬਾਵਜੂਦ ਭਾਰਤੀ ਅਰਥਵਿਵਸਥਾ ਕਈ ਪੱਖਾਂ ਤੋਂ ਮਜ਼ਬੂਤ ਸਥਿਤੀ ਵਿੱਚ ਹੈ। ਦੇਸ਼ ਦੇ ਅੰਦਰ ਮਜ਼ਬੂਤ ਖਪਤ, ਬੁਨਿਆਦੀ ਢਾਂਚੇ ’ਤੇ ਵੱਡੇ ਪੱਧਰ ਦੇ ਨਿਵੇਸ਼ ਅਤੇ ਡਿਜੀਟਲ ਅਰਥਵਿਵਸਥਾ ਦੇ ਲਗਾਤਾਰ ਵਿਸਥਾਰ ਨੇ ਵਿਕਾਸ ਦੀ ਗਤੀ ਨੂੰ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਹਾਲਾਂਕਿ ਇਸ ਮਜ਼ਬੂਤੀ ਨੂੰ ਸਥਾਈ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਕੱਚੇ ਤੇਲ ਦੀਆਂ ਵਧ ਰਹੀਆਂ ਕੀਮਤਾਂ ਦੇਸ਼ ਦੇ ਦਰਾਮਦ ਬਿੱਲ ਅਤੇ ਰੁਪਏ ਉੱਤੇ ਦਬਾਅ ਵਧਾ ਰਹੀਆਂ ਹਨ।

ਇਨ੍ਹਾਂ ਹਾਲਾਤਾਂ ਨਾਲ ਨਜਿੱਠਣ ਲਈ ਭਾਰਤੀ ਰਿਜ਼ਰਵ ਬੈਂਕ ਨੇ ਵਿਦੇਸ਼ੀ ਸੰਸਥਾਗਤ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਾਸਤੇ ਕਈ ਕਦਮ ਚੁੱਕੇ ਹਨ। ਨਿਵੇਸ਼ ਨਿਯਮਾਂ ਨੂੰ ਸਰਲ ਬਣਾਉਣ ਅਤੇ ਵਿਦੇਸ਼ੀ ਪੂੰਜੀ ਦੇ ਪ੍ਰਵਾਹ ਨੂੰ ਵਧਾਉਣ ਦੇ ਯਤਨਾਂ ਦਾ ਉਦੇਸ਼ ਬਾਹਰੀ ਸਥਿਰਤਾ ਨੂੰ ਮਜ਼ਬੂਤ ਕਰਨਾ, ਰੁਪਏ ਨੂੰ ਸਹਾਰਾ ਦੇਣਾ ਅਤੇ ਵਿੱਤੀ ਪ੍ਰਣਾਲੀ ਵਿੱਚ ਲੋੜੀਂਦੀ ਨਕਦੀ ਨੂੰ ਯਕੀਨੀ ਬਣਾਉਣਾ ਹੈ। ਇਹ ਕਦਮ ਵਿਕਾਸ ਨੂੰ ਪ੍ਰਭਾਵਿਤ ਕੀਤੇ ਬਿਨਾਂ ਆਰਥਿਕ ਸਥਿਰਤਾ ਨੂੰ ਕਾਇਮ ਰੱਖਣ ਦੀ ਵੱਡੀ ਰਣਨੀਤੀ ਦਾ ਹਿੱਸਾ ਹਨ।

ਨੀਤੀ ਨਿਰਧਾਰਕਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਮਹਿੰਗਾਈ ’ਤੇ ਕਾਬੂ ਪਾਉਂਦੇ ਹੋਏ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਪ੍ਰਭਾਵਿਤ ਹੋਣ ਤੋਂ ਬਚਾਉਣ ਦੀ ਹੈ। ਇਸ ਲਈ ਸਰਕਾਰੀ ਖ਼ਰਚਿਆਂ ਵਿੱਚ ਅਨੁਸ਼ਾਸਨ, ਲੋੜਵੰਦ ਪਰਿਵਾਰਾਂ ਤੱਕ ਸਿੱਧੀ ਮਦਦ ਦੀ ਪਹੁੰਚ ਅਤੇ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਨੂੰ ਲਗਾਤਾਰ ਜਾਰੀ ਰੱਖਣਾ ਸਮੇਂ ਦੀ ਲੋੜ ਬਣ ਗਿਆ ਹੈ।

# ਮੁਫ਼ਤ ਸਰਕਾਰੀ ਸਹੂਲਤਾਂ






ਪਿਛਲੇ ਕੁਝ ਸਮੇਂ ਤੋਂ ਸਾਹਮਣੇ ਆਇਆ ਹੈ ਕਿ ਚੋਣਾਂ ਤੋਂ ਪਹਿਲਾਂ ਸਰਕਾਰਾਂ (ਸੂਬਾ ਤੇ ਕੇਂਦਰ ਸਰਕਾਰ ਦੋਵੇਂ) ਲੋਕਾਂ ਨੂੰ ਮੁਫ਼ਤ ਸਹੂਲਤਾਂ, ਨਕਦ ਰਾਸ਼ੀ ਅਤੇ ਸਬਸਿਡੀਆਂ ਦੇਣ ਦੇ ਵਾਅਦੇ ਕਰਦੀਆਂ ਹਨ ਜਾਂ ਲਾਭਪਾਤਰੀਆਂ ਦੀ ਪੜਤਾਲ ਕੀਤੇ ਬਿਨਾਂ ਹੀ ਕਈ ਵਾਰ ਇਹ ਸਹੂਲਤਾਂ ਦੇ ਵੀ ਦਿੱਤੀਆਂ ਜਾਂਦੀਆਂ ਹਨ।

ਦੇਸ਼ ਦੀ ਸਰਬਉੱਚ ਅਦਾਲਤ, ਸੁਪਰੀਮ ਕੋਰਟ ਨੇ 19 ਫਰਵਰੀ ਨੂੰ ਸੂਬਾ ਸਰਕਾਰਾਂ ਵੱਲੋਂ ਅੰਨ੍ਹੇਵਾਹ ਮੁਫ਼ਤ ਸਹੂਲਤਾਂ/ਸਮੱਗਰੀ/ਨਕਦ ਰਾਸ਼ੀ/ਸਬਸਿਡੀਆਂ ਆਦਿ ਵੰਡਣ ’ਤੇ ਚਿੰਤਾ ਜ਼ਾਹਰ ਕਰਦਿਆਂ ਸੂਬਾ ਸਰਕਾਰਾਂ ਨੂੰ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ ਹੈ। ਸੁਪਰੀਮ ਕੋਰਟ ਨੇ ਸਵਾਲ ਕੀਤਾ ਹੈ ਕਿ ਕੀ ਉਹ ਚੋਣਾਂ ਤੋਂ ਪਹਿਲਾਂ ਸਰਕਾਰੀ ਖਜ਼ਾਨੇ ਬਾਰੇ ਬਿਨਾਂ ਸੋਚੇ ਵੋਟਰਾਂ ਨੂੰ ਲੁਭਾਉਣ/ਭਰਮਾਉਣ ਵਾਲੀ ਨੀਤੀ ਦੀ ਪਾਲਣਾ ਕਰ ਰਹੇ ਹਨ। ਮਾਣਯੋਗ ਅਦਾਲਤ ਨੇ ਇਹ ਵੀ ਸਲਾਹ ਦਿੱਤੀ ਹੈ ਕਿ ਮੁਫ਼ਤ ਸਹੂਲਤਾਂ ਦੇਣ ਦੀ ਥਾਂ ਸਰਕਾਰਾਂ ਆਮ ਲੋਕਾਂ ਨੂੰ ਲਾਭਕਾਰੀ ਰੁਜ਼ਗਾਰ ਮੁਹੱਈਆ ਕਰਵਾਉਣ ਵੱਲ ਧਿਆਨ ਦੇਣ। ਮੁਫ਼ਤ ਸਹੂਲਤਾਂ ਅਤੇ ਬੇਲੋੜੀਆਂ ਸਬਸਿਡੀਆਂ ਦੀ ਗੱਲ ਕਰੀਏ ਤਾਂ ਪੰਜਾਬ ਇਸ ਮਾਮਲੇ ਵਿੱਚ ਦੇਸ਼ ਦੇ ਮੋਹਰੀ ਸੂਬਿਆਂ ’ਚ ਆਉਂਦਾ ਹੈ। ਸੂਬਾ ਸਰਕਾਰਾਂ ਨੂੰ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਪੰਜਾਬ ਵਿੱਚ ਭਾਵੇਂ ਕਈ ਕਿਸਮ ਦੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਵਿੱਚ ਪਿਛਲੇ ਲੰਮੇ ਅਰਸੇ ਤੋਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ ਹੈ। 1996 ਵਿੱਚ ਕਾਂਗਰਸ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖਰੀ ਮਹੀਨਿਆਂ ਵਿੱਚ ਛੋਟੀ ਕਿਸਾਨੀ ਨੂੰ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ ’ਤੇ ਬਿਜਲੀ ਦਿੱਤੀ ਸੀ। 1997 ਵਿੱਚ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਬਣਨ ’ਤੇ ਸਾਰੇ ਕਿਸਾਨਾਂ ਲਈ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 ਵਿੱਚ ਕਾਂਗਰਸ ਸਰਕਾਰ ਆਉਣ ’ਤੇ 2003-2006 ਤੱਕ ਇਸ ਸਹੂਲਤ ਨੂੰ ਬੰਦ ਕਰ ਦਿੱਤਾ ਗਿਆ ਅਤੇ ਜਲਦੀ ਹੀ 2006 ਵਿੱਚ ਇਸ ਨੂੰ ਮੁੜ ਲਾਗੂ ਕੀਤਾ ਗਿਆ। 2007 ਵਿੱਚ ਇੱਕ ਵਾਰ ਫਿਰ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਬਣੀ ਤੇ ਇਸ ਸਹੂਲਤ ਨੂੰ ਬਰਕਰਾਰ ਰੱਖਿਆ ਗਿਆ। ਇਸ ਦੇ ਨਾਲ ਹੀ ਦਲਿਤਾਂ ਨੂੰ ਘਰਾਂ ਲਈ 200 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਸਨਅਤਾਂ ਦੇ ਕੁਝ ਵਰਗਾਂ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ। 2017 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ’ਤੇ ਇਹ ਸਾਰੀਆਂ ਸਹੂਲਤਾਂ ਜਾਰੀ ਰੱਖੀਆਂ ਗਈਆਂ। 2022 ਵਿੱਚ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਬਣਨ ’ਤੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਹੀ ਨਹੀਂ ਰਹੀਆਂ ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ ਵਿੱਚ 300 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ ਗਈ।

ਅੱਜਕੱਲ੍ਹ ਸੂਬੇ ਵਿਚ ਲਗਭਗ ਛੇ ਕਿਸਮ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ-ਖੇਤੀ ਸੈਕਟਰ ਦੀ ਸਬਸਿਡੀ, ਘਰੇਲੂ 300 ਯੂਨਿਟਾਂ ਪ੍ਰਤੀ ਮਹੀਨਾ ਸਬਸਿਡੀ, 7 ਕਿਲੋਵਾਟ ਤੱਕ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ, ਛੋਟੀਆਂ ਪਾਵਰ ਸਨਅਤਾਂ ਲਈ ਸਬਸਿਡੀ, ਦਰਮਿਆਨੀਆਂ ਪਾਵਰ ਸਨਅਤਾਂ ਲਈ ਸਬਸਿਡੀ ਅਤੇ ਵੱਡੀਆਂ ਪਾਵਰ ਸਨਅਤਾਂ ਲਈ ਸਬਸਿਡੀ। ਇਨ੍ਹਾਂ ਸਾਰੀਆਂ ਸਬਸਿਡੀਆਂ ਉਤੇ ਸਰਕਾਰ ਅੱਜਕੱਲ੍ਹ ਤਕਰੀਬਨ 22 ਤੋਂ 24 ਹਜ਼ਾਰ ਕਰੋੜ ਰੁਪਏ ਸਾਲਾਨਾ ਖਰਚ ਕਰ ਰਹੀ ਹੈ, ਜੋ ਸਰਕਾਰ ਦੀ ਸਾਲਾਨਾ ਆਮਦਨ ਦਾ ਤਕਰੀਬਨ 18-20 ਫ਼ੀਸਦ ਬਣਦਾ ਹੈ। 1996 ਵਿੱਚ ਸ਼ੁਰੂ ਕੀਤੀ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਬਿਜਲੀ ਸਬਸਿਡੀਆਂ ’ਤੇ ਸਾਲਾਨਾ ਖਰਚ ਲਗਪਗ 900 ਕਰੋੜ ਰੁਪਏ ਤੋਂ ਵਧ ਕੇ ਹੁਣ ਲਗਪਗ 22 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਜਾਵੇਗਾ, ਜੋ ਸੂਬੇ ਦੀ ਸਾਲਾਨਾ ਆਮਦਨ ਦਾ 19-20 ਫ਼ੀਸਦ ਹੋਵੇਗਾ। ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ 43,600 ਕਰੋੜ ਰੁਪਏ ਅਤੇ 2020-2021 ਤੱਕ 1,18,000 ਕਰੋੜ ਰੁਪਏ ਖਰਚ ਕੀਤੇ ਹਨ ਅਤੇ ਅੰਦਾਜ਼ਿਆਂ ਮੁਤਾਬਕ 1996 ਤੋਂ 2025 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉੱਤੇ ਲਗਪਗ 1,75,000 ਕਰੋੜ ਰੁਪਏ ਤੋਂ ਵੱਧ ਖ਼ਰਚਾ ਹੋਇਆ ਹੈ।

ਇਸੇ ਤਰ੍ਹਾਂ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦੀ ਗੱਲ ਕਰੀਏ ਤਾਂ ਸਰਕਾਰ ਨੇ ਅਪਰੈਲ 2021 ਵਿੱਚ ਇਹ ਸਕੀਮ ਸ਼ੁਰੂ ਕੀਤੀ ਸੀ। ਪੰਜਾਬ ਸਰਕਾਰ ਨੇ 2024-25 ਦੇ ਬਜਟ ਵਿੱਚ ਔਰਤਾਂ ਦੀ ਮੁਫ਼ਤ ਬੱਸ ਯਾਤਰਾ ਯੋਜਨਾ ਲਈ 450 ਕਰੋੜ ਰੁਪਏ ਅਲਾਟ ਕੀਤੇ ਹਨ, ਪਰ ਜ਼ਿਆਦਾ ਵਰਤੋਂ ਕਾਰਨ ਅਸਲ ਸਾਲਾਨਾ ਖਰਚਾ ਲਗਪਗ 800 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਮਾਰਚ 2022 ਤੋਂ ਜੁਲਾਈ 2024 ਤੱਕ ਇਸ ਯੋਜਨਾ ਨੇ ਸੂਬੇ ਨੂੰ 1,548 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ 32.46 ਕਰੋੜ ਤੋਂ ਵੱਧ ਯਾਤਰਾਵਾਂ ਦੀ ਸਹੂਲਤ ਦਿੱਤੀ ਹੈ। ਇਸ ਤੋਂ ਸਪੱਸ਼ਟ ਹੈ ਕਿ ਸੂਬਾ ਇਸ ਮੁਫ਼ਤ ਸਹੂਲਤ ਉਤੇ ਹੁਣ ਤੱਕ ਕਾਫ਼ੀ ਵੱਡੀ ਰਕਮ ਖਰਚ ਚੁੱਕਿਆ ਹੈ ਅਤੇ ਜੇ ਇਹ ਸਕੀਮ ਅੱਗੇ ਲਾਗੂ ਰਹਿੰਦੀ ਹੈ ਤਾਂ ਇਹ ਖਰਚਾ ਹੋਰ ਵਧਣਾ ਲਾਜ਼ਮੀ ਹੈ।


ਸਰਕਾਰ ਵੱਲੋਂ ਹਾਲ ਹੀ ਵਿੱਚ ਐਲਾਨੀ ਗਈ ‘ਮੇਰੀ ਰਸੋਈ ਸਕੀਮ’, ਜੋ ਪਹਿਲੀ ਅਪਰੈਲ 2026 ਤੋਂ ਲਾਗੂ ਹੋਵੇਗੀ, ਤਹਿਤ ਸੂਬੇ ਦੇ 40 ਲੱਖ ਪਰਿਵਾਰਾਂ (ਲਗਪਗ 50 ਫ਼ੀਸਦ ਤੋਂ ਵਧੇਰੇ ਆਬਾਦੀ) ਨੂੰ ਹਰ ਤਿੰਨ ਮਹੀਨਿਆਂ ਬਾਅਦ ਕਣਕ ਨਾਲ ਮੁਫ਼ਤ ਫੂਡ ਕਿੱਟਾਂ ਦਿੱਤੀਆਂ ਜਾਣਗੀਆਂ। ਇਸ ਲਈ ਬਜਟ ਵਿੱਚ 900 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਪੰਜਾਬ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਮਾਣ ਭੱਤਾ ਦੇਣ ਦਾ ਵਾਅਦਾ ਕੀਤਾ ਸੀ। ਪਿਛਲੀਆਂ ਲੋਕ ਸਭਾ ਚੋਣਾਂ ਤੱਕ ਵਾਅਦਾ ਪੂਰਾ ਨਾ ਹੋਣ ਕਾਰਨ, ਚੋਣਾਂ ਵੇਲੇ ਵੋਟਰਾਂ ਵੱਲੋਂ ਸੱਤਾਧਾਰੀ ਪਾਰਟੀ ਅੱਗੇ ਵਾਅਦੇ ਪੂਰੇ ਨਾ ਕਰਨ ਦਾ ਰੋਸ ਕਰਨ ’ਤੇ ਪਾਰਟੀ ਨੇ ਮੁੜ ਵਾਅਦਾ ਕੀਤਾ ਕਿ ਚੋਣਾਂ ਤੋਂ ਬਾਅਦ ਬਹੁਤ ਜਲਦੀ ਹੀ ਪੰਜਾਬ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਨੂੰ 1100 ਰੁਪਏ ਮਾਣ ਭੱਤਾ ਦਿੱਤਾ ਜਾਵੇਗਾ। ਹੁਣ 2026-27 ਦੇ ਬਜਟ ਵਿੱਚ ‘ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ’ ਤਹਿਤ 18 ਸਾਲ ਤੋਂ ਉਪਰ ਦੀਆਂ ਦਲਿਤ ਔਰਤਾਂ ਨੂੰ 1500 ਅਤੇ ਜਰਨਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਹਰ ਮਹੀਨੇ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ । ਇਸ ਲਈ ਬਜਟ ਵਿੱਚ 9300 ਕਰੋੜ ਰੁਪਏ ਰੱਖੇ ਗਏ ਹਨ।

ਜੇਕਰ ਉਪਰੋਕਤ ਮੁਫ਼ਤ ਸਹੂਲਤਾਂ ’ਤੇ ਹੁੰਦੇ ਖਰਚਿਆਂ ਦਾ ਅਨੁਮਾਨ ਲਗਾਈਏ ਤਾਂ ਮੁਫ਼ਤ ਬਿਜਲੀ ਸਹੂਲਤਾਂ ਅਤੇ ਸਬਸਿਡੀਆਂ ’ਤੇ ਸਾਲਾਨਾ 22 ਤੋਂ 23 ਹਜ਼ਾਰ ਕਰੋੜ ਰੁਪਏ, ਲਗਪਗ 1000 ਕਰੋੜ ਰੁਪਏ ਔਰਤਾਂ ਲਈ ਮੁਫ਼ਤ ਬੱਸ ਯਾਤਰਾ ’ਤੇ, ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ 9300 ਕਰੋੜ ਰੁਪਏ ਅਤੇ ਮੇਰੀ ਰਸੋਈ ਸਕੀਮ ਤਹਿਤ 900 ਕਰੋੜ ਰੁਪਏ ਖਰਚ ਆਵੇਗਾ। ਇਨ੍ਹਾਂ ਮੁਫ਼ਤ ਸਹੂਲਤਾਂ ’ਤੇ ਸਾਲਾਨਾ ਬਜਟ ਦਾ 17-18 ਫ਼ੀਸਦ ਹਿੱਸਾ ਖਰਚ ਆਵੇਗਾ। ਇੰਨਾ ਵੱਡਾ ਖਰਚ ਪੰਜਾਬ ਸਰਕਾਰ ਵੱਲੋਂ ਆਪਣੇ ਵਸੀਲਿਆਂ ਤੋਂ ਕਰਨਾ ਸੰਭਵ ਨਹੀਂ, ਸੋ ਇਸ ਲਈ ਸਰਕਾਰ ਨੂੰ ਹੋਰ ਕਰਜ਼ੇ ਲੈਣ ਦੀ ਲੋੜ ਪਵੇਗੀ। ਜਦੋਂ ਅਸੀਂ ਪੰਜਾਬ ਸਿਰ ਚੜ੍ਹੇ ਕਰਜ਼ੇ ’ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਾਰਚ 2024 ਦੇ ਅੰਤ ਵਿੱਚ ਸੂਬੇ ਸਿਰ 3,43,626.39 ਕਰੋੜ ਰੁਪਏ ਕਰਜ਼ਾ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਫ਼ੀਸਦ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨਾਂ ਮੁਤਾਬਿਕ ਕਰਜ਼ਾ ਵਧ ਕੇ ਮਾਰਚ 2025 ਵਿੱਚ 3,74,091.31 ਕਰੋੜ ਰੁਪਏ ਹੋ ਗਿਆ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਫ਼ੀਸਦ ਹੋਵੇਗਾ। ਮਾਰਚ 2026 ਤੱਕ ਇਹ ਕਰਜ਼ਾ ਵਧ ਕੇ 4,17,136.10 ਕਰੋੜ ਰੁਪਏ (46 ਫ਼ੀਸਦ) ਹੋ ਜਾਵੇਗਾ। ਬਜਟ ਅਨੁਮਾਨ ਅਨੁਸਾਰ ਮਾਰਚ 2027 ਤੱਕ ਕਰਜ਼ਾ ਵਧ ਕੇ 4,47,754.78 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਜੇਕਰ ਕਰਜ਼ਾ ਲੈਣ ਦੇ ਰੁਝਾਨ ਨੂੰ ਦੇਖਿਆ ਜਾਏ ਤਾਂ ਲੱਗਦਾ ਹੈ ਚੋਣਾਂ ਦਾ ਸਾਲ ਹੋਣ ਕਾਰਨ ਬਜਟ ਅਨੁਮਾਨਾਂ ਤੋਂ ਵੱਧ ਲਿਆ ਜਾਵੇਗਾ ਕੁੱਲ ਕਰਜ਼ਾ 4,70,000 ਤੋਂ 4,80,000 ਕਰੋੜ ਰੁਪਏ ਹੋ ਜਾਵੇਗਾ। ਅੰਦਾਜ਼ਿਆਂ ਮੁਤਾਬਕ 2027-28 ਕੁੱਲ ਘਰੇਲੂ ਪੈਦਾਵਾਰ ਅਤੇ ਕਰਜ਼ੇ ਦੀ ਅਨੁਪਾਤ 50 ਫ਼ੀਸਦ ਤੱਕ ਅਤੇ 2031 ਤੱਕ 60 ਫ਼ੀਸਦ ਤੱਕ ਚਲਾ ਜਾਵੇਗਾ।

ਜੇਕਰ ਅਗਲੇ ਕੁਝ ਸਾਲਾਂ ਵਿੱਚ ਇਹੀ ਸਥਿਤੀ ਬਣੀ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜਾਲ (ਦਇਬਟ ਟਰਓਪ) ਵਿੱਚ ਬਹੁਤ ਡੂੰਘਾ ਫਸ ਜਾਵੇਗਾ। ਇਸ ਸਮੇਂ ਸੂਬੇ ਦੀ ਕਰਜ਼ੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਅਨੁਪਾਤ ਦੇਸ਼ ਦੇ ਪੰਦਰਾਂ ਮੁੱਖ ਸੂਬਿਆਂ ਵਿੱਚ ਸਭ ਤੋਂ ਵੱਧ ਹੈ, ਜੋ ਕਿ ਇਕ ਗੰਭੀਰ ਮਸਲਾ ਹੈ। ਉਪਰੋਕਤ ਸਥਿਤੀ ਤੋਂ ਬਚਣ ਲਈ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਦੇਸ਼ ਦੀ ਸਰਬਉੱਚ ਅਦਾਲਤ ਵੱਲੋਂ ਪ੍ਰਗਟਾਈਆਂ ਚਿੰਤਾਵਾਂ ਦੇ ਮੱਦੇਨਜ਼ਰ ਕੁਝ ਸਬਕ ਸਿੱਖਣ ਅਤੇ ਲੋਕਾਂ ਦੀ ਬੇਹਤਰੀ ਲਈ ਢੁੱਕਵੇਂ ਫ਼ੈਸਲੇ ਕਰਨ। ਮੁਫ਼ਤ ਸਹੂਲਤਾਂ ਤੇ ਬੇਲੋੜੀਆਂ ਸਬਸਿਡੀਆਂ ਤੋਂ ਬਚਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਥਾਂ ’ਤੇ ਸੂਬੇ ਵਿੱਚ ਨਿਵੇਸ਼ ਵਧਾ ਕੇ ਆਮ ਲੋਕਾਂ ਲਈ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।





# ਖਬਰਨਾਮਾ



## ਜਥੇਦਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਮੰਗ



**ਬੀ ਸੀ ਪੰਜਾਬੀ ਨਿਊਜ਼ :** ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਕੋਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਛੇਤੀ ਖੋਲ੍ਹਣ ਦੀ ਮੰਗ ਕੀਤੀ ਹੈ। ਲਾਂਘਾ ਪਿਛਲੇ ਲਗਪਗ ਇੱਕ ਸਾਲ ਤੋਂ ਬੰਦ ਪਿਆ ਹੋਇਆ ਹੈ, ਜਿਸ ਕਾਰਨ ਸਿੱਖ ਸੰਗਤ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਦਰਸ਼ਨ ਕਰਨ ਤੋਂ ਵਾਂਝੀ ਹੈ।

ਪਹਿਲਗਾਮ ਵਿੱਚ ਯਾਤਰੀਆਂ ’ਤੇ ਹੋਏ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਵਿੱਚ ਆਈ ਕੁੜੱਤਣ ਦੌਰਾਨ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਨਾਲ ਆਵਾਜਾਈ, ਵਪਾਰਕ ਅਤੇ ਕੂਟਨੀਤਿਕ ਸਬੰਧ ਤੋੜ ਲਏ ਗਏ ਸਨ। ਇਸੇ ਤਹਿਤ ਕਰਤਾਰਪੁਰ ਸਾਹਿਬ ਲਾਂਘਾ ਵੀ ਬੰਦ ਕਰ ਦਿੱਤਾ ਗਿਆ ਸੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਚਾਹੀਦਾ ਹੈ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਛੇਤੀ ਖੋਲ੍ਹਿਆ ਜਾਵੇ। ਉਨ੍ਹਾਂ 14 ਸਾਲ ਦੇ ਲੰਮੇ ਸਮੇਂ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭਲਕੇ 10 ਜੂਨ ਨੂੰ ਜਾਣ ਵਾਲੇ ਜਥੇ ਦਾ ਸਵਾਗਤ ਕਰਦਿਆਂ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦਾ ਧੰਨਵਾਦ ਕੀਤਾ ਹੈ।

ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ 1974 ਦੀ ਸਹਿਮਤੀ ਮੁਤਾਬਕ ਹਰ ਸਾਲ ਚਾਰ ਸਿੱਖ ਜਥੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ, ਪਰੰਤੂ ਪੰਚਮ ਪਾਤਸ਼ਾਹ ਦੀ ਸ਼ਹੀਦੀ ਮੌਕੇ ਆਖਰੀ ਜਥਾ ਜੂਨ 2013 ਵਿੱਚ ਗਿਆ ਸੀ।

## ਰਾਸ਼ਟਰਪਤੀ ਵੱਲੋਂ ਮੇਜਰ ਅਰਸ਼ਦੀਪ ਸਿੰਘ ਗਿੱਲ ਨੂੰ ਕੀਰਤੀ ਚੱਕਰ ਨਾਲ ਸਨਮਾਨਿਤ

ਭਾਰਤੀ ਫੌਜ ਦੇ ਬਹਾਦਰ ਅਫਸਰ ਅਤੇ ਮੋਹਾਲੀ ਦੇ ਸੈਕਟਰ 79 ਦੇ ਵਸਨੀਕ ਮੇਜਰ ਅਰਸ਼ਦੀਪ ਸਿੰਘ ਗਿੱਲ ਨੂੰ ਉਨ੍ਹਾਂ ਦੀ ਬੇਮਿਸਾਲ ਬਹਾਦਰੀ ਅਤੇ ਡਿਊਟੀ ਪ੍ਰਤੀ ਸਮਰਪਣ ਲਈ ਦੇਸ਼ ਦੇ ਦੂਜੇ ਸਭ ਤੋਂ ਉੱਚੇ ਸ਼ਾਂਤੀਕਾਲੀਨ ਬਹਾਦਰੀ ਪੁਰਸਕਾਰ 'ਕੀਰਤੀ ਚੱਕਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਰੱਖਿਆ ਨਿਵੇਸ਼ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ।



ਦਿ ਆਰਮਡ ਕੋਰਸ ਅਤੇ 1 ਅਸਾਮ ਰਾਈਫਲਜ਼ ਵਿੱਚ ਤਾਇਨਾਤ ਮੇਜਰ ਅਰਸ਼ਦੀਪ ਸਿੰਘ ਗਿੱਲ ਨੇ ਮਨੀਪੁਰ ਵਿੱਚ ਇੱਕ ਚੁਣੌਤੀਪੂਰਨ ਅਤਿਵਾਦ ਵਿਰੋਧੀ ਮੁਹਿੰਮ ਦੌਰਾਨ ਅਸਧਾਰਨ ਬਹਾਦਰੀ, ਲੀਡਰਸ਼ਿਪ ਅਤੇ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕੀਤਾ। ਲਗਪਗ 84 ਘੰਟੇ ਚੱਲੇ ਇਸ ਆਪਰੇਸ਼ਨ ਦੌਰਾਨ ਉਨ੍ਹਾਂ ਨੇ ਆਪਣੀ ਟੀਮ ਦੀ ਅਗਵਾਈ ਕੀਤੀ ਅਤੇ ਅੱਤਵਾਦੀਆਂ ਖਿਲਾਫ ਸਫਲਤਾਪੂਰਵਕ ਕਾਰਵਾਈ ਕਰਕੇ ਮਿਸ਼ਨ ਨੂੰ ਨੇਪਰੇ ਚਾੜ੍ਹਿਆ। ਫੌਜੀ ਸੂਤਰਾਂ ਅਨੁਸਾਰ, ਮੇਜਰ ਗਿੱਲ ਨੇ ਉਲਟ ਅਤੇ ਬੇਹੱਦ ਖਤਰਨਾਕ ਹਾਲਾਤਾਂ ਦੇ ਬਾਵਜੂਦ ਕਮਾਲ ਦੀ ਹਿੰਮਤ ਅਤੇ ਪੇਸ਼ੇਵਰਤਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਬਹਾਦਰੀ ਭਰੇ ਕੰਮਾਂ ਅਤੇ ਸ਼ਾਨਦਾਰ ਸੇਵਾਵਾਂ ਦੇ ਸਨਮਾਨ ਵਿੱਚ ਉਨ੍ਹਾਂ ਨੂੰ ਕੀਰਤੀ ਚੱਕਰ ਪੁਰਸਕਾਰ ਲਈ ਚੁਣਿਆ ਗਿਆ ਸੀ।

ਇਸ ਪ੍ਰਾਪਤੀ ਨੇ ਪੰਜਾਬ ਅਤੇ ਦੇਸ਼ ਨੂੰ ਮਾਣ ਮਹਿਸੂਸ ਕਰਵਾਇਆ ਹੈ। ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਸ਼ੁਭਚਿੰਤਕਾਂ ਨੇ ਉਨ੍ਹਾਂ ਨੂੰ ਮਿਲੇ ਇਸ ਸਨਮਾਨ 'ਤੇ ਖੁਸ਼ੀ ਅਤੇ ਪ੍ਰਸ਼ੰਸਾ ਪ੍ਰਗਟ ਕੀਤੀ ਹੈ। ਹਥਿਆਰਬੰਦ ਬਲਾਂ ਅਤੇ ਸੁਰੱਖਿਆ ਏਜੰਸੀਆਂ ਨਾਲ ਜੁੜੇ ਅਧਿਕਾਰੀਆਂ ਨੇ ਉਨ੍ਹਾਂ ਦੀ ਇਸ ਪ੍ਰਾਪਤੀ ਨੂੰ ਦੇਸ਼ ਦੇ ਨੌਜਵਾਨਾਂ ਲਈ ਇੱਕ ਪ੍ਰੇਰਣਾਦਾਇਕ ਮਿਸਾਲ ਦੱਸਿਆ ਹੈ।

ਮੇਜਰ ਗਿੱਲ ਦੀ ਇਸ ਮਾਨਤਾ ਨੂੰ ਦੇਸ਼ ਲਈ ਨਿਰਸਵਾਰਥ ਸੇਵਾ, ਸਾਹਸ ਅਤੇ ਅਟੁੱਟ ਵਚਨਬੱਧਤਾ ਦੇ ਪ੍ਰਮਾਣ ਵਜੋਂ ਦੇਖਿਆ ਜਾ ਰਿਹਾ ਹੈ, ਜੋ ਭਾਰਤੀ ਹਥਿਆਰਬੰਦ ਬਲਾਂ ਦੀਆਂ ਉੱਚਤਮ ਪਰੰਪਰਾਵਾਂ ਨੂੰ ਦਰਸਾਉਂਦਾ ਹੈ।

## 400 ਕੇਵੀ ਟਰਾਂਸਮਿਸ਼ਨ ਟਾਵਰ ’ਤੇ ਚੜ੍ਹੇ ਅਪ੍ਰੈਂਟਿਸ—ਹੰਗਾਮਾ



**ਬੀ ਸੀ ਪੰਜਾਬੀ ਨਿਊਜ਼ :** ਸਹਾਇਕ ਲਾਈਨਮੈਨ ਦੀ ਨੌਕਰੀ ਦੀ ਮੰਗ ਤਹਿਤ ਅਪ੍ਰੈਂਟਿਸਸ਼ਿਪ ਵਰਕਰ ਯੂਨੀਅਨ ਦਾ ਇਥੇ ਪਾਵਰਕੌਮ ਦਫ਼ਤਰ ਅੱਗੇ ਚੱਲ ਰਿਹਾ ਪੱਕਾ ਮੋਰਚਾ ਨੌਵੇਂ ਦਿਨ ਵੀ ਜਾਰੀ ਰਿਹਾ। ਯੂਨੀਅਨ ਪ੍ਰਧਾਨ ਸੁਰਿੰਦਰ ਜਲਾਲਾਬਾਦ ਸਮੇਤ ਦਰਜਨ ਭਰ ਆਗੂ ਅੱਜ ਭਵਾਨੀਗੜ੍ਹ ਰੋਡ ’ਤੇ ਸਥਿਤ ਬਲਾਕ ਪਟਿਆਲਾ ਦੇ ਪਿੰਡ ਭੇਡਪੁਰਾ ਵਿਖੇ ਬਿਜਲੀ ਦੇ 400 ਕੇ ਵੀ ਪਾਵਰ ਗਰਿੱਡ ਟਰਾਂਸਮਿਸ਼ਨ ਟਾਵਰ ’ਤੇ ਚੜ੍ਹ ਗਏ। ਉਹ ਟਾਵਰ ਦੀ 50 ਫੁੱਟ ਦੀ ਉਚਾਈ ’ਤੇ ਹਨ ਅਤੇ ਉਥੇ ਬੈਠਣ ਲਈ ਕੋਈ ਢੁੱਕਵੀਂ ਥਾਂ ਨਹੀਂ ਹੈ। ਉਨ੍ਹਾਂ ਉਸਾਰੀ ਵਾਲੀ ਪੈੜ ਬੰਨ੍ਹ ਕੇ ਜੁਗਾੜੂ ਪ੍ਰਬੰਧ ਕਰ ਲਿਆ, ਜੋ ਸੁਰੱਖਿਅਤ ਨਹੀਂ ਹੈ। ਅਧਿਕਾਰੀਆਂ ਦੀਆਂ ਮਿੰਨਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਉਹ ਮੰਗਾਂ ਮੰਨੇ ਜਾਣ ਤੱਕ ਹੇਠਾਂ ਉਤਰਨ ਲਈ ਤਿਆਰ ਨਹੀਂ ਹਨ। ਪ੍ਰਸ਼ਾਸ਼ਨ ਨੇ ਫਾਇਰ ਬ੍ਰਿਗੇਡ ਸਮੇਤ ਹੋਰ ਲੋੜੀਂਦੇ ਪ੍ਰਬੰਧ ਵੀ ਕੀਤੇ ਹੋਏ ਹਨ।

ਸੌ ਦੇ ਕਰੀਬ ਵਰਕਰਾਂ ਨੇ ਟਾਵਰ ਹੇਠਾਂ ਮੋਰਚਾ ਸੰਭਾਲਿਆ ਹੋਇਆ ਹੈ। ਸਿਖਰ ਦੁਪਹਿਰ ਨੂੰ ਟਾਵਰ ’ਤੇ ਚੜ੍ਹਨ ਵਾਲਿਆਂ ’ਚ ਪ੍ਰਧਾਨ ਸੁਰਿੰਦਰ ਜਲਾਲਾਬਾਦ ਸਮੇਤ ਸਤਨਾਮ ਕੋਟਦੂੰਨਾ, ਗੁਰਜੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਵਿਜੈ ਕੁਮਾਰ ਆਦਿ ਸ਼ਾਮਲ ਹਨ। ਉਨ੍ਹਾਂ ਕੋਲ ਮੋਬਾਈਲ ਫੋਨਾਂ ਸਮੇਤ ਖਾਣ-ਪੀਣ ਦਾ ਵੀ ਪ੍ਰਬੰਧ ਹੈ ਪਰ ਪ੍ਰਧਾਨ ਸੁਰਿੰਦਰ ਮਰਨ ਵਰਤ ’ਤੇ ਹੈ। ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਐੱਸ ਐੱਸ ਪੀ ਵਰੁਣ ਸ਼ਰਮਾ ਦੇ ਭਰੋਸੇਮੰਦ ਐੱਸ ਪੀ ਵੈਭਵ ਚੈਧਰੀ ਅਤੇ ਡੀ ਐੱਸ ਪੀ ਫਤਿਹ ਸਿੰਘ ਬਰਾੜ ਆਦਿ ਕਰ ਰਹੇ ਹਨ। ਜ਼ਿਕਰਯੋਗ ਹੈ ਕਿ 2600 ਨੌਜਵਾਨਾਂ ਵੱਲੋਂ ਇਕ ਸਾਲ ਦੀ ਅਪ੍ਰੈਂਟਿਸਸ਼ਿਪ (ਟਰੇਨਿੰਗ) ਵਿਚੋਂ 4 ਮਹੀਨੇ ਪੂਰੇ ਕਰਨ ਦੇ ਬਾਵਜੂਦ ਵੀ ਸਰਕਾਰ ਨੇ ਮਾਰਚ ’ਚ ਅਪ੍ਰੈਂਟਿਸਸ਼ਿਪ ਦੀ ਸ਼ਰਤ ਤੋਂ ਬਿਨਾਂ ਹੀ 3 ਹਜ਼ਾਰ ਸਹਾਇਕ ਲਾਈਨਮੈਨਾਂ ਦੀ ਭਰਤੀ ਸਬੰਧੀ ਸ਼ੁਰੂ ਕੀਤੀ ਗਈ ਪ੍ਰਕਿਰਿਆ ਨੂੰ ਯੂਨੀਅਨ ਨੇ ਇਥੇ ਕਈ ਦਿਨਾਂ ਤੱਕ ਜ਼ਬਰਦਸਤ ਪ੍ਰਦਸ਼ਨ ਕਰ ਕੇ ਰੁਕਵਾਇਆ ਸੀ। ਯੂਨੀਅਨ ਮੁਤਾਬਕ ਸਰਕਾਰ ਨਾਲ ਐਤਕੀਂ ਸਿਰਫ਼ ਛੇ ਮਹੀਨਿਆਂ ਦੀ ਅਪ੍ਰੈਂਟਿਸਸ਼ਿਪ ਕਰਵਾ ਕੇ ਹੀ ਭਰਤੀ ਕਰਨ ’ਤੇ ਸਹਿਮਤੀ ਬਣੀ ਹੈ।

## ਕੈਪਟਨ ਅਮਰਿੰਦਰ ਤੰਦਰੁਸਤ—2027 ਚੋਣਾਂ ’ਚ ਮੈਦਾਨੀ ਪ੍ਰਚਾਰ ਲਈ ਤਿਆਰ!

**ਬੀ ਸੀ ਪੰਜਾਬੀ ਨਿਊਜ਼ :** ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਲੁਧਿਆਣਾ ਦਾ ਦੌਰਾ ਕੀਤਾ। ਆਪਣੇ ਦੌਰੇ ਦੌਰਾਨ ਉਨ੍ਹਾਂ ਕਿਹਾ ਕਿ ਭਾਜਪਾ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਮੁਹਿੰਮ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਮੈਦਾਨ ਵਿੱਚ ਉਤਾਰੇਗੀ। ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਕੈਪਟਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਹੁਣ ਪੂਰੀ ਤਰ੍ਹਾਂ ਫਿੱਟ ਹਨ ਅਤੇ ਜਿੱਥੇ ਵੀ ਪਾਰਟੀ ਉਨ੍ਹਾਂ ਦੀ ਡਿਊਟੀ ਲਗਾਏਗੀ, ਉਹ ਉੱਥੇ ਕੰਮ ਕਰਨਗੇ।

ਢਿੱਲੋਂ ਨੇ ਪੁਸ਼ਟੀ ਕੀਤੀ ਕਿ ਉਹ ਵਿਧਾਨ ਸਭਾ ਚੋਣਾਂ ਵਿੱਚ ਸਰਗਰਮ ਰਹਿਣਗੇ ਅਤੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਇੱਕ ਸੀਨੀਅਰ ਅਤੇ ਤਜ਼ਰਬੇਕਾਰ ਆਗੂ ਹਨ ਅਤੇ ਚੋਣਾਂ ਦੌਰਾਨ ਪਾਰਟੀ ਨੂੰ ਉਨ੍ਹਾਂ ਦੇ ਮਾਰਗਦਰਸ਼ਨ ਦਾ ਲਾਭ ਮਿਲੇਗਾ।




ਢਿੱਲੋਂ ਨੇ ਅੱਗੇ ਦਾਅਵਾ ਕੀਤਾ ਕਿ ਸ਼ਹਿਰੀ ਵੋਟਰ ਭਾਜਪਾ ਦੇ ਨਾਲ ਹਨ, ਜਦਕਿ ਪੇਂਡੂ ਖੇਤਰਾਂ ਲਈ ਇੱਕ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਪਹਿਲਾਂ ਹੀ ਪਿੰਡਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ, "ਕਿਸਾਨਾਂ ਦੀ ਖੁਸ਼ਹਾਲੀ ਤੋਂ ਬਿਨਾਂ ਪੰਜਾਬ ਦੀ ਤਰੱਕੀ ਅਸੰਭਵ ਹੈ ਅਤੇ ਇਸ ਲਈ ਭਾਜਪਾ ਦੇ ਏਜੰਡੇ ਵਿੱਚ ਕਿਸਾਨ ਕੇਂਦਰੀ ਸਥਾਨ ਰੱਖਦੇ ਹਨ," ਅਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਕਿਸਾਨਾਂ ਲਈ ਬਣੀਆਂ ਕੇਂਦਰੀ ਸਕੀਮਾਂ ਨੂੰ ਲਾਗੂ ਨਹੀਂ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਨਾਲ ਸੰਭਾਵਿਤ ਗੱਠਜੋੜ ਬਾਰੇ ਪੁੱਛੇ ਜਾਣ 'ਤੇ ਢਿੱਲੋਂ ਨੇ ਸਪੱਸ਼ਟ ਕੀਤਾ ਕਿ ਭਾਜਪਾ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਭਾਜਪਾ ਦਾ ਸਮਰਥਨ ਆਧਾਰ ਲਗਾਤਾਰ ਵਧ ਰਿਹਾ ਹੈ, ਜੋ ਕਿ ਪੰਚਾਇਤ ਅਤੇ ਨਗਰ ਨਿਗਮ ਚੋਣਾਂ ਵਿੱਚ ਚੰਗੇ ਪ੍ਰਦਰਸ਼ਨ ਤੋਂ ਸਪੱਸ਼ਟ ਹੈ। ਉਨ੍ਹਾਂ ਅੱਗੇ ਕਿਹਾ ਕਿ ਪਿੰਡ ਵਾਸੀ ਵੱਧ ਤੋਂ ਵੱਧ ਭਾਜਪਾ ਦਾ ਸਮਰਥਨ ਕਰ ਰਹੇ ਹਨ ਕਿਉਂਕਿ ਪਾਰਟੀ ਵਰਕਰ ਕੇਂਦਰੀ ਸਕੀਮਾਂ ਬਾਰੇ ਜਾਗਰੂਕਤਾ ਫੈਲਾ ਰਹੇ ਹਨ ਅਤੇ ਲੋਕ ਹੁਣ ਮੰਨਦੇ ਹਨ ਕਿ ਭਾਜਪਾ ਪੰਜਾਬ ਦੇ ਵਿਕਾਸ ਨੂੰ ਯਕੀਨੀ ਬਣਾ ਸਕਦੀ ਹੈ।

ਢਿੱਲੋਂ ਨੇ ਦਿੱਲੀ ਵਿੱਚ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਆਪਣੀ ਮੁਲਾਕਾਤ ਦਾ ਜ਼ਿਕਰ ਕੀਤਾ, ਜਿੱਥੇ ਉਨ੍ਹਾਂ ਨੇ ਕਿਸਾਨਾਂ ਦੇ ਮੁੱਦੇ ਉਠਾਏ। ਉਨ੍ਹਾਂ ਕਿਹਾ, "ਮੈਂ ਇੱਕ ਕਿਸਾਨ ਦਾ ਪੁੱਤਰ ਹਾਂ, ਇਸ ਲਈ ਮੈਂ ਕਿਸਾਨਾਂ ਦੀ ਹਰ ਸਮੱਸਿਆ ਨੂੰ ਸਮਝਦਾ ਹਾਂ।" ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖੇਤੀਬਾੜੀ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਅਤੇ ਕਣਕ ਦੀ ਖੇਤੀ ਤੋਂ ਇਲਾਵਾ ਵਿਭਿੰਨਤਾ ਲਿਆਉਣ ਵਿੱਚ ਮਦਦ ਕਰਨ ਅਤੇ ਹੋਰ ਫਸਲਾਂ ਉਗਾਉਣ ਵਿੱਚ ਉਨ੍ਹਾਂ ਦੀ ਸਹਾਇਤਾ ਕਰਨ।

ਢਿੱਲੋਂ ਨੇ ਇਹ ਵੀ ਜ਼ੋਰ ਦਿੱਤਾ ਕਿ ਭਾਜਪਾ ਕੋਲ ਪੰਜਾਬ ਵਿੱਚ ਗ੍ਰਾਸਰੂਟ ਵਰਕਰਾਂ ਤੋਂ ਲੈ ਕੇ ਸੀਨੀਅਰ ਆਗੂਆਂ ਤੱਕ ਇੱਕ ਵੱਡਾ ਕਾਡਰ ਹੈ। ਦੂਜੀਆਂ ਪਾਰਟੀਆਂ ਤੋਂ ਸ਼ਾਮਲ ਹੋਏ ਆਗੂਆਂ ਨੂੰ ਦਿੱਤੀ ਗਈ ਅਹਿਮੀਅਤ ਨੂੰ ਲੈ ਕੇ ਮੁੱਖ ਭਾਜਪਾ ਆਗੂਆਂ ਵਿੱਚ ਅਸੰਤੁਸ਼ਟੀ ਬਾਰੇ ਪੁੱਛੇ ਜਾਣ 'ਤੇ, ਉਨ੍ਹਾਂ ਜਵਾਬ ਦਿੱਤਾ ਕਿ ਸਾਰੇ ਵਰਕਰ 2027 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਦੇ ਮਿਸ਼ਨ ਨਾਲ ਇੱਕਜੁੱਟ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਾਰਟੀ ਵਿੱਚ ਕੋਈ ਨਾਰਾਜ਼ਗੀ ਨਹੀਂ ਹੈ, ਅਤੇ ਸਾਰੇ ਮਿਲ ਕੇ ਚੋਣਾਂ ਲੜਨਗੇ।

## ਮਜੀਠੀਆ ਵੱਲੋਂ ਅਗਾਊਂ ਜ਼ਮਾਨਤ ਲਈ ਅਰਜ਼ੀ



**ਬੀ ਸੀ ਪੰਜਾਬੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਮਜੀਠਾ ਥਾਣੇ ਵਿੱਚ ਉਸ ਖ਼ਿਲਾਫ਼ ਦਰਜ ਕੇਸ ਵਿੱਚ ਗ੍ਰਿਫ਼ਤਾਰੀ ’ਤੇ ਰੋਕ ਲਾਉਣ ਅਤੇ ਅਗਾਊਂ ਜ਼ਮਾਨਤ ਦੀ ਅਰਜ਼ੀ ਇੱਥੇ ਅੰਮ੍ਰਿਤਸਰ ਜ਼ਿਲ੍ਹਾ ਅਦਾਲਤ ਵਿੱਚ ਦਾਇਰ ਕੀਤੀ ਗਈ ਹੈ, ਜਿਸ ਦੀ ਸੁਣਵਾਈ ਭਲਕੇ 10 ਜੂਨ ਨੂੰ ਹੋਵੇਗੀ। ਇਸ ਸਬੰਧ ਵਿੱਚ ਮਜੀਠਾ ਪੁਲੀਸ ਥਾਣੇ ਵਿੱਚ 31 ਮਈ ਨੂੰ ਕੇਸ ਦਰਜ ਕੀਤਾ ਗਿਆ ਸੀ ਜਿਸ ਵਿੱਚ ਮਜੀਠੀਆ ਤੋਂ ਇਲਾਵਾ ਹੋਰ ਵੀ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ।

ਉਨ੍ਹਾਂ ’ਤੇ ਦੋਸ਼ ਹੈ ਕਿ ਮਜੀਠਾ ਪੁਲੀਸ ਥਾਣੇ ਵਿੱਚ ਦਾਖ਼ਲ ਹੋ ਕੇ ਜਬਰੀ ਇੱਕ ਵਿਅਕਤੀ ਨੂੰ ਛੁਡਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਪੁਲੀਸ ਦੇ ਕੰਮਕਾਜ ਵਿੱਚ ਵਿਘਨ ਪਾਉਣ ਤੋਂ ਇਲਾਵਾ ਹੋਰ ਵੀ ਦੋਸ਼ ਲੱਗੇ ਹਨ।

## ਦਲਿਤ ਪਰਿਵਾਰ ਦੇ ਘਰ ਨੂੰ ਅੱਗ ਲਗਾਉਣ ਦਾ ਮਾਮਲਾ

## ਕੌਮੀ ਐਸ.ਸੀ. ਕਮਿਸ਼ਨ ਵੱਲੋਂ ਜ਼ਿਲ੍ਹਾ ਪੁਲੀਸ ਮੁਖੀ ਨੂੰ ਤੁਰੰਤ ਰਿਪੋਰਟ ਪੇਸ਼ ਕਰਨ ਦੇ ਹੁਕਮ!

**ਬੀ ਸੀ ਪੰਜਾਬੀ ਨਿਊਜ਼ :** ਹਲਕਾ ਖਡੂਰ ਸਾਹਿਬ ਦੇ ਪਿੰਡ ਵੇਈਂਪੂਈਂ ਵਿੱਚ ਇੱਕ ਗਰੀਬ ਦਲਿਤ ਪਰਿਵਾਰ ਦੇ ਘਰ ਨੂੰ ਕਥਿਤ ਤੌਰ 'ਤੇ ਅੱਗ ਲਗਾਉਣ ਅਤੇ ਪੁਲੀਸ ਵੱਲੋਂ ਮੁਲਜ਼ਮਾਂ ਖਿਲਾਫ਼ ਕਾਰਵਾਈ ਨਾ ਕਰਨ ਦੇ ਮਾਮਲੇ ਵਿੱਚ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਦੀ ਸ਼ਿਕਾਇਤ ’ਤੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ (ਨਵੀਂ ਦਿੱਲੀ) ਨੇ ਸਖ਼ਤ ਨੋਟਿਸ ਲਿਆ ਹੈ। ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਬ੍ਰਹਮਪੁਰਾ ਵੱਲੋਂ ਇਸ ਮਾਮਲੇ ਬਾਬਤ ਕੀਤੀ ਗਈ ਪੈਰਵਾਈ ਦੇ ਚੱਲਦਿਆਂ, ਕਮਿਸ਼ਨ ਨੇ ਜ਼ਿਲ੍ਹਾ ਪੁਲੀਸ ਮੁਖੀ ਨੂੰ ਮੁੜ ਨੋਟਿਸ ਜਾਰੀ ਕਰਦਿਆਂ ਪੂਰੇ ਮਾਮਲੇ ਦੀ ਰਿਪੋਰਟ ਇੱਕ ਹਫ਼ਤੇ ਦੇ ਅੰਦਰ-ਅੰਦਰ ਪੇਸ਼ ਕਰਨ ਦੀ ਹਦਾਇਤ ਕੀਤੀ ਹੈ।

ਕਮਿਸ਼ਨ ਨੇ ਸਪਸ਼ਟ ਕੀਤਾ ਹੈ ਕਿ ਪਹਿਲਾਂ 20 ਅਪਰੈਲ 2026 ਅਤੇ ਫਿਰ 7 ਮਈ 2026 ਨੂੰ ਰਿਪੋਰਟ ਮੰਗੇ ਜਾਣ ਦੇ ਬਾਵਜੂਦ ਪੁਲੀਸ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ, ਜਿਸ ਨੂੰ ਬੇਹੱਦ ਗੰਭੀਰਤਾ ਨਾਲ ਲਿਆ ਗਿਆ ਹੈ। ਇਹ ਮਾਮਲਾ ਬੀਬੀ ਦਲਬੀਰ ਕੌਰ ਵਾਸੀ ਵੇਈਂਪੂਈਂ ਦੀ ਸ਼ਿਕਾਇਤ (ਐੱਫ ਆਈ ਆਰ ਨੰਬਰ: 0167, ਮਿਤੀ 01-04-



2026) ਵਿੱਚ ਪੁਲੀਸ ਦੀ ਢਿੱਲੀ ਕਾਰਗੁਜ਼ਾਰੀ ਨਾਲ ਸਬੰਧਤ ਹੈ।

ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦੋਸ਼ ਲਗਾਇਆ ਕਿ ਹਲਕੇ ਵਿੱਚ ਇੱਕ ਨਵਾਂ-ਨਵਾਂ ਬਣਿਆ ਵਿਧਾਇਕ ਆਪਣੀ ਤਾਕਤ ਦੇ ਨਸ਼ੇ ਵਿੱਚ ਇੰਨਾ ਅੰਨ੍ਹਾ ਹੋ ਚੁੱਕਾ ਹੈ ਕਿ ਉਸ ਦੇ ਕਰਿੰਦਿਆਂ ਵੱਲੋਂ ਸ਼ਰੇਆਮ ਗਰੀਬਾਂ ਤੇ ਦਲਿਤ ਪਰਿਵਾਰਾਂ ਨਾਲ ਧੱਕੇਸ਼ਾਹੀ ਕੀਤੀ ਗਈ ਹੈ ਅਤੇ ਇਸ ਮਾਮਲੇ ਵਿੱਚ ਪੁਲੀਸ ਪ੍ਰਸ਼ਾਸਨ ਨੇ ਮੌਜੂਦਾ ਵਿਧਾਇਕ ਦੇ ਇਸ਼ਾਰੇ ’ਤੇ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ।

ਬ੍ਰਹਮਪੁਰਾ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਆਰਟੀਕਲ 338 ਤਹਿਤ ਕੌਮੀ ਕਮਿਸ਼ਨ ਕੋਲ ਇੱਕ ਸਿਵਲ ਕੋਰਟ ਦੀਆਂ ਅਥਾਹ ਸ਼ਕਤੀਆਂ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਕੋਈ ਵੀ ਗੈਰ-ਜ਼ਿੰਮੇਵਾਰ ਅਫ਼ਸਰ ਕਿਸੇ ਸਿਆਸੀ ਕਰਿੰਦੇ ਦੇ ਕਹਿਣ ’ਤੇ ਗਰੀਬਾਂ ’ਤੇ ਅੱਤਿਆਚਾਰ ਕਰਦਾ ਹੈ ਜਾਂ ਪੀੜਤ ਦਲਿਤ ਪਰਿਵਾਰ ’ਤੇ ਜਾਨੀ-ਮਾਲੀ ਦਬਾਅ ਪਾ ਕੇ ਜ਼ਬਰਦਸਤੀ ‘ਰਾਜ਼ੀਨਾਮਾ’ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਕਾਨੂੰਨ ਦੀਆਂ ਨਜ਼ਰਾਂ ਵਿੱਚ ਅਜਿਹੇ ਦਬਾਅ ਹੇਠ ਹੋਏ ਰਾਜ਼ੀਨਾਮੇ ਦੀ ਕੋਈ ਵੁੱਕਤ ਨਹੀਂ ਹੈ।

ਉਨ੍ਹਾਂ ਕਿਹਾ ਕਿ ਕਮਿਸ਼ਨ ਕੋਲ ਅਜਿਹੇ ਅਧਿਕਾਰੀਆਂ ਵਿਰੁੱਧ ਸਿੱਧੀ ਅਤੇ ਸਖ਼ਤ ਕਾਰਵਾਈ ਕਰਨ ਦਾ ਪੂਰਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਜਦੋਂ ਤੱਕ ਪੀੜਤ ਪਰਿਵਾਰ ਨੂੰ ਕਾਨੂੰਨ ਅਤੇ ਸੰਵਿਧਾਨ ਮੁਤਾਬਕ ਪੂਰਨ ਇਨਸਾਫ਼ ਅਤੇ ਬਣਦਾ ਮੁਆਵਜ਼ਾ ਨਹੀਂ ਮਿਲ ਜਾਂਦਾ, ਉਦੋਂ ਤੱਕ ਇਸ ਮਾਮਲੇ ਦੀ ਉੱਚ-ਪੱਧਰੀ ਨਿਗਰਾਨੀ ਜਾਰੀ ਰੱਖੀ ਜਾਵੇਗੀ।

# ਪਾਕ ਕਬਜ਼ੇ ਵਾਲੇ ਕਸ਼ਮੀਰ 'ਚ ਖ਼ੂਨੀ ਝੜਪ—ਸੁਰੱਖਿਆ ਬਲਾਂ ਦੀ ਗੋਲੀਬਾਰੀ ਨਾਲ 30 ਤੋਂ ਵੱਧ ਮੌਤਾਂ, 200 ਜ਼ਖ਼ਮੀ!





**ਬੀ ਸੀ ਪੰਜਾਬੀ ਨਿਊਜ਼ :** ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਹਿੰਸਾ ਹੋਰ ਜ਼ਿਆਦਾ ਵਧ ਗਈ ਹੈ। ਇੱਥੋਂ ਦੇ ਪ੍ਰਦਰਸ਼ਨਕਾਰੀ ਸਮੂਹਾਂ ਨੇ ਦਾਅਵਾ ਕੀਤਾ ਹੈ ਕਿ ਪੂਰੇ ਖੇਤਰ ਵਿੱਚ ਆਰਥਿਕ ਤੰਗੀ, ਪ੍ਰਸ਼ਾਸਨਿਕ ਸਮੱਸਿਆਵਾਂ ਅਤੇ ਸਿਆਸੀ ਨੁਮਾਇੰਦਗੀ ਖ਼ਿਲਾਫ਼ ਚੱਲ ਰਹੇ ਅੰਦੋਲਨ ਨੂੰ ਦਬਾਉਣ ਲਈ ਕੀਤੀ ਗਈ ਸੁਰੱਖਿਆ ਕਾਰਵਾਈ ਦੌਰਾਨ 30 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਲਗਪਗ 200 ਲੋਕ ਜ਼ਖ਼ਮੀ ਹੋਏ ਹਨ।

ਇਹ ਸਾਰਾ ਵਿਵਾਦ 'ਜੁਆਇੰਟ ਅਵਾਮੀ ਐਕਸ਼ਨ ਕਮੇਟੀ' ਦੁਆਲੇ ਘੁੰਮ ਰਿਹਾ ਹੈ। ਇਹ ਆਮ ਲੋਕਾਂ ਦਾ ਇੱਕ ਅਜਿਹਾ ਸੰਗਠਨ ਹੈ, ਜਿਸਨੇ ਮਹਿੰਗਾਈ, ਬਿਜਲੀ ਦੇ ਵਧੇ ਰੇਟਾਂ, ਬੇਰੁਜ਼ਗਾਰੀ ਅਤੇ ਸਿਆਸੀ ਹੱਕਾਂ ਨੂੰ ਲੈ ਕੇ ਅੰਦੋਲਨ ਛੇੜਿਆ ਹੋਇਆ ਹੈ। ਮੰਗਲਵਾਰ ਨੂੰ ਇਸ ਸੰਗਠਨ ਵੱਲੋਂ ਪੂਰੇ ਇਲਾਕੇ ਵਿੱਚ ਹੜਤਾਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ, ਪਰ ਉਸ ਤੋਂ ਪਹਿਲਾਂ ਹੀ ਪ੍ਰਸ਼ਾਸਨ ਨੇ ਇਸ ਸੰਗਠਨ 'ਤੇ ਪਾਬੰਦੀ ਲਗਾ ਦਿੱਤੀ ਅਤੇ ਇਸ ਦੇ ਸਮਰਥਕਾਂ ਉੱਤੇ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਤਣਾਅ ਹੋਰ ਜ਼ਿਆਦਾ ਵਧ ਗਿਆ। ਕੌਮਾਂਤਰੀ ਮੀਡੀਆ ਵੱਲੋਂ ਜਾਰੀ ਸਰਕਾਰੀ ਰਿਪੋਰਟਾਂ ਮੁਤਾਬਕ, ਬੀਤੇ ਸ਼ਨਿੱਚਰਵਾਰ-ਐਤਵਾਰ ਨੂੰ ਰਾਵਲਾਕੋਟ ਇਲਾਕੇ ਵਿੱਚ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਭਾਰੀ ਝੜਪਾਂ ਹੋਈਆਂ। ਇਨ੍ਹਾਂ ਝੜਪਾਂ ਵਿੱਚ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ 70 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਅਧਿਕਾਰੀਆਂ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਾਨ ਗੁਆਉਣ ਵਾਲੇ ਇਨ੍ਹਾਂ ਲੋਕਾਂ ਵਿੱਚ ਆਮ ਨਾਗਰਿਕਾਂ ਦੇ ਨਾਲ-ਨਾਲ ਸੁਰੱਖਿਆ ਕਰਮੀ ਵੀ ਸ਼ਾਮਲ ਹਨ। ਹਾਲਾਂਕਿ, ਜੇ ਏ ਏ ਸੀ ਦੇ ਆਗੂਆਂ ਅਤੇ ਕਾਰਕੁਨਾਂ ਦਾ ਦੋਸ਼ ਹੈ ਕਿ ਅਸਲ ਵਿੱਚ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਰਾਵਲਾਕੋਟ ਵਿੱਚ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਅਤੇ ਸੋਗ ਸਭਾ (ਜਨਾਜ਼ੇ/ਸਸਕਾਰ) ਵਿੱਚ ਸ਼ਾਮਲ ਲੋਕਾਂ 'ਤੇ ਸੁਰੱਖਿਆ ਬਲਾਂ ਨੇ ਅੰਨ੍ਹੇਵਾਹ ਗੋਲੀਬਾਰੀ ਕੀਤੀ, ਜਿਸ ਕਾਰਨ ਦਰਜਨਾਂ ਲੋਕਾਂ ਦੀ ਮੌਤ ਹੋ ਗਈ ਅਤੇ ਸੈਂਕੜੇ ਲੋਕ ਜ਼ਖ਼ਮੀ ਹੋਏ। ਕੁਝ ਰਿਪੋਰਟਾਂ ਮੁਤਾਬਕ ਇਸ ਗੋਲੀਬਾਰੀ ਵਿੱਚ ਮਰਨ ਵਾਲਿਆਂ ਦੀ ਗਿਣਤੀ 30 ਤੋਂ ਪਾਰ ਕਰ ਗਈ ਹੈ ਅਤੇ ਜ਼ਖ਼ਮੀਆਂ ਦਾ ਅੰਕੜਾ ਲਗਪਗ 200 ਦੱਸਿਆ ਜਾ ਰਿਹਾ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਕਈ ਜ਼ਿਲ੍ਹਿਆਂ ਵਿੱਚ ਰੇਂਜਰਸ ਅਤੇ ਪੁਲੀਸ ਯੂਨਿਟਾਂ ਸਮੇਤ ਵਾਧੂ ਸੁਰੱਖਿਆ ਕਰਮੀ ਤਾਇਨਾਤ ਕੀਤੇ ਹਨ। ਇਸ ਤੋਂ ਇਲਾਵਾ ਖੇਤਰ ਦੇ ਕੁਝ ਹਿੱਸਿਆਂ ਵਿੱਚ ਇੰਟਰਨੈੱਟ ਅਤੇ ਡਿਜੀਟਲ ਸੰਚਾਰ ਸੇਵਾਵਾਂ ਨੂੰ ਕਥਿਤ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ।

# ਪੰਜਾਬ 'ਚ ਸਰਕਾਰੀ ਬੱਸਾਂ ਦਾ ਚੱਕਾ ਜਾਮ ਵੋਲਵੋ ਨੂੰ ਹਰੀ ਝੰਡੀ ਮਗਰੋਂ ਮੁਲਾਜ਼ਮ ਭੜਕੇ



**ਬੀ ਸੀ ਪੰਜਾਬੀ ਨਿਊਜ਼ :** ਠੇਕਾ ਮੁਲਾਜ਼ਮਾਂ ਦੀ ਅਣਮਿੱਥੇ ਸਮੇਂ ਦੀ ਹੜਤਾਲ ਕਾਰਨ ਪੰਜਾਬ ਰੋਡਵੇਜ਼ ਅਤੇ ਪਨਬੱਸ ਵੱਲੋਂ ਚਲਾਈਆਂ ਜਾਣ ਵਾਲੀਆਂ ਬੱਸਾਂ ਅੱਜ ਸੜਕਾਂ ਤੋਂ ਦੂਰ ਰਹਿਣਗੀਆਂ, ਜਿਸ ਕਾਰਨ ਅੱਜ ਪੂਰੇ ਪੰਜਾਬ ਵਿੱਚ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਲੋਮੀਟਰ ਸਕੀਮ ਤਹਿਤ ਨਿੱਜੀ (ਪ੍ਰਾਈਵੇਟ) ਬੱਸਾਂ ਨੂੰ ਸ਼ਾਮਲ ਕੀਤੇ ਜਾਣ ਦੇ ਵਿਰੋਧ ਵਿੱਚ ਸ਼ੁਰੂ ਹੋਇਆ ਇਹ ਪ੍ਰਦਰਸ਼ਨ ਦੁਪਹਿਰ 12 ਵਜੇ ਤੋਂ ਪੀ.ਆਰ.ਟੀ.ਸੀ. (ਫ੍ਰਠਛ) ਦੇ ਠੇਕਾ ਡਰਾਈਵਰਾਂ ਅਤੇ ਕੰਡਕਟਰਾਂ ਦੇ ਹੜਤਾਲ ਵਿੱਚ ਸ਼ਾਮਲ ਹੋਣ ਨਾਲ ਹੋਰ ਤੇਜ਼ ਹੋਣ ਦੀ ਉਮੀਦ ਹੈ।

ਇਹ ਹੜਤਾਲ 'ਪੰਜਾਬ ਰੋਡਵੇਜ਼, ਪਨਬੱਸ ਅਤੇ ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ (ਪੰਜਾਬ)' ਦੇ ਬੈਨਰ ਹੇਠ ਬੁਲਾਈ ਗਈ ਹੈ। ਜਲੰਧਰ ਡਿਪੂ-1 ਵਿੱਚ ਯੂਨੀਅਨ ਦੇ ਮੁਖੀ ਬਿਕਰਮ ਸਿੰਘ ਨੇ ਦੱਸਿਆ, "ਇਹ ਹੜਤਾਲ ਪਹਿਲਾਂ 22 ਤੋਂ 24 ਜੂਨ ਤੱਕ ਹੋਣੀ ਤੈਅ ਹੋਈ ਸੀ, ਪਰ ਇਸ ਨੂੰ ਉਸ ਸਮੇਂ ਅੱਗੇ ਵਧਾ ਦਿੱਤਾ ਗਿਆ (ਪਹਿਲਾਂ ਕਰ ਦਿੱਤਾ ਗਿਆ) ਜਦੋਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਦੇ ਰੂਟ ਲਈ ਪਨਬੱਸ ਕਿਲੋਮੀਟਰ ਸਕੀਮ ਅਧੀਨ ਚੱਲਣ ਵਾਲੀਆਂ ਪੰਜ ਵੋਲਵੋ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।"

ਉਨ੍ਹਾਂ ਅੱਗੇ ਕਿਹਾ ਕਿ ਇਸ ਕਦਮ ਨੂੰ ਸਰਕਾਰੀ ਟਰਾਂਸਪੋਰਟ ਖੇਤਰ ਦੇ ਨਿੱਜੀਕਰਨ ਵੱਲ ਇੱਕ ਕਦਮ ਵਜੋਂ ਦੇਖਦਿਆਂ, ਯੂਨੀਅਨ ਨੇ ਇਸ ਮਹੀਨੇ ਦੇ ਅਖ਼ੀਰ ਤੱਕ ਉਡੀਕ ਕਰਨ ਦੀ ਬਜਾਏ ਆਪਣੇ ਵਿਰੋਧ ਨੂੰ ਅੱਗੇ ਵਧਾਉਣ ਅਤੇ 9 ਜੂਨ ਤੋਂ ਹੀ ਅਣਮਿੱਥੇ ਸਮੇਂ ਲਈ ਸੂਬਾ ਵਿਆਪੀ ਹੜਤਾਲ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਮੁਲਾਜ਼ਮ ਯੂਨੀਅਨਾਂ ਨੇ ਕਿਹਾ ਕਿ ਸਰਕਾਰ ਨਾਲ ਪਿਛਲੇ ਦੌਰ ਦੀਆਂ ਗੱਲਬਾਤਾਂ ਦੌਰਾਨ ਉਨ੍ਹਾਂ ਨੇ ਕਿਲੋਮੀਟਰ ਸਕੀਮ ਤਹਿਤ ਨਿੱਜੀ ਬੱਸਾਂ ਦੇ ਸੰਚਾਲਨ ਦਾ ਪੁਰਜ਼ੋਰ ਵਿਰੋਧ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਵਾਰ-ਵਾਰ ਭਰੋਸਾ ਦਿੱਤੇ ਜਾਣ ਦੇ ਬਾਵਜੂਦ ਕਿ ਉਨ੍ਹਾਂ ਦੇ ਖ਼ਦਸ਼ਿਆਂ 'ਤੇ ਵਿਚਾਰ ਕੀਤਾ ਜਾਵੇਗਾ, ਵਿੱਤ ਮੰਤਰੀ ਨੇ ਇਸ ਸਕੀਮ ਤਹਿਤ ਪੰਜ ਵੋਲਵੋ ਬੱਸਾਂ ਨੂੰ ਹਰੀ ਝੰਡੀ ਦਿਖਾ ਦਿੱਤੀ, ਜਿਸ ਕਾਰਨ ਵਰਕਰਾਂ ਨੂੰ ਆਪਣਾ ਅੰਦੋਲਨ ਤੇਜ਼ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਦੀ ਦਲੀਲ ਹੈ ਕਿ ਜਨਤਕ ਟਰਾਂਸਪੋਰਟ ਵਿੱਚ ਨਿੱਜੀ ਆਪਰੇਟਰਾਂ ਨੂੰ ਲਿਆਉਣ ਦੀ ਬਜਾਏ, ਸਰਕਾਰ ਨੂੰ ਹੋਰ ਸਰਕਾਰੀ ਬੱਸਾਂ ਸ਼ਾਮਲ ਕਰਕੇ ਅਤੇ ਖਾਲੀ ਪੋਸਟਾਂ ਨੂੰ ਭਰ ਕੇ ਪਨਬੱਸ ਅਤੇ ਪੀ.ਆਰ.ਟੀ.ਸੀ. ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਠੇਕਾ ਮੁਲਾਜ਼ਮ ਸੇਵਾਵਾਂ ਨੂੰ ਰੈਗੂਲਰ ਕਰਨ, "ਸਮਾਨ ਕੰਮ ਲਈ ਸਮਾਨ ਤਨਖ਼ਾਹ" ਲਾਗੂ ਕਰਨ, ਬਰਖ਼ਾਸਤ ਕੀਤੇ ਮੁਲਾਜ਼ਮਾਂ ਨੂੰ ਬਹਾਲ ਕਰਨ, ਪਿਛਲੇ ਪ੍ਰਦਰਸ਼ਨਾਂ ਦੌਰਾਨ ਦਰਜ ਕੀਤੇ ਗਏ ਕੇਸਾਂ ਨੂੰ ਵਾਪਸ ਲੈਣ ਅਤੇ ਆਊਟਸੋਰਸ ਕੀਤੇ ਵਰਕਰਾਂ ਲਈ ਭਲਾਈ ਲਾਭਾਂ ਵਿੱਚ ਸੁਧਾਰ ਕਰਨ ਦੀ ਮੰਗ ਵੀ ਕਰ ਰਹੇ ਹਨ।

ਯੂਨੀਅਨ ਦੇ ਉਪ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਪ੍ਰਬੰਧਕਾਂ (ਮੈਨੇਜਮੈਂਟ) ਨੇ ਅੱਜ ਸਵੇਰੇ 9 ਵਜੇ ਯੂਨੀਅਨ ਦੇ ਨੁਮਾਇੰਦਿਆਂ ਨੂੰ ਗੱਲਬਾਤ ਲਈ ਬੁਲਾਇਆ ਹੈ। ਉਨ੍ਹਾਂ ਕਿਹਾ, "ਪੀ.ਆਰ.ਟੀ.ਸੀ. ਬੱਸਾਂ ਚਲਾਉਣ ਵਾਲੇ ਡਰਾਈਵਰ ਅਤੇ ਕੰਡਕਟਰ ਦੁਪਹਿਰ 12 ਵਜੇ ਤੋਂ ਹੜਤਾਲ ਵਿੱਚ ਸ਼ਾਮਲ ਹੋਣਗੇ। ਪ੍ਰਬੰਧਕਾਂ ਨਾਲ ਹੋਣ ਵਾਲੀ ਮੀਟਿੰਗ ਤੋਂ ਬਾਅਦ ਸਥਿਤੀ ਹੋਰ ਸਪੱਸ਼ਟ ਹੋ ਜਾਵੇਗੀ।" ਮੁਲਾਜ਼ਮਾਂ ਵੱਲੋਂ ਮੰਗਾਂ ਨਾ ਮੰਨੇ ਜਾਣ 'ਤੇ ਅੰਦੋਲਨ ਹੋਰ ਤੇਜ਼ ਕਰਨ ਦੀ ਚੇਤਾਵਨੀ ਦਿੱਤੇ ਜਾਣ ਕਾਰਨ, ਪੰਜਾਬ ਭਰ ਵਿੱਚ ਬੱਸ ਸੇਵਾਵਾਂ ਪ੍ਰਭਾਵਿਤ ਹੋਣ ਕਰਕੇ ਮੁਸਾਫ਼ਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਨੈਣਾ ਦੇਵੀ ਨੇੜੇ ਜੰਗਲ 'ਚ ਅੱਗ 350 ਸ਼ਰਧਾਲੂ ਸੁਰੱਖਿਅਤ ਬਚਾਏ



**ਬੀ ਸੀ ਪੰਜਾਬੀ ਨਿਊਜ਼ :** ਕਾਂਗੜਾ ਜ਼ਿਲ੍ਹੇ ਦੀ ਨਗਰੋਟਾ ਬਗਵਾਂ ਸਬ-ਡਿਵੀਜ਼ਨ ਦੇ ਪਟਿਆਲਕਰ (ਧਲੂਣ) ਖੇਤਰ ਵਿੱਚ ਸਥਿਤ ਨੈਨਾ ਦੇਵੀ ਮੰਦਰ ਨੂੰ ਜੰਗਲ ਦੀ ਭਿਆਨਕ ਅੱਗ ਨਾਲ ਚਾਰੋਂ ਪਾਸੇ ਘੇਰਨ ਤੋਂ ਬਾਅਦ, ਮੰਗਲਵਾਰ ਰਾਤ ਨੂੰ ਚਲਾਏ ਗਏ ਇੱਕ ਵੱਡੇ ਬਚਾਅ ਕਾਰਜ ਦੌਰਾਨ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਸਮੇਤ ਲਗਪਗ 350 ਸ਼ਰਧਾਲੂਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇਹ ਸ਼ਰਧਾਲੂ ਪਹਾੜੀ ਦੀ ਚੋਟੀ 'ਤੇ ਸਥਿਤ ਮੰਦਰ ਵਿੱਚ ਭੰਡਾਰੇ ਅਤੇ ਜਾਗਰਣ ਲਈ ਇਕੱਠੇ ਹੋਏ ਸਨ, ਜਦੋਂ ਆਲੇ-ਦੁਆਲੇ ਦੇ ਜੰਗਲਾਂ ਵਿੱਚ ਅੱਗ ਲੱਗ ਗਈ। ਦਿਨ ਵੇਲੇ ਲੱਗੀ ਇਹ ਅੱਗ ਸ਼ਾਮ ਤੱਕ ਭਿਆਨਕ ਰੂਪ ਧਾਰਨ ਕਰ ਗਈ, ਜਿਸ ਨੇ ਮੰਦਰ ਨੂੰ ਚਾਰੋਂ ਪਾਸਿਓਂ ਘੇਰ ਲਿਆ ਅਤੇ ਸੈਂਕੜੇ ਲੋਕ ਉੱਥੇ ਫਸ ਗਏ।

ਇਹ ਮੰਦਰ ਸੰਘਣੇ ਜੰਗਲਾਂ ਦੇ ਵਿਚਕਾਰ ਸਥਿਤ ਹੈ ਅਤੇ ਇੱਥੇ ਜਾਣ ਵਾਲੀ ਇਕਲੌਤੀ ਸੜਕ ਜੰਗਲ ਵਿੱਚੋਂ ਲੰਘਦੀ ਹੈ। ਅਧਿਕਾਰੀਆਂ ਅਨੁਸਾਰ, ਸੜਕ ਦੇ ਦੋਵੇਂ ਪਾਸੇ ਲਗਭਗ ਤਿੰਨ ਕਿਲੋਮੀਟਰ ਤੱਕ ਭਿਆਨਕ ਅੱਗ ਭੜਕ ਰਹੀ ਸੀ, ਜਿਸ ਨੇ ਬਾਹਰ ਨਿਕਲਣ ਦਾ ਰਸਤਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਅਤੇ ਸ਼ਰਧਾਲੂ ਉੱਥੇ ਹੀ ਫਸ ਕੇ ਰਹਿ ਗਏ। ਨਗਰੋਟਾ ਬਗਵਾਂ ਦੇ ਐਸ.ਡੀ.ਐਮ. ਮੁਨੀਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਅੱਗ ਬੁਝਾਉਣ ਦਾ ਕੰਮ ਸ਼ਾਮ 4 ਵਜੇ ਦੇ ਕਰੀਬ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ, "ਸਾਡੀ ਪਹਿਲੀ ਤਰਜੀਹ ਬਾਹਰ ਨਿਕਲਣ ਲਈ ਇੱਕ ਸੁਰੱਖਿਅਤ ਰਸਤਾ ਬਣਾਉਣਾ ਸੀ। ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਸੜਕ ਦੇ ਕਿਨਾਰੇ ਲੱਗੀ ਅੱਗ ਨੂੰ ਬੁਝਾਉਣ 'ਤੇ ਧਿਆਨ ਕੇਂਦਰਿਤ ਕੀਤਾ ਤਾਂ ਜੋ ਵਾਹਨ ਮੰਦਰ ਤੱਕ ਪਹੁੰਚ ਸਕਣ ਅਤੇ ਉੱਥੇ ਫਸੇ ਲੋਕਾਂ ਨੂੰ ਬਾਹਰ ਕੱਢਿਆ ਜਾ ਸਕੇ।"

ਸ਼ਰਮਾ ਨੇ ਦੱਸਿਆ ਕਿ ਸੜਕ ਕਿਨਾਰੇ ਲੱਗੀ ਅੱਗ 'ਤੇ ਕਾਬੂ ਪਾਉਣ ਲਈ ਕਰੀਬ ਪੰਜ ਘੰਟੇ ਦਾ ਸਮਾਂ ਲੱਗਿਆ। ਉਨ੍ਹਾਂ ਅੱਗੇ ਕਿਹਾ, "ਰਾਤ ਨੂੰ ਲਗਪਗ 9 ਵਜੇ ਤੱਕ ਰਸਤਾ ਕਾਫ਼ੀ ਹੱਦ ਤੱਕ ਸੁਰੱਖਿਅਤ ਕਰ ਲਿਆ ਗਿਆ ਸੀ। ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਬਾਹਰ ਕੱਢਣ ਦਾ ਕੰਮ ਰਾਤ 9:10 ਵਜੇ ਦੇ ਕਰੀਬ ਸ਼ੁਰੂ ਹੋਇਆ ਅਤੇ ਰਾਤ 10:45 ਵਜੇ ਤੱਕ ਸਾਰੇ ਫਸੇ ਹੋਏ ਸ਼ਰਧਾਲੂਆਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰਾਂ ਤੱਕ ਪਹੁੰਚਾ ਦਿੱਤਾ ਗਿਆ।" ਕਾਂਗੜਾ ਦੇ ਪੁਲੀਸ ਸੁਪਰਡੈਂਟ ਅਸ਼ੋਕ ਰਤਨ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਐਮਰਜੈਂਸੀ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਸਨ। ਉਨ੍ਹਾਂ ਕਿਹਾ, "ਸਾਰੀਆਂ ਏਜੰਸੀਆਂ ਨੇ ਆਪਸੀ ਤਾਲਮੇਲ ਨਾਲ ਕੰਮ ਕੀਤਾ ਅਤੇ ਬਚਾਅ ਰੂਟ 'ਤੇ ਲੱਗੀ ਅੱਗ 'ਤੇ ਕਾਬੂ ਪਾਉਣ 'ਚ ਸਫ਼ਲਤਾ ਹਾਸਲ ਕੀਤੀ, ਜਿਸ ਨਾਲ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਸਕਿਆ।"

ਨਗਰੋਟਾ ਬਗਵਾਂ ਦੇ ਵਿਧਾਇਕ ਆਰ.ਐਸ. ਬਾਲੀ ਨੇ ਕਿਹਾ ਕਿ ਮੰਦਰ ਦੇ ਆਲੇ-ਦੁਆਲੇ ਅੱਗ ਤੇਜ਼ ਹੋਣ ਤੋਂ ਬਾਅਦ ਚਿੰਤਾਜਨਕ ਸਥਿਤੀ ਪੈਦਾ ਹੋ ਗਈ ਸੀ। ਉਨ੍ਹਾਂ ਕਿਹਾ, "ਮੈਂ ਡਿਪਟੀ ਕਮਿਸ਼ਨਰ, ਐਸ.ਡੀ.ਐਮ. ਅਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਰਿਹਾ ਅਤੇ ਪ੍ਰਭਾਵਿਤ ਖੇਤਰ ਦੇ ਅੰਦਰ ਫਸੇ ਲੋਕਾਂ ਨਾਲ ਵੀ ਰਾਬਤਾ ਕਾਇਮ ਕੀਤਾ। ਬਚਾਅ ਟੀਮਾਂ ਨੇ ਤੁਰੰਤ ਕਾਰਵਾਈ ਕੀਤੀ ਅਤੇ ਸਾਂਝੇ ਯਤਨਾਂ ਸਦਕਾ ਸਾਰੇ ਸ਼ਰਧਾਲੂਆਂ ਨੂੰ ਸੁਰੱਖਿਅਤ ਬਾਹਰ ਕੱਢਣਾ ਯਕੀਨੀ ਬਣਾਇਆ।"

ਹਿਮਾਚਲ ਪ੍ਰਦੇਸ਼ ਵਿੱਚ ਚੱਲ ਰਹੀ ਲੂ ਦੇ ਕਾਰਨ, ਇਸ ਗਰਮੀ ਦੇ ਸੀਜ਼ਨ ਵਿੱਚ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਭਾਰੀ ਵਾਧਾ ਹੋਇਆ ਹੈ। ਹਿਮਾਚਲ ਪ੍ਰਦੇਸ਼ ਦੇ ਜੰਗਲਾਤ ਵਿਭਾਗ ਕੋਲ ਉਪਲਬਧ ਅੰਕੜਿਆਂ ਅਨੁਸਾਰ, ਮੰਗਲਵਾਰ ਤੱਕ ਸੂਬੇ ਦੇ 11 ਜੰਗਲਾਤ ਸਰਕਲਾਂ ਵਿੱਚ ਜੰਗਲ ਦੀ ਅੱਗ ਦੀਆਂ ਕੁੱਲ 412 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਜਦੋਂ ਕਿ ਪਿਛਲੇ ਸਾਲ ਦੀ ਇਸੇ ਮਿਆਦ ਦੌਰਾਨ ਇਹ ਗਿਣਤੀ 276 ਸੀ। ਇਸ ਅੱਗ ਨੇ 4,796 ਹੈਕਟੇਅਰ ਤੋਂ ਵੱਧ ਜੰਗਲੀ ਜ਼ਮੀਨ ਨੂੰ ਪ੍ਰਭਾਵਿਤ ਕੀਤਾ ਹੈ, ਜੋ ਵਧ ਰਹੇ ਤਾਪਮਾਨ ਅਤੇ ਲੰਬੇ ਸਮੇਂ ਤੱਕ ਖੁਸ਼ਕ ਹਾਲਾਤਾਂ ਕਾਰਨ ਪੈਦਾ ਹੋਏ ਵਧਦੇ ਖ਼ਤਰੇ ਨੂੰ ਦਰਸਾਉਂਦਾ ਹੈ। ਜੰਗਲਾਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਾਧੇ ਦਾ ਮੁੱਖ ਕਾਰਨ ਬਹੁਤ ਜ਼ਿਆਦਾ ਗਰਮੀ, ਸੁੱਕੀ ਬਨਸਪਤੀ ਅਤੇ ਚੀਲ ਦੇ ਜੰਗਲ ਹਨ, ਜੋ ਬਹੁਤ ਜ਼ਿਆਦਾ ਜਲਣਸ਼ੀਲ ਹੁੰਦੇ ਹਨ ਅਤੇ ਹੇਠਲੀਆਂ ਪਹਾੜੀਆਂ ਦੇ ਵੱਡੇ ਹਿੱਸੇ ਵਿੱਚ ਪਾਏ ਜਾਂਦੇ ਹਨ।

# ਸਾਕਾ ਨੀਲਾ ਤਾਰਾ—ਭਾਜਪਾ ਮੰਤਰੀ ਦਾ ਵਿਚਾਰ ਨਿੱਜੀ : ਅਮਿਤ ਸ਼ਾਹ



**ਬੀ ਸੀ ਪੰਜਾਬੀ ਨਿਊਜ਼ :** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਕਾ ਨੀਲਾ ਤਾਰਾ ਬਾਰੇ ਮਹਾਰਾਸ਼ਟਰ ਦੇ ਮੰਤਰੀ ਵੱਲੋਂ ਦਿੱਤੇ ਬਿਆਨ ਨੂੰ ਉਨ੍ਹਾਂ ਦਾ ਨਿੱਜੀ ਵਿਚਾਰ ਦੱਸਿਆ ਹੈ। ਸ਼ਾਹ ਇੱਥੇ ਮੰਗਲਵਾਰ ਨੂੰ ਭਾਜਪਾ ਪ੍ਰਧਾਨ ਨਿਤਿਨ ਨਬੀਨ ਵੱਲੋਂ ਸੰਪਾਦਕਾਂ ਤੇ ਸੀਨੀਅਰ ਪੱਤਰਕਾਰਾਂ ਨਾਲ ਮੋਦੀ ਸਰਕਾਰ ਦੀਆਂ 12 ਸਾਲਾਂ ਦੀਆਂ ਉਪਲਬਧੀਆਂ ਬਾਰੇ ਰੱਖੇ ਸਮਾਗਮ ਦੌਰਾਨ ਦੈਨਿਕ ਟ੍ਰਿਬਿਊਨ ਦੇ ਸੰਪਾਦਕ ਨਰੇਸ਼ ਕੌਸ਼ਲ ਵੱਲੋਂ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਕੌਸ਼ਲ ਨੇ ਸਵਾਲ ਕੀਤਾ ਸੀ ਕਿ ਪਿਛਲੇ ਦਿਨੀਂ ਅੰਮ੍ਰਿਤਸਰ ਵਿੱਚ ਦਮਦਮੀ ਟਕਸਾਲ ਦੇ ਸਮਾਗਮ ਦੌਰਾਨ ਮਹਾਰਾਸ਼ਟਰ ਦੇ ਕੈਬਨਿਟ ਮੰਤਰੀ ਗਿਰੀਸ਼ ਮਹਾਜਨ ਨੇ 'ਸਾਕਾ ਨੀਲਾ ਤਾਰਾ' ਨੂੰ ਹਮਲਾ ਦੱਸਿਆ ਸੀ। ਮੰਤਰੀ ਨੇ 6 ਜੂਨ ਨੂੰ ਇਕ ਸਮਾਗਮ ਦੌਰਾਨ ਸਾਕਾ ਨੀਲਾ ਤਾਰਾ ਦੌਰਾਨ ਫ਼ੌਜ ਵੱਲੋਂ ਲੜਨ ਵਾਲਿਆਂ ਨੂੰ ਸ਼ਹੀਦ ਤੇ ਫ਼ੌਜੀ ਕਾਰਵਾਈ ਨੂੰ ਹਮਲਾ ਕਰਾਰ ਦਿੱਤਾ ਸੀ। ਮਹਾਜਨ ਦੇ ਇਸ ਬਿਆਨ ਨਾਲ ਪੰਜਾਬ ਵਿੱਚ ਪੈਰ ਲਾਉਣ ਲਈ ਜ਼ੋਰ ਅਜ਼ਮਾਈ ਕਰ ਰਹੀ ਭਾਜਪਾ ਮੁਸ਼ਕਲ ਵਿੱਚ ਫਸ ਗਈ ਸੀ।

ਐੱਨ ਡੀ ਏ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਮਹੱਤਵਪੂਰਨ ਮੀਟਿੰਗ ਭਲਕੇ ਦਿੱਲੀ ਵਿੱਚ ਹੋਵੇਗੀ। ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਗਾਤਾਰ ਸਭ ਤੋਂ ਲੰਮੇ ਸਮੇਂ ਤੱਕ ਚੁਣੇ ਗਏ ਪ੍ਰਧਾਨ ਮੰਤਰੀ ਰਹਿਣ ਦਾ ਜਸ਼ਨ ਮਨਾਇਆ ਜਾਵੇਗਾ। ਮੀਟਿੰਗ ਵਿੱਚ ਪ੍ਰਧਾਨ ਮੰਤਰੀ ਮੋਦੀ ਸਮੇਤ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਅਤੇ ਐੱਨ ਡੀ ਏ ਭਾਈਵਾਲਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਇਸ ਮੌਕੇ ਪ੍ਰਸਤਾਵ ਪਾਸ ਕੀਤੇ ਜਾਣ ਦੀ ਸੰਭਾਵਨਾ ਹੈ, ਜਿਸ ਵਿੱਚ ਮੋਦੀ ਦੀ ਇਸ ਉਪਲਬਧੀ ਦੀ ਪ੍ਰਸ਼ੰਸਾ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 10 ਜੂਨ ਨੂੰ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ 4,399 ਦਿਨਾਂ ਤਕ ਲਗਾਤਾਰ ਪ੍ਰਧਾਨ ਮੰਤਰੀ ਰਹਿਣ ਦਾ ਰਿਕਾਰਡ ਤੋੜਨਗੇ। 2014 ਵਿੱਚ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਸੀ ਅਤੇ 2019 ਤੇ 2024 ਵਿੱਚ ਉਹ ਮੁੜ ਚੁਣੇ ਗਏ। ਇਹ ਮੀਟਿੰਗ ਦਿੱਲੀ ਦੇ ਭਾਰਤ ਮੰਡਪਮ ਵਿੱਚ ਹੋਵੇਗੀ, ਜਿਸ ਵਿੱਚ 22 ਐੱਨ ਡੀ ਏ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਸ਼ਾਮਲ ਹੋਣਗੇ। ਕੇਂਦਰੀ ਮੰਤਰੀਆਂ ਵਿੱਚ ਰਾਜਨਾਥ ਸਿੰਘ, ਅਮਿਤ ਸ਼ਾਹ ਅਤੇ ਹੋਰ ਆਗੂ ਵੀ ਹਾਜ਼ਰ ਰਹਿਣਗੇ।




## ਕਾਵਿ-ਧਾਰਾ ਦਾ ਮਜ਼ਾਕੀਆ ਰੰਗ

-ਭੋਲਾ ਸਿੰਘ ਸ਼ਮੀਰੀਆ

# ਸਿੱਠਣੀਆਂ

ਸਿੱਠਣੀਆਂ ਸਾਡੇ ਸੱਭਿਆਚਾਰ ਦੀ ਕਾਵਿ-ਧਾਰਾ ਦੀ ਇੱਕ ਮਹੱਤਵ ਪੂਰਨ ਵਿਧਾ ਹੈ। 'ਸਿੱਠਣੀ' ਸ਼ਬਦ 'ਸਿੱਠ' ਤੋਂ ਬਣਿਆ ਹੈ, ਜਿਸਦਾ ਭਾਵ ਹੈ ਮਜ਼ਾਕ, ਵਿਅੰਗ, ਕਟਾਖਸ਼ ਜਾਂ ਮਖੌਲ। ਸਿੱਠਣੀਆਂ ਵਿਆਹ ਸਮੇਂ ਕੁੜੀ ਦੇ ਪਰਿਵਾਰ ਵੱਲੋਂ ਲਾੜੇ ਵਾਲੀ ਧਿਰ ਨੂੰ ਵਿਅੰਗਮਈਢੰਗ ਨਾਲ ਕਾਵਿ-ਰੂਪ ਵਿੱਚ ਸੰਬੋਧਨੀ ਤਰੀਕੇ ਨਾਲ ਗਾ ਕੇ ਸੁਣਾਈਆਂ ਜਾਂਦੀਆਂ ਹਨ। ਇਨ੍ਹਾਂ ਦੀ ਪੇਸ਼ਕਾਰੀ ਸਮੇਂ ਸਰੀਰਕ ਮੁਦਰਾਵਾਂ ਤੇ ਚਿਹਰੇ ਦੇ ਹਾਵ-ਭਾਵਾਂ ਨੂੰ ਇਸ ਦਾ ਹਿੱਸਾ ਬਣਾਇਆ ਜਾਂਦਾ ਹੈ। ਜਿਵੇਂ ਬਾਹਾਂ ਮਾਰਕੇ ਜਾਂ ਸੱਜੇ ਹੱਥ ਨਾਲ ਮੁੱਕੀ ਵੱਟ ਕੇ ਖੱਬੇ ਹੱਥ ਦੀ ਤਲੀ 'ਤੇ ਵਾਰ-ਵਾਰ ਮਾਰ ਕੇ ਜਾਂ ਘੁੰਡ ਨੂੰ ਨਖਰੇ ਨਾਲ ਕੱਢ ਕੇ ਜਾਂ ਹੱਥ ਨੂੰ ਮੁੱਕੀ ਵਜੋਂ ਵਰਤ ਕੇ ਆਦਿ ਅਦਾਵਾਂ ਰਾਹੀਂ ਇਹ ਪੇਸ਼ਕਾਰੀ ਕੀਤੀ ਜਾਂਦੀ ਹੈ।

ਇਸ ਸਮੇਂ ਅਨੈਤਿਕ ਸ਼ਬਦਾਂ ਅਤੇ ਚਰਿੱਤਰਹੀਣਤਾ ਵਰਗੇ ਦੋਸ਼ਾਂ ਦਾ ਵੀ ਸਾਡਾ ਸਮਾਜਿਕ ਸੰਵਿਧਾਨ ਗੁੱਸਾ ਨਹੀਂ ਮੰਨਦਾ,ਏਦਾਂ ਦੇ ਮਜ਼ਾਕਾਂ ਤੇ ਕਟਾਖਸ਼ਾਂ ਨੂੰ ਹੱਸ ਕੇ ਸਵੀਕਾਰ ਕੀਤਾ ਜਾਂਦਾ ਹੈ। ਫਿਰ ਹੌਲੀ-ਹੌਲੀ ਇਨ੍ਹਾਂ ਮਿਹਣਿਆਂ ਨੂੰ ਜੁਆਬੀਰੂਪ ਵਿੱਚ ਲਿਆ ਜਾਣ ਲੱਗ ਪਿਆ। ਇਸੇ ਤਰ੍ਹਾਂ ਜੰਨ ਬੰਨ੍ਹਣੀ ਤੇ ਜੰਨ ਛੁਡਾਉਣ ਦੇ ਰੂਪ ਵਿੱਚ ਇਹ ਪਰੰਪਰਾ ਸਾਡੇ ਸਨਮੁੱਖ ਹੁੰਦੀ ਹੈ।ਅੱਜਕੱਲ੍ਹ ਜਾਗੋ ਵਿੱਚ ਨਾਨਕਿਆਂ ਤੇ ਦਾਦਕਿਆਂ ਦਾ ਮੇਹਣੋ-ਮੇਹਣੀ ਹੋਣਾ ਇਸ ਦਾ ਮੌਜੂਦਾ ਰੂਪ ਹੈ। ਸਿੱਠਣੀਆਂ ਦੀ ਉਤਪਤੀ ਬਾਰੇ ਕਈ ਦੰਦ-ਕਥਾਵਾਂ ਹਨ।ਕਹਿੰਦੇ ਹਨ ਕਿ ਕਿਸੇ ਸਮੇਂ ਜ਼ੋਰਾਵਰਾਂ ਵੱਲੋਂ ਔਰਤਾਂ ਨੂੰ ਉਧਾਲ ਕੇ ਲਿਜਾਇਆ ਜਾਂਦਾ ਸੀ। ਉਧਾਲੀ ਗਈ ਔਰਤ ਦੇ ਪਰਿਵਾਰਕ ਮਰਦ ਉਸ ਨੂੰ ਲੱਭਣ ਜਾਂ ਲੜਾਈ ਦੇ ਮੰਤਵ ਨਾਲ ਆਪਣੇ ਘਰਾਂ 'ਚੋਂ ਨਿਕਲਦੇ ਸਨ। ਉਨ੍ਹਾਂ ਪਿੱਛੋਂ ਉਨ੍ਹਾਂ ਘਰਾਂ ਦੀਆਂ ਔਰਤਾਂ ਹੋਰ ਤਾਂ ਕੁਝ ਨਹੀਂ ਸੀ ਕਰ ਸਕਦੀਆਂ, ਉਹ ਘਰਾਂ ਵਿੱਚ ਬਹਿ ਕੇ ਉਨ੍ਹਾਂ ਜ਼ੋਰਾਵਰਾਂ ਨੂੰ ਲਾਹਣਤਾਂ ਪਾ ਕੇ ਕੋਸਦੀਆਂ ਰਹਿੰਦੀਆਂ। ਹੌਲੀ-ਹੌਲੀ ਇਹ ਪਰੰਪਰਾ ਗੁੱਸੇ ਦੇ ਭਾਵ ਤੋਂ ਖਿਸਕਦੀ ਲਾੜੀ ਵਾਲੀ ਧਿਰ ਦੀ ਵਿਰਾਸਤ ਬਣ ਗਈ ਅਤੇ ਇਸ ਦਾ ਰੂਪ ਗੁੱਸੇ ਤੋਂ ਮਜ਼ਾਕ ਜਾਂ ਕਟਾਖਸ਼ ਦੇ ਰੂਪ ਵਿੱਚ ਬਦਲ ਗਿਆ।ਦੂਜਾ ਇਸ ਦੀ ਉਤਪਤੀ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਸਮੇਂ ਭੂਤਾਂ ਪ੍ਰੇਤਾਂ ਜਾਂ ਓਪਰੀ ਸ਼ੈਅ ਦੇ ਵਹਿਮ ਨੂੰ ਕਾਫ਼ੀ ਮੰਨਿਆ ਜਾਂਦਾ ਸੀ। ਵਿਆਹ ਵਰਗੀ ਪਵਿੱਤਰ ਰਸਮ ਨੂੰ ਇਨ੍ਹਾਂ ਰੂਹਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਹੋ ਜਿਹੇ ਰੰਗ ਵਿੱਚ ਭੰਗ ਪਾਉਣ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਜਿਵੇਂ ਮਾਂ ਆਪਣੇ ਬੱਚੇ ਨੂੰ ਨੁਹਾ ਕੇ ਸੋਹਣੇ ਕੱਪੜੇ ਪਾਉਣ ਤੋਂ ਬਾਅਦ ਮੱਥੇ 'ਤੇ ਕਾਲਾ ਟਿੱਕਾ ਲਾ ਦਿੰਦੀ ਹੈ।

ਸਿੱਠਣੀਆਂ ਨੈਤਿਕਤਾ ਜਾਂ ਅਨੈਤਿਕਤਾ ਦੇ ਚੱਕਰ ਵਿੱਚ ਨਹੀਂ ਪੈਂਦੀਆਂ। ਲਾੜੀ ਵਾਲੀ ਧਿਰ ਦਾ ਮਨੋਰਥ ਸਿਰਫ਼ ਲਾੜੇ ਵਾਲੀ ਧਿਰ ਨੂੰ ਠਿੱਠ ਕਰਕੇ ਉਨ੍ਹਾਂ 'ਤੇ ਅਯੋਗ ਸ਼ਬਦਾਂ ਰਾਹੀਂ ਮਜ਼ਾਕ ਜਾਂ ਵਿਅੰਗਮਈ ਚੋਭਾਂ ਲਾ ਕੇ ਮੰਨੋਰੰਜਕ ਮਾਹੌਲ ਪੈਦਾ ਕੀਤਾ ਜਾਂਦਾ ਸੀ। ਉਂਝ ਤਾਂ ਕੁੜੀ ਨੂੰ ਵਿਆਹੁਣ ਆਈ ਸਾਰੀ ਬਰਾਤ ਮਜ਼ਾਕ ਦੇ ਘੇਰੇ ਵਿੱਚ ਲਈ ਜਾਂਦੀ ਸੀ, ਪਰ ਜ਼ਿਆਦਾ ਕਰਕੇ ਇਨ੍ਹਾਂ ਵਿੱਚੋਂ ਕੁੜਮ, ਵਿਚੋਲਾ, ਲਾੜਾ ਜਾਂ ਸਰਵਾਲੇ ਨੂੰ ਪ੍ਰਮੁੱਖਤਾ ਨਾਲ ਲਿਆ ਜਾਂਦਾ।ਇੱਕ ਸਮਾਂ ਸੀ, ਜਦੋਂ ਸੰਚਾਰ ਜਾਂ ਆਵਾਜਾਈ ਦੇ ਸਾਧਨਾਂ ਦੀ ਘਾਟ




ਕਰਕੇ ਸਾਰੀ ਬਰਾਤੀ ਧਿਰ ਲਾੜੀ ਵਾਲਿਆਂ ਲਈ ਅਜਨਬੀ ਹੁੰਦੀ ਸੀ। ਕੁੜਮਾਂ ਨੂੰ ਸਿੱਠਣੀਆਂ ਦੇ ਘੇਰੇ ਵਿੱਚ ਲਿਆਉਣ ਤੋਂ ਪਹਿਲਾਂ ਕੁੜਮ ਦੀ ਪਛਾਣ ਲਈ ਉਸ ਦੇ ਥਾਂ ਸਿਰ ਲੱਗਦੀ ਕੋਈ ਔਰਤ (ਜੋ ਲਾੜੀ ਦੀ ਚਾਚੀ, ਮਾਂ, ਮਾਸੀ, ਜਾਂ ਮਾਮੀ ਹੁੰਦੀ ਸੀ) ਹਲਦੀ ਤੇ ਤੇਲ ਦਾ ਹੱਥ ਲਿਬੇੜ ਕੇ ਕੁੜਮ ਦੇ ਮੌਰਾਂ ਵਿੱਚ ਜ਼ੋਰ ਦੀ ਧੱਫਾ ਮਾਰ ਕੇ ਥਾਪਾ ਲਾ ਦਿੰਦੀ ਤਾਂ ਕਿ ਬਾਕੀ ਔਰਤਾਂ ਲਈ ਕੁੜਮ ਪਛਾਣਨਾ ਸੌਖਾ ਹੋ ਜਾਵੇ। ਕਈ ਵਾਰ ਇਹ ਧੱਫਾ ਐਨੀ ਜ਼ੋਰ ਦੀ ਮਾਰਿਆ ਜਾਂਦਾ ਕਿ ਕੁੜਮ ਦੇ ਪੈਰ ਹਿੱਲ ਜਾਂਦੇ ਤੇ ਕੁੜਮ ਦੀ ਕਈ ਵਾਰ ਪੱਗ ਵੀ ਲੱਥ ਜਾਂਦੀ। ਇਸ ਰਸਮ ਨੂੰ ਗੁੱਸੇ ਦੀ ਥਾਂ ਹਾਸੇ ਵਿੱਚ ਟਾਲਿਆ ਜਾਂਦਾ ਸੀ। ਕੁਝ ਕਬੀਲਿਆਂ ਵਿੱਚ ਅਜੇ ਵੀ ਇਹ ਰਸਮ ਪ੍ਰਚੱਲਿਤ ਹੈ। ਕੁੜਮ ਦੀ ਪਛਾਣ ਪਿੱਛੋਂ ਉਸ ਨੂੰ ਥਾਂ-ਥਾਂਕੰਨਿਆਂ ਧਿਰ ਵੱਲੋਂ ਸਿੱਠਣੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕੰਨਿਆ ਧਿਰ ਦੀਆਂ ਔਰਤਾਂ ਸਿੱਠਣੀਆਂ ਦੇ ਘੇਰੇ ਵਿੱਚ ਸਭ ਤੋਂ ਪਹਿਲਾਂ ਕੁੜਮ ਨੂੰ ਹੀ ਲੈਂਦੀਆਂ ਹਨ;

* ਹੋਰ ਤਾਂ ਜਾਨੀ ਊਠਾਂ 'ਤੇ ਆਏ,
ਕੁੜਮ ਲਿਆਇਆ ਟੱਟੂ।
ਨੀਂ ਮੰਨੋ ਦਾ ਜਣਿਆ,
ਵਿਹੜੇ ਦੀ ਜੜ੍ਹ ਪੱਟੂ।

* ਜੇ ਕੁੜਮਾਂ ਤੇਰੀਆਂ ਅੱਖਾਂ ਦੁਖਦੀਆਂ,
ਮੋਗਿਓਂ 'ਲਾਜ ਕਰਾ ਲੈ, ਤੇਰਾ ਫੈਦਾ ਹੋ ਜੂ।
ਇੱਕ ਲੂਣ ਦੀ ਡਲੀ, ਇੱਕ ਤੇਲ ਦੀ ਪਲੀ,
ਵਿੱਚ ਮਿਰਚਾਂ ਦੀ ਲੱਪ ਪਾ ਲੈ, ਤੇਰਾ ਫੈਦਾ ਹੋ ਜੂ।

* ਸਾਡੇ ਤਾਂ ਵਿਹੜੇ ਵਿੱਚ ਤਾਣਾ ਤਣੀਂਦਾ,
ਲਾੜੇ ਦਾ ਪਿਓ ਤਾਂ ਕਾਣਾ ਸੁਣੀਂਦਾ,
ਐਨਕ ਲਵਾਉਣੀ ਪਈ।

ਕੁੜਮ ਤੋਂ ਬਾਅਦ ਵਿਚੋਲੇ ਦੀ ਵਾਰੀ ਆਉਂਦੀ ਹੈ। ਭਾਵੇਂ ਵਿਚੋਲਾ ਦੋਵੇਂ ਪਰਿਵਾਰਾਂ ਲਈ ਸਾਂਝਾ ਪਾਤਰ ਹੁੰਦਾ ਹੈ, ਕੰਨਿਆ ਧਿਰ ਵੱਲੋਂ ਉਸ ਨੂੰ ਇਸ ਕਰਕੇ ਨਿਸ਼ਾਨਾ ਬਣਾਇਆ ਜਾਂਦਾ ਹੈ ਕਿ ਉਹੀ ਕੁੜੀਆਂ ਦੀ ਡਾਰ ਤੋਂ ਕੁੜੀ (ਲਾੜੀ) ਨੂੰ ਵਿਛੋੜਨ ਦਾ ਸਬੱਬ ਬਣਿਆ ਹੈ। ਇਸ ਗੁੱਸੇ ਨੂੰ ਉਹ ਸਿੱਠਣੀਆਂ ਦੇ ਰੂਪ ਵਿੱਚ ਕੱਢ ਕੇ ਹੌਲੀਆਂ ਹੁੰਦੀਆਂ:

* ਕੁੜਮੋਂ-ਕੁੜਮੀਂ ਵਰਤਣਗੇ,
ਵਿਚੋਲੇ ਬੈਠੇ ਤਰਸਣਗੇ।

* ਮੱਕੀ ਦਾ ਦਾਣਾ ਟਿੰਡ ਵਿੱਚ ਨੀਂ,
ਵਿਚੋਲਾ ਨ੍ਹੀਂ ਛੱਡਣਾ ਪਿੰਡ ਵਿੱਚ ਨੀਂ।
ਕੁੜਮੋਂ-ਕੁੜਮੀਂ ਸੌ ਵਾਰੀ,
ਵਿਚੋਲੇ ਦੇ ਸਿਰ ਵਿੱਚ ਚੌ ਮਾਰੀ।

* ਕੁੜਮੋਂ-ਕੁੜਮੀਂ ਬੁਰੀ ਹੋਈ ਐ,
ਵਿਚੋਲੇ ਦੀ ਮਾਂ ਕੋਲੇ ਕੁੜੀ ਹੋਈ ਐ।

ਵਿਆਹ ਸਮੇਂ ਸਾਲੀਆਂ ਆਪਣੇ ਜੀਜੇ ਨੂੰ ਵੀ ਘੇਰਦੀਆਂ ਹਨ। ਸਭ ਤੋਂ ਪਹਿਲਾਂ ਉਸ ਨੂੰ ਬੂਹੇ 'ਤੇ ਘੇਰ ਕੇ ਉਸ ਤੋਂ ਲਾਗ ਮੰਗਦੀਆਂ ਤੇ ਨਾਲ ਹੀ ਵਿਅੰਗਮਈ ਗੀਤ ਗਾ ਕੇ ਉਸ ਨੂੰ ਸ਼ਰਮਸਾਰ ਕਰਦੀਆਂ ਹਨ। ਫਿਰ ਲਾੜੇ ਨੂੰ ਮੱਠੜੀਆਂ ਸਮੇਂ ਬਿਠਾ ਕੇ ਸਿੱਠਣੀਆਂ ਦਿੰਦੀਆਂ ਹਨ:

* ਚੱਬ-ਚੱਬ ਵੇ ਲਾੜਿਆ ਮੱਠੜੀਆਂ।
ਤੇਰੀ ਭੈਣ ਵਿਕੇਂਦੀ ਹੱਟੜੀਆਂ।

* ਜੀਜਾ ਖੜਾ ਵੇ ਖੜੋਤਾ ਤੇਰਾ ਲੱਕ ਥੱਕ ਜੂ।
ਪਿੱਛੇ ਭੈਣਾਂ ਨੂੰ ਖੜ੍ਹਾ ਲੈ ਵੇ ਸਹਾਰਾ ਲੱਗ ਜੂ।

ਜੰਨ ਵਿੱਚ ਜੇ ਕੋਈ ਜ਼ਿਆਦਾ ਚਾਂਭਲ ਕੇ ਮੁੱਛਾਂ ਨੂੰ ਵੱਟ ਦਿੰਦਾ ਤਾਂ ਅਜਿਹਾ ਜਾਨੀ ਵੀ ਮੇਲਣਾਂ ਦੇ ਨਿਸ਼ਾਨੇ 'ਤੇ ਚੜ੍ਹ ਜਾਂਦਾ। ਉਸ ਦੀਆਂ ਹਰਕਤਾਂ ਨੂੰ ਦੇਖ ਕੇ ਕੋਈ ਔਰਤ ਕਹਿ ਉਠਦੀ:

ਮੁੱਛਾਂ ਵੇ ਤੇਰੀਆਂ ਲੰਮੀਆਂ (ਨਾਭੀ ਪੱਗ ਵਾਲਿਆ),
ਜਿਉਂ ਬਿੱਲੀ ਦੀ ਵੇ ਪੂਛ।
ਕੈਂਚੀ ਲੈ ਕੇ ਕੱਟ ਦਿਆਂ
ਤੈਨੂੰ ਮਣ-ਮਣ ਚੜ੍ਹ ਜੇ ਰੂਪ।

ਜੰਨ ਬੰਨ੍ਹਣ ਦਾ ਸੰਕਲਪ ਵੀ ਇਨ੍ਹਾਂ ਸਿੱਠਣੀਆਂ ਵਿੱਚੋਂ ਰੂਪਮਾਨ ਹੋਇਆ ਹੈ। ਬਰਾਤ ਨੂੰ ਰੋਟੀ ਖਾਣ ਤੋਂ ਪਹਿਲਾਂ ਸਿੱਠਣੀਆਂ ਰਾਹੀਂ ਰੋਟੀ ਖਾਣ ਤੋਂ ਰੋਕ ਦਿੱਤਾ ਜਾਂਦਾ ਸੀ। ਇਸ ਨੂੰ 'ਜੰਨ ਬੰਨ੍ਹਣੀ' ਕਹਿੰਦੇ ਸਨ। ਜੰਨ ਛੁਡਾਉਣ ਦੇ ਬਹਾਨੇ ਜਾਨੀਆਂ ਦੀ ਵਿਦਵਤਾ ਪਰਖੀ ਜਾਂਦੀ ਸੀ। ਜਾਨੀਆਂ ਤੋਂ ਉਸ ਔਰਤ ਦੇ ਕਾਵਿ-ਰੂਪ ਦਾ ਜੁਆਬ ਮੰਗਿਆ ਜਾਂਦਾ ਸੀ। ਫਿਰ ਕੋਈ ਬਰਾਤੀ ਖੜਾ ਹੋ ਕੇ ਇਸ ਦਾ ਜੁਆਬ ਦਿੰਦਾ ਸੀ, ਜਿਸ ਨੂੰ 'ਜੰਨ ਛੁਡਾਉਣੀ' ਕਿਹਾ ਜਾਂਦਾ ਸੀ। ਇਸ ਤਰ੍ਹਾਂ ਸਥਿਤੀ ਦਿਲਚਸਪ ਤੇ ਹਾਸੋਹੀਣੀ ਹੋ ਜਾਂਦੀ ਸੀ:

ਲੱਡੂ, ਪੇੜੇ, ਬਰਫ਼ੀ ਪਤੀਲੇ ਥਾਲੀਆਂ।
ਗੜਵੇ, ਗਿਲਾਸ ਬੰਨ੍ਹ ਦਿਆਂ ਪਿਆਲੀਆਂ।
ਬੰਨ੍ਹਾਂ ਘਿਓ ਖੰਡ ਵਿੱਚ ਪਾਏ ਥਾਲ ਵੇ।
ਬੰਨ੍ਹਾਂ ਤੇਰੇ ਮਿੱਤਰ ਪਿਆਰੇ ਨਾਲ ਵੇ।
ਬੰਨ੍ਹਾਂ ਥੋਡੀ ਮਾਸੀ ਤਿੱਖੇ-ਤਿੱਖੇ ਨੈਣ ਵੇ।
ਬੰਨ੍ਹਾਂ ਥੋਡੀ ਭੂਆ ਤੇ ਭਤੀਜੀ ਭੈਣ ਵੇ।

ਇਸ ਤਰ੍ਹਾਂ ਇਸ ਕਾਵਿ-ਰੂਪ ਨੂੰ ਹੋਰ ਲੰਮਾ ਕਰਕੇ ਹਾਸਰਸ ਦੀ ਵੰਨਗੀ ਵਜੋਂ ਪੇਸ਼ ਕੀਤਾ ਜਾਂਦਾ ਸੀ। ਇਸ ਪਿੱਛੋਂ ਜੰਨ ਵਿੱਚੋਂ ਕੋਈ ਸੱਜਣ ਉੱਠ ਕੇ ਬੰਨ੍ਹੀ ਹੋਈ ਜੰਨ ਛੁਡਾਉਣ ਦੇ ਮੰਤਵ ਨਾਲ ਇਸ ਕਾਵਿ-ਰੂਪ ਦਾ ਜੁਆਬ ਦਿੰਦਾ ਸੀ:

ਲੱਡੂ ਪੇੜੇ ਬਰਫ਼ੀ ਛੁਡਾਵਾਂ ਘਿਓਰ ਨੀਂ।
ਸੱਸ ਤੇ ਪ੍ਰਾਹੁਣਾ ਤੇਰਾ ਬੰਨ੍ਹਾਂ ਦਿਓਰ ਨੀਂ।
ਛੁੱਟ ਗਏ ਪਕੌੜੇ ਸਣੇ ਤੇਲ ਮੱਠੀਆਂ।
ਬੰਨ੍ਹ ਦੇਵਾਂ ਨਾਰੀਆਂ ਤਮਾਮ 'ਕੱਠੀਆਂ।
ਛੁੱਟ ਗਏ ਸ਼ੱਕਰਪਾਰੇ ਦੁੱਧ ਘਿਓ ਨੀਂ।
ਮਾਤਾ ਭੈਣ ਭਾਈ ਤੇਰਾ ਬੰਨ੍ਹਾਂ ਪਿਓ ਨੀਂ।

ਹੌਲੀ-ਹੌਲੀ ਇਸ ਪਰੰਪਰਾ ਵਿੱਚ ਅਸ਼ਲੀਲਤਾ ਭਾਰੂ ਹੁੰਦੀ ਗਈ ਤੇ ਇਹ ਪਰੰਪਰਾ ਖਤਮ ਹੋ ਗਈ। ਫਿਰ ਇਨ੍ਹਾਂ ਸਿੱਠਣੀਆਂ ਨੇ ਨਾਨਕਿਆਂ ਤੇ ਦਾਦਕਿਆਂ ਦੇ ਮੇਲ ਸਮੇਂ ਗਿੱਧੇ ਦੇ ਰੂਪ ਵਿੱਚ ਆਪਣੀ ਥਾਂ ਬਣਾ ਲਈ:

* ਨਾਨਕੇ ਖੁੱਡ ਵੜ ਗਏ, ਕੱਢ ਲਓ ਬੀਨ ਵਜਾ ਕੇ।

* ਜੇ ਮਾਮੀ ਤੈਨੂੰ ਨੱਚਣਾ ਨ੍ਹੀਂ ਆਉਂਦਾ,
ਮੇਲ ਕਾਸ ਤੋਂ ਆਈ ਐਂ।
ਡਾਰ ਜੁਆਕਾਂ ਦੀ,
ਨਾਲ ਕਾਸ ਤੋਂ ਲਿਆਈ ਐਂ।

ਘੱਟ ਨਾਨਕੇ ਵੀ ਨਹੀਂ ਹੁੰਦੇ। ਉਹ ਵੀ ਇਨ੍ਹਾਂ ਬੋਲਾਂ ਦਾ ਭਰਵਾਂ ਜੁਆਬ ਦਿੰਦੇ ਹਨ, ਕਿਉਂਕਿ ਨਾਨਕਾ ਮੇਲ ਵੀ ਅਜਿਹੇ ਸਮੇਂ ਪੂਰੀ ਤਿਆਰੀ ਕਰਕੇ ਆਉਂਦਾ ਸੀ:

* ਦਾਦਕਿਆਂ ਦਾ ਕੁੱਪ ਬੰਨ੍ਹ ਦਿਓ,
ਪੀਲੀ ਮਿੱਟੀ ਦਾ ਫੇਰ ਦਿਓ ਪੋਚਾ।

ਸਿੱਠਣੀਆਂ ਦੇਣ ਸਮੇਂ ਸਿੱਠਣੀਕਾਰ ਦੂਜੀ ਧਿਰ ਨੂੰ ਅਯੋਗ ਤੇ ਅਸ਼ਲੀਲ ਸ਼ਬਦਾਂ ਨਾਲ ਸਿਰਫ਼ ਠਿੱਠ ਨਹੀਂ ਕਰਦੀ, ਸਗੋਂ ਉਹ ਆਪਣੇ ਵੱਲੋਂ ਕੀਤੇ ਕਾਵਿਮਈ ਸੁਆਲਾਂ ਦਾ ਜੁਆਬ ਵੀ ਉਸੇ ਰੂਪ ਵਿੱਚ ਉਡੀਕ ਕੇ ਸੁਆਦ-ਸੁਆਦ ਹੋਣਾ ਲੋਚਦੀ ਹੈ। ਪੈਲੇਸ-ਕਲਚਰ ਨੇ ਸਾਡੇ ਵਿਆਹਾਂ ਵਿੱਚ ਨਿਭਾਈਆਂ ਜਾਂਦੀਆਂ ਇਨ੍ਹਾਂ ਕੀਮਤੀ ਪਰੰਪਰਾਵਾਂ ਦਾ ਖਾਤਮਾ ਕਰ ਦਿੱਤਾ ਹੈ।ਅੱਜਕੱਲ੍ਹ ਸਿਰਫ਼ ਜਾਗੋ ਦੇ ਰੂਪ ਵਿੱਚ 'ਨਾਨਕੇ ਮੇਲ' ਦੀ ਆਮਦ ਪਿੰਡਾਂ ਵਿੱਚ ਕੁਝ ਜਿਊਂਦੀ ਹੈ, ਪ੍ਰੰਤੂ ਇਸ 'ਤੇ ਵੀ ਅੱਜਕੱਲ੍ਹ ਡੀਜੇ ਕਲਚਰ ਦਾ ਬਾਜ਼ਾਰੀ ਰੂਪ ਚੜ੍ਹਦਾ ਜਾ ਰਿਹਾ ਹੈ।

## ਜੁਗਨੂੰ

ਜੁਗਨੂੰ ਜੋ ਟਿਮਟਿਮਾ ਰਿਹਾ
ਨਾ ਛਾਂ ਹੈ, ਨਾ ਧੁੱਪ ਹੈ
ਨਾ ਜ਼ਿੰਦਗੀ ਦੀ ਹੋਂਦ ਹੈ
ਬਿਰਖ ਹਨ ਸਿਸਕ ਰਹੇ
ਟਾਹਣੀਆਂ ਜੁ ਨਗਨ ਹਨ
ਪੰਖੇਰੂ ਵੀ ਗਮਗ਼ੀਨ ਹਨ
ਹਰ ਪਾਸੇ ਹਨੇਰ ਘੁੱਪ ਹੈ
ਮੌਤ ਵਰਗੀ ਚੁੱਪ ਹੈ।
ਸੂਰਜ ਠੰਢਾ ਹੋ ਗਿਆ
'ਚੰਦ' ਬੁਝ ਗਿਆ
ਕੋਈ ਨਵਾਂ ਪੰਗਾ ਹੋ ਗਿਆ
ਨਾ ਆਪਣੀ ਪਛਾਣ ਹੈ
ਬਸ ਆਦਮੀ ਦਾ ਘਾਣ ਹੈ।
ਖੰਜਰ, ਤ੍ਰਿਸ਼ੂਲਾਂ, ਬਰਛੀਆਂ
ਬੱਸ ਹੱਲਿਆਂ ਦਾ ਜ਼ੋਰ ਹੈ
ਜੋ ਸਿਰਜਿਆ ਸੀ ਆਦਮੀ
ਇਹ ਉਹ ਨਹੀਂ ਕੋਈ ਹੋਰ ਹੈ।
ਸੱਤਾ ਦਾ ਖਰੂਦ ਹੈ
ਖੇਤਾਂ 'ਚ ਜਿਹੜਾ ਉੱਗਿਆ
ਫ਼ਸਲ ਨਹੀਂ ਬਾਰੂਦ ਹੈ।
ਸ਼ੰਕਿਆਂ ਤੇ ਭੈਅ ਦਾ
ਹਰ ਮੋੜ 'ਤੇ ਵਜੂਦ ਹੈ
ਸੋਚਾਂ 'ਚ ਜ਼ਹਿਰਾਂ
ਘੋਲਣੇ ਦਾ ਸਿਲਸਿਲਾ ਮੌਜੂਦ ਹੈ
ਇਸ ਟੂਣੇਹਾਰੀ ਰਾਤ 'ਚ
ਨਫ਼ਰਤੀ ਬਰਸਾਤ 'ਚ
ਹਲਕਾ ਹਲਕਾ ਨਿੱਘ ਹੈ
ਘੁੱਗੀਆਂ ਦੀ ਚੱਲ ਰਹੀ
ਰਸ ਭਿੰਨੀ ਬਾਤ 'ਚ
ਜੁਗਨੂੰ ਜੋ ਟਿਮਟਿਮਾ ਰਿਹਾ
ਭਟਕੀਆਂ ਰੂਹਾਂ ਨੂੰ
ਰਸਤਾ
ਖ਼ੈਰ ਮੰਗੋ ਓਸ ਦੀ
ਉਹ ਇੱਕ ਨਹੀਂ ਇਕੀਸ ਹੈ
ਉਸ ਨੂੰ ਆਦਿ ਕਾਲ ਤੋਂ
ਜੂਝਣ ਦੀ ਤੌਫ਼ੀਕ ਹੈ

# ਪੁੱਤ ਦਾ ਸਾਕ



ਕੁਝ ਦਿਨ ਪਹਿਲਾਂ ਸਾਡੇ ਘਰ ਇੱਕ ਮਿੱਤਰ ਤੇ ਉਹਦੀ ਪਤਨੀ ਮਿਲਣ ਆਏ। ਪਰਿਵਾਰਕ ਦੁੱਖਾਂ-ਸੁੱਖਾਂ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਇਕਲੌਤੇ ਪੁੱਤਰ ਨੂੰ ਸਾਕ ਕਰਾਉਣ ਦੀ ਗੱਲ ਤੋਰੀ। ਉਨ੍ਹਾਂ ਦਾ ਪੁੱਤਰ ਚੰਗਾ ਪੜ੍ਹਿਆ-ਲਿਖਿਆ ਤੇ ਚੰਗੇ ਰੁਜ਼ਗਾਰ 'ਤੇ ਹੈ। ਉਹ ਖ਼ੁਦ ਵੀ ਚੰਗਾ ਕੰਮਕਾਰ ਕਰਦੇ ਤੇ ਮੱਧ ਵਰਗੀ ਪਰਿਵਾਰਕ ਪਿਛੋਕੜ ਵਾਲੇ ਹਨ। ਉਨ੍ਹਾਂ ਦੀ ਪੁੱਤਰ ਨੂੰ ਰਿਸ਼ਤਾ ਨਾ ਹੋਣ ਦੀ ਗੱਲ ਅਜੀਬ ਜਿਹੀ ਤਾਂ ਲੱਗੀ, ਉਸ ਤੋਂ ਵਧੇਰੇ ਅਜੀਬ ਉਨ੍ਹਾਂ ਦਾ ਇਹ ਕਹਿਣਾ ਲੱਗਾ ਕਿ ਤੁਸੀਂ ਭਾਈ ਕੁੜੀ ਦਾ ਰਿਸ਼ਤਾ ਕਰਵਾ ਦਿਓ, ਸਾਡੀ ਕੋਈ ਮੰਗ ਨਹੀਂ। ਉਹ ਕਿਸੇ ਵੀ ਜਾਤ ਦੀ ਕੁੜੀ ਦਾ ਰਿਸ਼ਤਾ ਲੈਣ ਦੀ ਗੱਲ ਵੀ ਕਹਿ ਗਏ। ਉਨ੍ਹਾਂ ਦੀ ਗੱਲ ਜ਼ਾਹਿਰ ਕਰਦੀ ਸੀ ਕਿ ਪੁੱਤਰ ਨੂੰ ਸਾਕ ਨਾ ਹੋਣ ਤੋਂ ਉਹ ਡਾਢੇ ਚਿੰਤਤ ਸਨ।

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੇਰੀ ਸੋਚ ਉਡਾਰੀ ਚਾਰ-ਪੰਜ ਦਹਾਕੇ ਪਿੱਛੇ ਚਲੀ ਗਈ ਅਤੇ ਕੰਨਾਂ ਵਿੱਚ ਸੁਰਿੰਦਰ ਕੌਰ ਅਤੇ ਸਾਬਰ ਹੁਸੈਨ ਦੇ ਗਾਏ ਲੋਕਗੀਤ ਦਾ ਮੁੱਖੜਾ ਗੂੰਜਣ ਲੱਗਾ, ਜਿਹੜਾ ਦੋ ਮੰਜਿਆਂ ਨੂੰ ਜੋੜ ਕੇ ਟੰਗੇ ਸਪੀਕਰਾਂ ਵਿੱਚ ਵੱਜਦਾ ਹੁੰਦਾ ਸੀ: 'ਮੇਰੇ ਪੁੱਤ ਨੂੰ ਬਹੂ ਨੀ ਥਿਉਣੀ, ਛੜੇ ਦੀ ਮਾਂ ਰੋਵੇ'।ਸੁੱਖਾਂ ਸੁੱਖ ਕੇ ਜੰਮੇ ਪੁੱਤਾਂ ਦਾ ਸਿਹਰੇ ਬੰਨ੍ਹ ਕੇ ਘੋੜੀ ਚੜ੍ਹਨਾ ਮਾਵਾਂ ਦਾ ਸਭ ਤੋਂ ਸੁਨਹਿਰੀ ਅਤੇ ਪਿਆਰਾ ਸੁਫ਼ਨਾ ਰਿਹਾ ਹੈ। ਇਹ ਲੋਕਗੀਤ ਮਾਂ ਦੇ ਉਸ ਟੁੱਟੇ ਸੁਫ਼ਨੇ ਦੀ ਪੀੜ ਦੀ ਤਰਜਮਾਨੀ ਕਰਦਾ ਸੀ। ਜ਼ਾਹਿਰ ਹੈ, ਅਜਿਹੇ ਲੋਕਗੀਤ ਹੋਰ ਬੋਲੀਆਂ ਭਾਸ਼ਾਵਾਂ ਤੇ ਦੇਸ਼ਾਂ ਪਰਦੇਸਾਂ ਵਿੱਚ ਵੀ ਰਚੇ ਤੇ ਗਾਏ ਜਾਂਦੇ ਹੋਣਗੇ; ਖਾਸ ਕਰ ਉਨ੍ਹਾਂ ਸਮਾਜਾਂ ਵਿੱਚ ਜਿੱਥੇ ਕੁੜੀਆਂ ਮੁਕਾਬਲੇ ਮੁੰਡਿਆਂ ਦਾ ਜੰਮਣਾ ਵੱਧ ਮੁਬਾਰਕ ਸਮਝਿਆ ਜਾਂਦਾ ਰਿਹਾ ਹੈ।

ਪੰਜਾਬੀ ਸਮਾਜ ਸਣੇ ਭਾਰਤੀ ਉਪ ਮਹਾਂਦੀਪ ਦੇ ਹੋਰ ਦੇਸ਼ਾਂ ਵਿੱਚ ਸਦੀਆਂ ਤੋਂ ਕੁੜੀਆਂ ਮੁਕਾਬਲੇ ਮੁੰਡਿਆਂ ਦਾ ਜੰਮਣਾ ਵੱਡੀ ਖੁਸ਼ੀ ਦਾ ਸਬੱਬ ਰਿਹਾ ਹੈ। ਕੁੜੀਆਂ ਦੇ ਜੰਮਣ ਨੂੰ ਘਰ ਵਿੱਚ ਪੱਥਰ ਡਿੱਗਣਾ ਕਿਹਾ ਜਾਂਦਾ ਸੀ। ਇਤਿਹਾਸ ਗਵਾਹ ਹੈ ਕਿ 'ਕੁੜੀ ਰੂਪੀ ਪੱਥਰ' ਤੋਂ ਛੁਟਕਾਰਾ ਪਾਉਣ ਲਈ ਕਿੰਨੀਆਂ ਗੈਰ-ਮਨੁੱਖੀ ਰਵਾਇਤਾਂ ਸਮਾਜ ਵਿੱਚ ਪ੍ਰਚੱਲਤ ਰਹੀਆਂ ਹਨ।

ਉਂਝ ਸਾਡੇ ਸਮਾਜ ਵਿੱਚ ਮਾਵਾਂ ਦੇ ਪੁੱਤਾਂ ਦੇ ਛੜੇ ਰਹਿ ਜਾਣ ਦੇ ਹੋਰ ਕਈ ਆਰਥਕ ਸਮਾਜਿਕ ਕਾਰਨ ਹੋਣਗੇ, ਪਰ ਸਭ ਤੋਂ ਵੱਡਾ ਕਾਰਨ ਮੁੰਡਿਆਂ ਮੁਕਾਬਲੇ ਕੁੜੀਆਂ ਦਾ ਘੱਟ ਰਹਿ ਜਾਣਾ ਹੋਵੇਗਾ। ਸਾਡੇ ਸਮਾਜ ਵਿੱਚ ਜਿਵੇਂ ਕੁੜੀਆਂ ਦੀ ਸਮਾਜੀ ਹੈਸੀਅਤ ਮੁੰਡਿਆਂ ਮੁਕਾਬਲੇ ਹੀਣ ਸਮਝੀ ਜਾਂਦੀ ਸੀ, ਉਵੇਂ ਹੀ 'ਸਿਹਰੇ ਬੰਨ੍ਹ ਕੇ ਘੋੜੀ ਚੜ੍ਹਨ' ਵਾਲਿਆਂ ਦੇ ਮੁਕਾਬਲੇ ਵਿਆਹ ਦੀ ਉਮਰੋਂ ਟੱਪ ਕੇ ਛੜੇ ਰਹਿ ਜਾਣ ਵਾਲਿਆਂ ਨੂੰ ਸਰਾਪੇ ਹੋਏ ਅਤੇ ਕੰਧਾਂ-ਕੌਲ਼ੇ ਟੱਪਣ ਵਾਲੇ ਵੈਲੀ ਸਮਝ ਕੇ ਦੁਰਕਾਰਿਆ ਜਾਂਦਾ ਰਿਹਾ, ਹਾਲਾਂਕਿ ਉਨ੍ਹਾਂ ਵਿਚਾਰਿਆਂ ਨੇ 'ਰੱਬ ਦੇ ਮਾਂਹ ਨਹੀਂ ਸੀ ਮਾਰੇ' ਹੁੰਦੇ। ਫਿਰ ਵੀ ਉਹ ਸਾਰੀ ਉਮਰ ਛੜੇ ਰਹਿਣ ਦਾ ਸੰਤਾਪ ਭੋਗਦੇ ਅਤੇ ਲੋਕਾਂ ਦੇ ਤਾਅਨੇ-ਮਿਹਣੇ ਵੀ ਸੁਣਦੇ। ਪੰਜਾਬੀ ਦੇ ਅਨੇਕ ਲੋਕ ਗੀਤਾਂ, ਬੋਲੀਆਂ ਤੇ ਟੱਪਿਆਂ ਤੋਂ ਛੜਿਆਂ ਦੀ ਭੈੜੀ ਅਤੇ ਮਖੌਲ ਦੇ ਪਾਤਰ ਸਮਝੇ ਜਾਣ ਦੀ ਹਾਲਤ ਸਮਝੀ ਜਾ ਸਕਦੀ ਹੈ। 'ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ, ਛੜਿਆਂ ਦੀ ਅੱਗ ਨਾ ਬਲੇ' ਵਰਗੇ ਮਿਹਣਿਆਂ ਦੇ ਗੀਤਾਂ ਨਾਲ ਸਾਡਾ ਸਾਹਿਤ ਭਰਿਆ ਪਿਆ ਹੈ। ਰਵਾਇਤੀ ਪੰਜਾਬੀ ਪੇਂਡੂ ਸਮਾਜ ਦੀ ਛੜੇ ਪਾਤਰ ਬਿਨਾਂ ਕਲਪਨਾ ਨਹੀਂ ਕੀਤੀ ਜਾ ਸਕਦੀ। ਅੱਜ ਕਿਉਂਕਿ ਰਵਾਇਤੀ ਪੇਂਡੂ ਸਮਾਜ ਕਾਫੀ ਬਦਲ ਗਿਆ ਹੈ, ਇਸ ਲਈ ਛੜਾ ਪਾਤਰ ਅੱਖੋਂ ਓਹਲੇ ਹੋ ਗਿਆ ਹੈ। ਇਹਦਾ ਮਤਲਬ ਇਹ ਨਹੀਂ ਕਿ ਪੰਜਾਬੀ ਸਮਾਜ ਵਿੱਚ ਛੜੇ ਨਹੀਂ ਰਹੇ; ਛੜੇ ਨਾ ਸਿਰਫ਼ ਹੈਨ, ਸਗੋਂ ਪਹਿਲਾਂ ਤੋਂ ਵੱਧ ਹਨ, ਭਲੇ ਹੀ ਕੁੜੀਆਂ ਨੂੰ ਗਲ਼ 'ਗੂਠਾ ਜਾਂ ਅਫੀਮ ਦੇ ਕੇ ਮਾਰਨ ਵਰਗੀਆਂ ਮੱਧਯੁਗੀ ਰਵਾਇਤਾਂ ਨਹੀਂ ਰਹੀਆਂ।

ਦਰਅਸਲ ਸੱਭਿਅਕ ਹੁੰਦੀ ਦੁਨੀਆ ਨੇ ਕੁੜੀਆਂ ਤੋਂ ਖਹਿੜਾ ਛੁਡਾਉਣ ਦੇ ਢੰਗ ਵੀ 'ਸੱਭਿਅਕ' ਅਪਣਾ ਲਏ। ਤਿੰਨ-ਚਾਰ ਦਹਾਕੇ ਪਹਿਲਾਂ ਜਦੋਂ 'ਮਾਂ ਦੇ ਪੇਟ ਵਿੱਚ ਕੁੜੀ ਜਾਂ ਮੁੰਡਾ ਹੈ', ਦਾ 'ਸੱਚ' ਦੱਸਣ ਦੀ ਅਲਟਰਾਸਾਊਂਡ ਮਸ਼ੀਨ ਆਈ ਤਾਂ 'ਕੁੜੀ-ਮਾਰਾਂ' ਦੇ ਭਾਅ ਦੇ ਰੰਗ-ਭਾਗ ਲੱਗ ਗਏ। ਅਲਟਰਾਸਾਊਂਡ ਸਕੈਨ ਸੈਂਟਰਾਂ ਵਾਲਿਆਂ ਨੇ ਆਪਣੇ ਪੇਸ਼ੇ ਦੀ ਪਵਿੱਤਰਤਾਪੈਰਾਂ ਹੇਠ ਮਧੋਲ ਕੇ ਜਿਹੜੀਆਂ ਬਾਲੜੀਆਂ ਨੂੰ ਕੁੱਖਾਂ ਵਿੱਚ ਮਾਰਨਾ ਸ਼ੁਰੂ ਕੀਤਾ, ਉਹਦੇ ਸਿੱਟੇ ਅੱਜ ਸਾਹਮਣੇ ਆ ਰਹੇ ਹਨ। 'ਜਦੋਂ ਧੀਆਂ ਮਾਰ ਮੁਕਾਓਗੇ, ਫਿਰ ਨੂੰਹਾਂ ਕਿੱਥੋਂ ਲਿਆਓਗੇ' ਵਾਲੀ ਗੱਲ ਕਿਸੇ ਨੇ ਸੋਚੀ ਹੀ ਨਾ।ਅੱਜ ਜਦੋਂ ਨੂੰਹਾਂ ਨਹੀਂ ਲੱਭ ਰਹੀਆਂ ਤਾਂ ਪੁੱਤਾਂ ਨੂੰ ਸਾਕ ਨੂੰ ਮਾਵਾਂ ਰੋਣਗੀਆਂ ਤੇ ਮਾਵਾਂ ਸਿਰਫ਼ ਪੰਜਾਬ ਜਾਂ ਹਰਿਆਣੇ ਵਿੱਚ ਹੀ ਨਹੀਂ ਰੋਂਦੀਆਂ, ਹਿਮਾਲਾ ਪਰਬਤ ਦੇ ਪਾਰ ਵੀ ਰੋਂਦੀਆਂ ਹਨ।

ਕੁਝ ਸਮਾਂ ਪਹਿਲਾਂ ਚੀਨ ਦੇ ਛੜਿਆਂ ਬਾਰੇ ਰਿਪੋਰਟ ਛਪੀ ਕਿ ਓਥੇ ਆਉਂਦੇ 10 ਸਾਲਾਂ ਵਿੱਚ ਦੋ ਕਰੋੜ ਚਾਲੀ ਲੱਖ ਨੌਜਵਾਨ ਛੜੇ ਹੋਣਗੇ। ਖ਼ਬਰ ਕੱਢ ਕੇ ਲਿਆਉਣ ਵਾਲੀ 'ਚਾਈਨੀਜ਼ ਅਕੈਡਮੀ ਆਫ ਸ਼ੋਸ਼ਲ ਸਾਇੰਸਿਜ਼' ਨੇ ਕਿਹਾ ਸੀ ਕਿ ਦੇਸ਼ ਵਿੱਚ ਮਾਦਾ ਭਰੂਣ ਹੱਤਿਆਵਾਂ ਕਾਰਨ ਲਿੰਗ ਅਨੁਪਾਤ ਗੜਬੜਾ ਗਿਆ ਹੈ। ਇਹ ਨਹੀਂ ਕਿ ਚੀਨ ਜਾਂ ਭਾਰਤ ਵਿੱਚ ਮਾਦਾ ਭਰੂਣ ਹੱਤਿਆ ਜਾਂ ਲਿੰਗ ਟੈਸਟ ਰੋਕਣ ਕਾਨੂੰਨ ਨਹੀਂ; ਹੈਗੇ ਨੇ, ਚੀਨ ਵਿੱਚ ਭਾਰਤ ਤੋਂ ਸਖ਼ਤ ਕਾਨੂੰਨ ਨੇ, ਪਰ ਸਮਾਜਿਕ ਅਲਾਮਤਾਂ ਕੜੇ-ਕਾਨੂੰਨਾਂ, ਸੰਤਾਂ ਜਾਂ ਲੀਡਰਾਂ ਦੇ ਉਪਦੇਸ਼ਾਂ ਤੇ ਸਕੂਲਾਂ ਦੇ ਬੱਚਿਆਂ ਤੋਂ ਸੜਕਾਂ 'ਤੇ ਨਾਅਰੇ ਲਵਾਉਣ ਨਾਲ ਹੱਲ ਨਹੀਂ ਹੁੰਦੀਆਂ।ਇਨ੍ਹਾਂ ਅਲਾਮਤਾਂ ਦੇ ਕਾਰਨ ਨਿਜ਼ਾਮ ਨਾਲ ਜੁੜੇ ਹਨ ਜਿਹੜਾ ਉਨ੍ਹਾਂ ਨੂੰ ਖੁਰਾਕ-ਪਾਣੀ ਪੇਸ਼ ਕਰਦਾ ਹੈ। ਇਸ ਲਈ ਇਨ੍ਹਾਂ ਦਾ ਖ਼ਾਤਮਾ ਨਾਅਰਿਆਂ ਜਾਂ ਉਪਦੇਸ਼ਾਂ ਨਾਲ ਨਹੀਂ, ਮਰਦ ਪ੍ਰਧਾਨ ਤੇ ਪਿਛਾਖੜੀ ਸੱਤਾ ਦਾ ਫਸਤਾ ਵੱਢਣ ਲਈ ਵੱਡੀਆਂ ਸਮਾਜਿਕ ਜਦੋਜਹਿਦਾਂ ਤੇ ਸਮਾਜੀ ਤਬਦੀਲੀਆਂ ਦੀ ਲੋੜ ਹੈ। ਜਿੰਨੀ ਦੇਰ ਅਜਿਹਾ ਨਹੀਂ ਹੁੰਦਾ, ਓਨੀ ਦੇਰ ਔਰਤ/ਲੜਕੀ ਨੂੰ 'ਪੱਥਰ ਡਿੱਗ ਪਿਆ' ਕਿਹਾ ਜਾਂਦਾ ਰਹੇਗਾ ਅਤੇ ਪੱਥਰ ਸਮਝ ਕੇ ਕੁੜੀਆਂ ਨੂੰ ਜੰਮਣ ਤੋਂ ਰੋਕਣ ਦੇ ਓਹੜ ਪੁਹੜ ਕੀਤੇ ਜਾਣਗੇ ਤਾਂ ਓਨੀ ਦੇਰ ਮਾਵਾਂ ਪੁੱਤਾਂ ਦੇ ਸਾਕ ਲਈ ਰੋਂਦੀਆਂ ਰਹਿਣਗੀਆਂ।

# ਦਾਤੀ ਨੂੰ ਲਵਾ ਦੇ ਘੁੰਗਰੂ

-ਜੱਗਾ ਸਿੰਘ ਆਦਮਕੇ



ਖੇਤੀਬਾੜੀ ਮੁੱਢ ਕਦੀਮ ਤੋਂ ਮਨੁੱਖੀ ਖੁਰਾਕ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀ ਰਹੀ ਹੈ। ਜਿਵੇਂ ਜਿਵੇਂ ਮਨੁੱਖ ਵਿਕਸਤ ਹੁੰਦਾ ਗਿਆ, ਉਵੇਂ ਉਵੇਂ ਉਸ ਦੀ ਖੇਤੀਬਾੜੀ ’ਤੇ ਨਿਰਭਰਤਾ ਵਧਦੀ ਗਈ। ਜਿੱਥੇ ਪਹਿਲਾਂ ਇਸ ਦਾ ਉਦੇਸ਼ ਮਨੁੱਖੀ ਭੋਜਨ ਦੀਆਂ ਲੋੜਾਂ ਦੀ ਪੂਰਤੀ ਕਰਨਾ ਸੀ, ਉੱਥੇ ਸਮੇਂ ਨਾਲ ਇਹ ਉਸ ਦੀਆਂ ਆਰਥਿਕ ਜ਼ਰੂਰਤਾਂ ਦੀ ਪੂਰਤੀ ਦਾ ਹਿੱਸਾ ਬਣਦੀ ਗਈ। ਅਜਿਹਾ ਹੋਣ ਕਾਰਨ ਬਹੁਤ ਸਾਰੀਆਂ ਫ਼ਸਲਾਂ ਦਾ ਮਨੁੱਖੀ ਜੀਵਨ ਵਿੱਚ ਬਹੁਪੱਖੀ ਮਹੱਤਵ ਹੋਣ ਕਾਰਨ ਇਹ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਪਛਾਣ ਰੱਖਦੀਆਂ ਹਨ। ਇਹ ਫ਼ਸਲਾਂ ਪੰਜਾਬੀ ਲੋਕ ਗੀਤਾਂ, ਟੱਪਿਆਂ, ਬੋਲੀਆਂ ਵਿੱਚ ਵੱਖ ਵੱਖ ਰੂਪਾਂ ਵਿੱਚ ਚਿਤਰੀਆਂ ਮਿਲਦੀਆਂ ਹਨ।

ਪੰਜਾਬ ਵਿੱਚ ਹੁੰਦੀਆਂ ਫ਼ਸਲਾਂ ਵਿੱਚੋਂ ਕਣਕ ਪ੍ਰਮੁੱਖ ਹੈ। ਇਹ ਪੰਜਾਬੀਆਂ ਦੀ ਖੁਰਾਕ ਦਾ ਹਿੱਸਾ ਹੋਣ ਦੇ ਨਾਲ ਬਹੁਪੱਖੀ ਮਹੱਤਵ ਵਾਲੀ ਹੈ। ਕਣਕ ਕਿੱਥੋਂ ਦੀ ਮੂਲ ਫ਼ਸਲ ਹੈ, ਇਹ ਅਜੇ ਵੀ ਬੁਝਾਰਤ ਹੈ। ਇਸ ਬਾਰੇ ਵੱਖ ਵੱਖ ਦੰਦ ਕਥਾਵਾਂ ਪ੍ਰਸਿੱਧ ਹਨ। ਇਸ ਦਾ ਇਤਿਹਾਸ ਕਾਫ਼ੀ ਪੁਰਾਤਨ ਹੈ। ਵੱਖ ਵੱਖ ਪੁਰਾਤਨ ਸੱਭਿਆਤਾਵਾਂ ਦੇ ਅਵਸ਼ੇਸ਼ਾਂਤੋਂ ਕਣਕ ਦੀ ਫ਼ਸਲ ਦੀ ਪੈਦਾਵਾਰ ਬਾਰੇ ਜਾਣਕਾਰੀ ਮਿਲਦੀ ਹੈ। ਅਸਲ ਵਿੱਚ ਆਰੰਭ ਵਿੱਚ ਹੋਰਨਾਂ ਫ਼ਸਲਾਂ ਵਾਂਗ ਇਹ ਵੀ ਇੱਕ ਜੰਗਲੀ ਘਾਹ ਸੀ। ਮੰਨਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਮਿਸਰ ਦੇ ਲੋਕ ਕਣਕ ਦੀ ਜਾਣਕਾਰੀ ਰੱਖਦੇ ਸਨ। ਸਿੰਧ ਘਾਟੀ ਦੀ ਸੱਭਿਅਤਾ ਦੇ ਲੋਕਾਂ ਦੇ ਕਣਕ ਤੋਂ ਵਾਕਿਫ ਹੋਣ ਦੇਵੀ ਪ੍ਰਮਾਣ ਹਨ। ਮੰਨਿਆ ਜਾਂਦਾ ਹੈ ਕਿ ਏਸ਼ੀਆ ਵਿੱਚ ਸਭ ਤੋਂ ਪਹਿਲਾਂ ਚੀਨ ਵਿੱਚ ਕਣਕ ਦੀ ਪੈਦਾਵਾਰ ਕੀਤੀ ਜਾਣ ਲੱਗੀ ਅਤੇ ਫਿਰ ਇਹ ਪੰਜਾਬ ਸਮੇਤ ਏਸ਼ੀਆ ਦੇ ਦੂਸਰੇ ਖਿੱਤਿਆਂ ਵਿੱਚ ਪੈਦਾ ਕੀਤੀ ਜਾਣ ਲੱਗੀ।

ਕਣਕ ਪੰਜਾਬ ਦੀ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੋਣ ਕਾਰਨ ਪੰਜਾਬੀ ਕਿਸਾਨੀ ਦੇ ਬਹੁਤ ਸਾਰੇ ਪੱਖ ਕਣਕ ਦੇ ਆਸ ਪਾਸ ਘੁੰਮਦੇ ਹਨ। ਫ਼ਸਲਾਂ ਨਾਲ ਕਿਸਾਨ ਦਾ ਮੋਹ ਹੋਣਾ ਲਾਜ਼ਮੀ ਹੈ। ਅਜਿਹਾ ਹੋਣ ਕਾਰਨ ਉਸ ਨੂੰ ਫ਼ਸਲਾਂ ਵਿੱਚ ਜੀਵਨ, ਸਰੀਰਕ ਵਿਕਾਸ ਅਤੇ ਉਨ੍ਹਾਂ ’ਤੇ ਜਵਾਨੀ ਆਉਂਦੀ ਪ੍ਰਤੀਤ ਹੁੰਦੀ ਹੈ। ਕਣਕ ਰਾਹੀਂ ਅਜਿਹੇ ਪੱਖ ਨੂੰ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਪ੍ਰਗਟ ਕੀਤਾ ਮਿਲਦਾ ਹੈ:

ਗੱਭਰੂ ਹੋ ਗਈਆਂ ਕਣਕਾਂ,<br>
ਵੱਖਰੀ ਜੌਂ ’ਤੇ ਜਵਾਨੀ ਆਈ।

ਇਹ ਪੰਜਾਬ ਦੇ ਕਿਸਾਨੀ ਜੀਵਨਦੇ ਜੀਵਨ ਦੇ ਵੱਖ ਵੱਖ ਪੱਖਾਂ ਦੀ ਤਰਜਮਾਨੀ ਕਰਦੀ ਤੇ ਦੁੱਖ ਸੁੱਖ ਦੇ ਪ੍ਰਗਟਾਵੇ ਦਾ ਜ਼ਰੀਆ ਹੈ।ਆਪਣੇ ਕਿਸੇ ਪਿਆਰੇ ਦੇ ਦੂਰ ਜਾਣ ਦੇ ਦਰਦ ਨੂੰ ਕਣਕਾਂ ਰਾਹੀਂ ਪ੍ਰਗਟ ਕੀਤਾ ਮਿਲਦਾ ਹੈ:

ਐਧਰ ਕਣਕਾਂ, ਓਧਰ ਕਣਕਾਂ,<br>
ਵਿੱਚ ਕਣਕਾਂ ਦੇ ਬੂਰ ਪਿਆ।<br>
ਛੱਡ ਆਈਆਂ ਬਹਾਰਾਂ ਨੂੰ,<br>
ਚੰਦਰਾ ਮੈਥੋਂ ਬੜਾ ਦੂਰ ਗਿਆ।

ਕਣਕ ਤੇ ਛੋਲੇ ਪੰਜਾਬ ਦੀ ਹਾੜ੍ਹੀ ਦੀਆਂ ਪ੍ਰਮੁੱਖ ਫ਼ਸਲਾਂ ਹਨ। ਇਨ੍ਹਾਂ ਦੇ ਨਿੱਸਰਨ ਭਾਵ ਦਾਣਿਆਂ ਲਈ ਬੱਲੀਆਂ ਅਤੇ ਟਾਟਾਂ ਬਣਨ ਦੀ ਪ੍ਰਕਿਰਿਆ ਦੇ ਹੌਲੀ ਹੌਲੀ ਵਾਪਰਨ ਵਾਂਗ ਲੜਕੀਆਂ/ ਧੀਆਂ ਦੇ ਆਪਣੇ ਪੇਕੇ ਘਰ ਨੂੰ ਹੌਲੀ ਹੌਲੀ ਭੁੱਲਣ ਸਬੰਧੀ ਕਣਕ ਤੇ ਛੋਲਿਆਂ ਦੇ ਨਿੱਸਰਨ ਰਾਹੀਂ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ :

ਕਣਕ ਤੇ ਛੋਲਿਆਂ ਦਾ ਖੇਤ ਹੌਲੀ ਹੌਲੀ ਨਿੱਸਰੇਗਾ,<br>
ਬਾਬਲ ਧਰਮੀ ਦਾ ਵਿਹੜਾ ਹੌਲੀ ਹੌਲੀ ਵਿੱਸਰੇਗਾ।<br>
ਬਾਬਲ ਧਰਮੀ ਦਾ ਦੇਸ਼, ਹੌਲੀ ਹੌਲੀ ਵਿੱਸਰੇਗਾ।

ਇਸੇ ਤਰ੍ਹਾਂ ਕਣਕਾਂ ਦੇ ਨਿੱਸਰਨ ਰਾਹੀਂ ਟੱਪਿਆਂ, ਬੋਲੀਆਂ ਵਿੱਚ ਮਾਵਾਂ ਨੂੰ ਧੀਆਂ ਦੇ ਵਿੱਸਰਨ ਸਬੰਧੀ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏਂ,<br>
ਕਣਕਾਂ ਨਿੱਸਰੀਆਂ, ਧੀਆਂ ਕਿਉਂ ਵਿੱਸਰੀਆਂ ਮਾਏਂ।

ਲੋਕ ਸਿਆਣਪਾਂ ਮਨੁੱਖੀ ਤਜਰਬੇ ਦਾ ਨਿਚੋੜ ਹਨ। ਵੱਖ ਵੱਖ ਪੱਖਾਂ ਦੇ ਨਾਲ ਖੇਤੀਬਾੜੀ ਸਬੰਧੀ ਕਾਫ਼ੀ ਕੁਝ ਇਨ੍ਹਾਂ ਲੋਕ ਸਿਆਣਪਾਂ ਦਾ ਹਿੱਸਾ ਹੈ। ਕੁਝ ਇਸੇ ਤਰ੍ਹਾਂ ਲੋਕ ਸਿਆਣਪਾਂ ਵਿੱਚ ਕਣਕ ਵਰਗੀਆਂ ਫ਼ਸਲਾਂ ਵਿੱਚ ਰੂੜੀ ਦੀ ਖਾਦ ਦੇ ਉਪਯੋਗ ਕਰਨ ਦੇ ਮਹੱਤਵ ਸਬੰਧੀ ਕੁਝ ਏਦਾਂ ਕਿਹਾ ਮਿਲਦਾ ਹੈ:

ਕਣਕ, ਕਪਾਹੀ, ਕਮਾਦੀ, ਮੱਕੀ ਖੇਤੀ ਕੁੱਲ,<br>
ਰੂੜੀ ਬਾਝ ਨਾ ਹੁੰਦੀਆਂ, ਕਿਤੇ ਨਾ ਜਾਈਂ ਭੁੱਲ।

ਵਿਸ਼ਵ ਦੇ ਦੂਸਰੇ ਹਿੱਸਿਆਂ ਦੇ ਲੋਕਾਂ ਦੇ ਨਾਲ ਕਣਕ ਪੰਜਾਬੀਆਂ ਦੀ ਖੁਰਾਕ ਦਾ ਵੀ ਪ੍ਰਮੁੱਖ ਹਿੱਸਾ ਹੈ। ਕਣਕ ਦੀ ਫ਼ਸਲ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਪੁਰਾਣੀ ਹੋਣ ਦੇ ਨਾਲ ਵਧੇਰੇ ਗੁਣਕਾਰੀ ਤੇ ਖੁਰਾਕੀ ਪੱਖੋਂ ਵਧੇਰੇ ਉਪਯੋਗੀ ਹੋ ਜਾਂਦੀ ਹੈ। ਕਣਕ ਦੇ ਇਸ ਪੱਖ ਸਬੰਧੀ ਪੰਜਾਬੀ ਲੋਕ ਸਿਆਣਪਾਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

ਕਣਕ ਪੁਰਾਣੀ, ਘਿਓ ਨਵਾਂ, ਘਰ ਸਤਵੰਤੀ ਨਾਰ,<br>
ਘੋੜਾ ਹੋਵੇ ਚੜ੍ਹਨ ਨੂੰ, ਸੁਖੀ ਹੋਵੇ ਸੰਸਾਰ।

ਪੰਜਾਬੀ ਲੋਕ ਕਹਾਵਤਾਂ, ਅਖਾਣਾਂ, ਮੁਹਾਵਰਿਆਂ, ਲੋਕ ਸਿਆਣਪਾਂ ਵਿੱਚ ਵੱਖ ਵੱਖ ਫ਼ਸਲਾਂ ਨੂੰ ਵੱਖ ਵੱਖ ਰੂਪਾਂ ਵਿੱਚ ਚਿਤਰਿਆ ਮਿਲਦਾ ਹੈ। ਕੁਝ ਇਸੇ ਤਰ੍ਹਾਂ ਜੇ ਕੋਈ ਬਿਨਾਂ ਕਿਸੇ ਸੰਭਾਵਨਾ, ਤਿਆਰੀ, ਹਾਲਾਤ ਦੇ ਕਿਸੇ ਵਰਤਾਰੇ ਦੇ ਵਾਪਰਨ ਦੀਗੱਲ ਕਰੇ ਤਾਂ ਇਸ ਤਰ੍ਹਾਂ ਦੇ ਵਰਤਾਰੇ ਸਬੰਧੀ ਕਣਕ ਰਾਹੀਂ ਇਸ ਤਰ੍ਹਾਂ ਕਿਹਾ ਮਿਲਦਾ ਹੈ :

ਕਣਕ ਖੇਤ, ਕੁੜੀ ਪੇਟ,<br>
ਆ ਜਵਾਈਆ ਮੰਡੇ ਖਾ।

ਕਣਕ ਦੀ ਫ਼ਸਲ ਪੰਜਾਬੀ ਕਿਸਾਨਾਂ ਦੀ ਆਰਥਿਕਤਾ ਦਾ ਮੁੱਖ ਸਰੋਤ ਰਹੀ ਹੈ। ਕਿਸਾਨੀ ਦੀ ਮਾੜੀ ਆਰਥਿਕਤਾ ਤੇ ਖੇਤੀ ਆਧਾਰਿਤ ਦੂਸਰੇ ਕਿੱਤਿਆਂ ਦੀ ਸਫਲਤਾ ਨੂੰ ਕਣਕ ਰਾਹੀਂ ਸ਼ਾਇਰ ਸੰਤ ਰਾਮ ਉਦਾਸੀ ਕੁਝ ਏਦਾਂ ਦੱਸਦਾ ਹੈ :

ਸਾਡੇ ਪਿੜ ਵਿੱਚ ਤੇਰੇ ਗਲ ਚੀਥੜੇ,<br>
ਨੀਂ ਮੇਰੀਏ ਜਵਾਨ ਕਣਕੇ।<br>
ਕੱਲ੍ਹ ਸ਼ਾਹਾਂ ਦੇ ਗੁਦਾਮ ਵਿੱਚੋਂ ਨਿਕਲੇਂ,<br>
ਤੂੰ ਸੋਨੇ ਦਾ ਪਟੋਲਾ ਬਣ ਕੇ।

ਕਣਕ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੋਣ ਕਾਰਨ ਪੰਜਾਬੀ ਕਿਸਾਨੀ ਦੀ ਆਰਥਿਕਤਾ ਦਾ ਪ੍ਰਮੁੱਖ ਧੁਰਾਹੈ। ਪੰਜਾਬੀਆਂ ਦੀਆਂ ਬਹੁਤ ਸਾਰੀਆਂ ਗਰਜ਼ਾਂ ਕਣਕ ਦੀ ਫ਼ਸਲ ’ਤੇ ਨਿਰਭਰ ਹੁੰਦੀਆਂ ਸਨ, ਪ੍ਰੰਤੂ ਕਿਸੇ ਕਿਸਾਨ ਵੱਲੋਂ ਕਣਕ ਦਾ ਸਾਰਾ ਬੋਹਲ ਵੇਚਣ ਦੇ ਬਾਵਜੂਦ ਖਾਲੀ ਰਹਿਣ ਦਾ ਵਰਣਨ ਵੀ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ :

ਬੋਹਲ ਸਾਰਾ ਵੇਚਿਆ ਗਿਆ,<br>
ਛਿੱਲੜ ਇੱਕ ਵੀ ਹੱਥ ਨਾ ਆਇਆ।

ਕਿਸਾਨੀ ਆਰਥਿਕਤਾ ਦਾ ਮੁੱਖ ਸਰੋਤ ਫ਼ਸਲਾਂ ਹੁੰਦੀਆਂ ਹਨ। ਸਾਰੇ ਖ਼ਰਚੇ ਉਨ੍ਹਾਂ ’ਤੇ ਨਿਰਭਰ ਹੁੰਦੇ ਹਨ। ਉਨ੍ਹਾਂ ’ਤੇ ਪਈਆਂ ਵੱਖ ਵੱਖ ਤਰ੍ਹਾਂ ਦੀਆਂ ਮਾਰਾਂਵੀ ਆਰਥਿਕ ਰੂਪ ਵਿੱਚ ਫ਼ਸਲਾਂ ਸਹਿਣ ਕਰਦੀਆਂ ਹਨ। ਕਿਸਾਨਾਂ ਦੇ ਅਜਿਹੇ ਪੱਖ ਦਾ ਜ਼ਿਕਰ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ :

ਕਣਕ ਤੇਰੀ ਵਕੀਲਾਂ ਖਾਧੀ,<br>
ਸਾਉਣੀ ਤੇਰੀ ’ਤੇ ਕਬਜ਼ਾ ਸ਼ਾਹਾਂ ਦਾ।

ਕਣਕ ਪੰਜਾਬੀ ਖੁਰਾਕ ਦਾ ਪ੍ਰਮੁੱਖ ਸਰੋਤ ਹੈ। ਇਹ ਅਨੇਕਾਂ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੀ ਹੈ। ਪੰਜਾਬੀ ਘਰਾਂ ਵਿੱਚ ਹੋਰ ਬਹੁਤ ਸਾਰੇ ਪਕਵਾਨਾਂ ਦੇ ਨਾਲ ਰੋਟੀਆਂ ਬਣਾਉਣ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਕਣਕ ਦੇ ਅਜਿਹੇ ਖੁਰਾਕੀ ਪੱਖ ਨੂੰ ਲੋਕ ਕਾਵਿ ਰੂਪਾਂ ਵਿੱਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਮਿਲਦਾ ਹੈ :

ਬੱਗੀ ਬੱਗੀ ਕਣਕ ਦੇ ਮੰਡੇ ਮੈਂ ਪਕਾਉਨੀ ਆਂ,<br>
ਛਾਵੇਂ ਬਹਿ ਕੇ ਖਾਵਾਂਗੇ,<br>
ਚਿੱਤ ਕਰੂ ਮੁਕਲਾਵੇ ਜਾਵਾਂਗੇ।

ਕਦੇ ਪੰਜਾਬ ਵਿੱਚ ਕਣਕ ਉਤਪਾਦਨ ਘੱਟ ਹੋਣ ਕਾਰਨ ਕਣਕ ਦੀ ਥਾਂ ਦੂਸਰੇ ਅਨਾਜਾਂ ਦੀ ਵਰਤੋਂ ਰੋਟੀ ਬਣਾਉਣ ਲਈ ਕੀਤੀ ਜਾਂਦੀ ਸੀ। ਮਾਲਵੇ ਵਿੱਚ ਇਸ ਲਈ ਆਮ ਕਰਕੇ ‘ਬੇਰੜੇ’ ਜਾਂ ਸਰਦੀ ਵਿੱਚ ਬਾਜਰੇ ਦੀ ਵਰਤੋਂ ਕੀਤੀ ਜਾਂਦੀ ਹੈ। ਕਣਕ ਦੀਆਂ ਰੋਟੀਆਂ ਕੁਝ ਖ਼ਾਸ ਲੋਕਾਂ ਨੂੰ ਵਿਸ਼ੇਸ਼ ਮੌਕਿਆਂ ’ਤੇ ਦਿੱਤੀਆਂ ਜਾਂਦੀਆਂ ਸਨ। ਕਣਕ ਦੇ ਅਜਿਹੇ ਪੱਖ ਨੂੰ ਟੱਪਿਆਂ, ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਪ੍ਰਗਟਾਇਆ ਮਿਲਦਾ ਹੈ :

ਅਸੀਂ ਯਾਰ ਦੀ ਤਰੀਕੇ ਜਾਣਾ,<br>
ਕਣਕ ਦੇ ਲਾਹਦੇ ਫੁਲਕੇ।

ਕਣਕ ਦੇ ਵਿਸ਼ੇਸ਼ ਮਹੱਤਵ ਕਾਰਨ ਲੋਕ ਸਾਹਿਤ ਦੇ ਵੱਖ ਵੱਖ ਰੂਪਾਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ। ਕੁਝ ਅਜਿਹਾ ਹੋਣ ਕਾਰਨ ਹੀ ਲੋਰੀਆਂ ਵਿੱਚ ਕਣਕ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

ਅੱਲੜ ਬੱਲੜ ਬਾਵੇ ਦਾ,<br>
ਬਾਵਾ ਕਣਕ ਲਿਆਵੇਗਾ,<br>
ਬਾਵੀ ਬਹਿ ਕੇਛੱਟੇਗੀ,<br>
ਮਾਂ ਪੂਣੀਆਂ ਕੱਤੇਗੀ,<br>
ਬਾਵੀ ਮੰਡੇ ਪਕਾਵੇਗੀ,<br>
ਬਾਵੀ ਬਹਿ ਕੇ ਖਾਵੇਗੀ।

ਰੋਟੀਆਂ ਬਣਾਉਣਾ ਵੀ ਸੁਆਣੀਆਂ ਦੇ ਘਰੇਲੂ ਕੰਮ ਕਾਰ ਦਾ ਹਿੱਸਾ ਹੈ। ਸ਼ੌਂਕ ਨਾਲ ਬਣਾਈਆਂ ਜਾਂਦੀਆਂ ਕਣਕ ਦੀਆਂ ਹਲਕੀਆਂ ਫੁਲਕੀਆਂ ਰੋਟੀਆਂ ਨੂੰ ਫੁਲਕੇ ਕਿਹਾ ਜਾਂਦਾ ਹੈ।ਏਸੇ ਕਾਰਨ ਲੋਕ ਬੋਲੀਆਂ ਵਿੱਚ ਇਸ ਪੱਖ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

ਅਰਬੀ ਅਰਬੀ ਅਰਬੀ,<br>
ਬਈ ਵਹੁਟੀ ਨੌਕਰ ਦੀ,<br>
ਪਾਣੀ ਖੂਹ ਤੋਂ ਭਰਦੀ,<br>
ਫਾਰਮੀ ਕਣਕ ਦੀਆਂ ਲਾਹੁੰਦੀ ਫੁਲਕੇ।<br>
ਦਾਲ ਕੱਦੂ ਦੀ ਧਰਦੀ।

ਸਿੱਠਣੀਆਂ ਵਿਆਹ ਸਮੇਂ ਗਾਏ ਜਾਂਦੇ ਗੀਤ ਹਨ। ਇਨ੍ਹਾਂ ਵਿੱਚ ਕਾਫ਼ੀ ਕੁਝ ਪ੍ਰਤੀਕਾਤਮਕ ਰੂਪ ਵਿੱਚ ਬਿਆਨ ਕੀਤਾ ਮਿਲਦਾ ਹੈ। ਲਾੜੇ ਨੂੰ ਦਿੱਤੀਆਂ ਜਾਂਦੀਆਂ ਸਿੱਠਣੀਆਂ ਵਿੱਚ ਕਣਕ ਰਾਹੀਂ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

ਲਾੜੇ ਦੀ ਭੈਣ ਦੀ ਕਣਕ, ਹੁਲਾਰੇ ਆਈ,<br>
ਕਣਕ ਹੋਈ ਮਣ ਚਾਰ,<br>
ਹਾਲਾ ਮੰਗਦੀ ਸਰਕਾਰ,<br>
ਬਈ ਕਣਕ ਹੁਲਾਰੇ ਆਈ।

ਕਣਕ ਸਰਦੀ ਦੇ ਮੌਸਮ ਦੀ ਫ਼ਸਲ ਹੈ। ਚੇਤ ਮਹੀਨੇ ਦੇ ਕੁਝ ਗਰਮ ਹੋਏ ਦਿਨਾਂ ਵਿੱਚ ਇਸ ਦਾ ਰੰਗ ਸੁਨਹਿਰੀ ਹੋਣਾ ਸ਼ੁਰੂ ਹੋ ਜਾਂਦਾ ਹੈ। ਵਿਸਾਖ ਦੇ ਆਰੰਭ ਵਿੱਚ ਇਸ ਦੀ ਕਟਾਈ ਸ਼ੁਰੂ ਹੋ ਜਾਂਦੀ ਹੈ। ਕਣਕ ਦੇ ਇਸ ਪੱਖ ਦਾ ਜ਼ਿਕਰ ਟੱਪਿਆਂ ਤੇ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ:

ਚੜ੍ਹਿਆ ਵਿਸਾਖ, ਕਣਕਾਂ ਵੀ ਪੱਕੀਆਂ।<br>
ਛੋਲੇ ਹੋਏ ਕਰੜ ਬਰੜੇ।

ਕਣਕ ਦੀ ਬੱਲੀ ਵਿੱਚ ਦਾਣੇ ਪਣਪਣ ਤੋਂ ਲੈ ਕੇ ਪੱਕਣ ਤੱਕ ਦੀ ਪ੍ਰਕਿਰਿਆ ਹੁੰਦੀ ਹੈ। ਇਸ ਦੇ ਨਾਲ ਨਾਲ ਇਸ ਦੀ ਵਿਸ਼ੇਸ਼ ਬਣਤਰ ਵੀ ਆਕਰਸ਼ਿਤ ਕਰਨ ਵਾਲੀ ਹੁੰਦੀ ਹੈ। ਅਜਿਹਾ ਹੋਣ ਕਾਰਨ ਇਸ ਦੀ ਵਰਤੋਂ ਪ੍ਰਤੀਕਾਤਮਕ ਰੂਪ ਵਿੱਚ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ:

ਬੱਲੀਏ ਕਣਕ ਦੀਏ,<br>
ਤੈਨੂੰ ਖਾਣਗੇ ਨਸੀਬਾਂ ਵਾਲੇ।

ਕਣਕ ਦੀਆਂ ਬੱਲੀਆਂ ਰਾਹੀਂ ਆਪਣੇ ਮਹਿਰਮ ਦੇ ਆਉਣ ਦੀ ਦੇਰੀ ਦਾ ਉਲਾਂਭਾ ਏਦਾਂ ਦਿੱਤਾ ਮਿਲਦਾ ਹੈ :

ਵੇ ਹਾਣੀਆਂ, ਕਣਕਾਂ ਨੂੰ ਲੱਗੀਆਂ<br>
ਗਿੱਠ ਗਿੱਠ ਲੰਬੀਆਂ ਬੱਲੀਆਂ,<br>
ਦਿਲ ਦੇ ਮਹਿਰਮਾ,<br>
ਤੇਰੇ ਆਉਣ ਦੀਆਂ<br>
ਇਹ ਤਰੀਕਾਂ ਇਹ ਵੀ ਲੰਘ ਚੱਲੀਆਂ।

ਕਿਸਾਨਾਂ ਦੀ ਆਰਥਿਕਤਾ ਦਾ ਪ੍ਰਮੁੱਖ ਸਰੋਤ ਹੋਣ ਕਾਰਨ ਕਣਕ ਦੇ ਆਉਣ ’ਤੇ ਕਿਸਾਨਾਂ ਵਿੱਚ ਹੌਸਲਾ ਆਉਣਾ ਲਾਜ਼ਮੀ ਹੈ। ਅਜਿਹੇ ਪੱਖ ਦਾ ਜ਼ਿਕਰ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ :

ਜੱਟ ਸ਼ਾਹਾਂ ਨੂੰ ਖੰਘੂਰੇ ਮਾਰੇ,<br>
ਕਣਕਾਂ ਨਿੱਸਰ ਗਈਆਂ।

ਅਜੋਕੇ ਖੇਤੀਬਾੜੀ ਨਾਲ ਸਬੰਧਤ ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਘਰ ਦੀਆਂ ਸੁਆਣੀਆਂ ਸਮੇਤ ਘਰ ਦੇ ਸਾਰੇ ਮੈਂਬਰ ਖੇਤੀਬਾੜੀ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਸਨ। ਇਸ ਸਮੇਂ ਗਰਮੀ ਵਧਣ ਕਾਰਨ ਕਣਕ ਦੀ ਫ਼ਸਲ ਦੇ ਪੌਦਿਆਂ ਦੇ ਜਲਦੀ ਸੁੱਕ ਕੇ ਇਸ ਦੀਆਂ ਬੱਲੀਆਂ ਜਲਦੀ ਝੜਨ ਦਾ ਖ਼ਤਰਾ ਹੁੰਦਾ ਹੈ।ਇਸ ਲਈ ਵਾਢੀ ਵਿੱਚ ਸਹਿਯੋਗ ਲਈ ਕਿਸੇ ਔਰਤ ਵੱਲੋਂ ਮਰਦ ਦੇ ਬਰਾਬਰ ਹਾੜ੍ਹੀ ਵੱਢਣ ਦੀ ਗੱਲ ਕੀਤੀ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦੀ ਹੈ :

ਦਾਤੀ ਨੂੰ ਲਵਾ ਦੇ ਘੁੰਗਰੂ,<br>
ਹਾੜ੍ਹੀ ਵੱਢੂੰਗੀ ਬਰੋਬਰ ਤੇਰੇ।

ਹਾੜ੍ਹੀ ਵੱਢਣ ਦੇ ਦਿਨਾਂ ਵਿੱਚ ਗਰਮੀ ਹੋ ਜਾਂਦੀ ਹੈ। ਨਾਲ ਦੀ ਨਾਲ ਕਣਕ ਦੀ ਵਾਢੀ ਸਖ਼ਤ ਮਿਹਨਤ ਵਾਲਾ ਕੰਮ ਹੈ। ਅਜਿਹਾ ਹੋਣ ਕਾਰਨ ਵਾਢੀ ਕਰਦਿਆਂ ਦੇ ਪਸੀਨਾ ਆਉਣਾ ਵੀ ਆਮ ਜਿਹੀ ਗੱਲ ਹੈ। ਟੱਪਿਆਂ ਵਿੱਚ ਕਣਕ ਦੀ ਵਾਢੀ ਨਾਲ ਸਬੰਧਤ ਅਜਿਹੇ ਪੱਖ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

ਵਾਢੀ ਕਰਦੀ ਬਰੋਬਰ ਤੇਰੇ,<br>
ਮੱਥੇ ਉੱਤੋਂ ਚੋਵੇ ਮੁੜਕਾ।

ਇਸ ਤਰ੍ਹਾਂ ਕਣਕ ਪੰਜਾਬ ਦੀ ਪ੍ਰਮੁੱਖ ਫ਼ਸਲ ਹੋਣ ਦੇ ਨਾਲ ਮੁੱਖ ਖੁਰਾਕੀ ਪਦਾਰਥ ਹੈ। ਇਕੱਲਾ ਪੰਜਾਬ ਹੀ ਨਹੀਂ ਬਲਕਿ ਵਿਸ਼ਵ ਪੱਧਰ ’ਤੇ ਖੁਰਾਕੀ ਜ਼ਰੂਰਤਾਂ ਦੀ ਪੂਰਤੀ ਲਈ ਮੱਕੀ ਤੋਂ ਬਾਅਦ ਦੂਸਰੀ ਸਭ ਤੋਂ ਵੱਧ ਪੈਦਾ ਕੀਤੀ ਜਾਣ ਵਾਲੀ ਫ਼ਸਲਕਣਕਹੈ। ਇਹ ਬਹੁਤ ਸਾਰੇ ਖੁਰਾਕੀ ਤੱਤਾਂ ਨਾਲ ਭਰਪੂਰ ਹੈ। ਇਸ ਵਿੱਚ ਕਾਰਬੋਹਾਈਡਰੇਟ, ਪ੍ਰੋਟੀਨ ਅਤੇ ਦੂਸਰੇ ਸੂਖਮ ਖੁਰਾਕੀ ਖਣਿਜ ਪਦਾਰਥ ਮੌਜੂਦ ਹੁੰਦੇ ਹਨ। ਕਣਕ ਦੇ ਬਹੁਪੱਖੀ ਮਹੱਤਵ ਕਾਰਨ ਇਹ ਲੋਕ ਸਾਹਿਤ ਅਤੇ ਸੱਭਿਆਚਾਰ ਵਿੱਚ ਵੀ ਵਿਸ਼ੇਸ਼ ਪਛਾਣ ਰੱਖਦੀ ਹੈ।

## ਪੱਕ ਪਈਆਂ ਕਣਕਾਂ ਲੁਕਾਟ ਰੱਸਿਆ…

-ਸੁਖਪਾਲ ਸਿੰਘ ਗਿੱਲ

ਪ੍ਰਕਿਰਤੀ ਅਤੇ ਫ਼ਸਲਾਂ ਨੂੰ ਵੱਧ ਪਿਆਰ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੁਦਰਤ ਅਨੁਭਵ ਨਿਵੇਕਲਾ ਹੈ, ਇਸੇ ਲਈ ਉਨ੍ਹਾਂ ਨੇ ਸਾਰੇ ਬ੍ਰਹਿਮੰਡ ਨੂੰ ਕੁਦਰਤ ਮੰਨਿਆ ਤੇ ਏਸੇ ਲਈ ਫ਼ਸਲਾਂ ਵਿੱਚ ਕਾਦਰ ਨੂੰ ਵਿਆਪਕ ਮੰਨਿਆਅਤੇ ਇਸੇ ਲਈ ਉਨ੍ਹਾਂ ਰਚਿਆ ਸੀ: ‘ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥’ ਕਰਤਾਰਪੁਰ ਦੀ ਖੇਤੀ ਪਿੱਛੋਂ ਖੇਤੀ ਦੀ ਜੋ ਲੜੀ ਚੱਲੀ, ਉਹ ਪੰਜਾਬ ਵਿੱਚ ਅੱਜ ਵੀ ਲਹਿਰਾ ਰਹੀ ਹੈ। ਇਸ ਦੀ ਮੁੱਖ ਫ਼ਸਲ ਹਾੜ੍ਹੀ ਦੀ ਕਣਕ ਹੈ। ਛਿਮਾਹੀ ਦੀ ਉਡੀਕ ਪਿੱਛੋਂ ਪੱਕੀ ਕਣਕ ਪੰਜਾਬੀਆਂ ਦੇ ਸੁਪਨੇ ਪੂਰੇ ਕਰਨ ਦਾ ਸਾਧਨ ਬਣਦੀ ਹੈ।

ਕਣਕ ਦਾ ਪੰਜਾਬੀ ਕਿਸਾਨ ਅਤੇ ਵਿਸਾਖੀ ਨਾਲ ਗੂੜ੍ਹਾ ਸਬੰਧ ਹੈ। ਇਹ ਇੱਕ ਦੂਜੇ ਤੋਂ ਬਿਨਾਂ ਅਧੂਰੇ ਲੱਗਦੇ ਹਨ। ਕਣਕ ਦੀ ਫ਼ਸਲ ਹਰੀ ਤੋਂ ਸੁਨਹਿਰੀ ਹੋਣ ਦੇ ਨਾਲ ਦਾਤੀ ਨੂੰ ਘੁੰਗਰੂ ਲੱਗ ਜਾਂਦੇ ਹਨ। ਅੱਜ ਦੇ ਸਮੇਂ ਗਹੁ ਨਾਲ ਦੇਖਿਆ ਜਾਵੇ ਤਾਂ ਕੁਝ ਚੀਜ਼ਾਂ ਤੋਂ ਬੀਤੇ ਦੇ ਪਰਛਾਵੇਂ ਨਜ਼ਰ ਆਉਂਦੇ ਹਨ। ਆਪਣੀ ਆਦਤ ਅਨੁਸਾਰ ਪੰਜਾਬੀ ਪਰਿਵਾਰਾਂ ਦੇ ਬੂਹੇ ’ਤੇ ਵਿਸਾਖੀ ਦਾ ਮੇਲਾ ਆਪਣੀ ਅਲਖ ਜਗਾਉਣ ਆ ਜਾਂਦਾ ਹੈ। ਪਹਿਲੇ ਸਮੇਂ ਵਿੱਚ ਕਣਕ ਬਿਨਾਂ ਪਾਣੀ ਤੇ ਖਾਦ ਤੋਂ ਮਾਰੂ ਹੁੰਦੀ ਸੀ। ਇਸ ਲਈ ਪੰਜਾਬੀ ਲੋਕ ਕਣਕ ਛੇਤੀ ਵੱਢ ਕੇ ਵਿਸਾਖੀ ਦੇ ਮੇਲੇ ’ਤੇ ਜਾਣ ਦੀ ਤਿਆਰੀ ਕਰਦੇ ਸਨ। ਇਸ ਲਈ ਲਾਲਾ ਧਨੀ ਰਾਮ ਚਾਤ੍ਰਿਕ ਨੇ ਇਉਂ ਨਜ਼ਾਰਾ ਪੇਸ਼ ਕੀਤਾ ਹੈ:

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,<br>
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,<br>
ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,<br>
ਮਾਲ ਧੰਦਾ ਸਾਂਭਣੇ ਨੂੰ ਕਾਮਾ ਛੱਡ ਕੇ,<br>
ਪੱਗ ਝੱਗਾ ਚਾਦਰਾ ਨਵਾਂ ਸੰਵਾਇ ਕੇ,<br>
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,<br>
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,<br>
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਹਾੜ੍ਹੀ ਦੀ ਰਾਣੀ ਕਣਕ ਕਿਸਾਨ ਨੂੰ ਗੁਰਬਤ ਵਿੱਚੋਂ ਨਿਕਲਣ ਦਾ ਸੁਨੇਹਾ ਦਿੰਦੀ ਹੋਈ ਆਪਣੇ ਪਰਿਵਾਰ ਦਾ ਚਾਅ ਮਲਾਰ ਪੂਰਾ ਕਰਨ ਲਈ ਹੱਲਾਸ਼ੇਰੀ ਦਿੰਦੀ ਹੈ। ਇਸ ਨਾਲ ਕਿਸਾਨ ਦਾ ਆਰਥਿਕ ਪੱਖ ਬਹੁਤ ਗੂੜ੍ਹਾ ਸਬੰਧ ਰੱਖਦਾ ਹੈ। ਹਰੀ ਕ੍ਰਾਂਤੀ ਮਗਰੋਂ ਕਣਕ ਦੀ ਫ਼ਸਲ ਅਤੇ ਝਾੜ ਨੇ ਵਾਰੇ ਨਿਆਰੇ ਸ਼ੁਰੂ ਕੀਤੇ। ਇਸ ਨਾਲ ਪੰਜਾਬੀਆਂ ਨੂੰ ਜਗੀਰਦਾਰੀ ਅਨੁਭਵ ਵੀ ਹੋਣ ਲੱਗਾ। ਕਿਸਾਨ ਦੇ ਮਿਹਨਤੀ ਸੁਭਾਅ ਨੂੰ ਗ੍ਰਹਿਣ ਵੀ ਲੱਗਿਆ। ਪਰਵਾਸੀ ਮਜ਼ਦੂਰਾਂ ਦੀ ਆਮਦ ਕਾਰਨ ਪੰਜਾਬ ਦੇ ਕਿਸਾਨੀ ਸੱਭਿਆਚਾਰ ਨੂੰ ਸੱਟ ਵੱਜੀ ਹੈ। ਮਸ਼ੀਨੀ ਯੁੱਗ ਕਾਰਨ ਵੀ ਪੱਕੀ ਸੁਨਹਿਰੀ ਕਣਕ ਰਾਤ ਨੂੰ ਕੱਟ ਕੇ ਸਵੇਰੇ ਖੇਤ ਰੜਾ ਮੈਦਾਨ ਹੋ ਜਾਂਦਾ ਹੈ। ਕਣਕ ਅਤੇ ਹੋਰ ਫ਼ਸਲਾਂ ਰੁੱਤਾਂ ਅਨੁਸਾਰ ਆਉਂਦੀਆਂ-ਜਾਂਦੀਆਂ ਪੰਜਾਬੀਆਂ ਨੂੰ ਹੁਲਾਰੇ ਦਿੰਦੀਆਂ ਰਹਿੰਦੀਆਂ ਹਨ। ਇਸੇ ਲਈ ਘਰੇਲੂ ਨੋਕ-ਝੋਕ ਵਿੱਚ ਵੀ ਕਣਕ ਮੌਜੂਦ ਰਹਿੰਦੀ ਹੈ:

ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਹੀਓਂ ਬਹਿੰਦੀ,<br>
ਮੇਰੀ ਕਣਕ ਮੋਤੀਆਂ ਵਰਗੀ, ਨੀਂ ਤੇਰੇ ਪੈਰੀਂ ਪੈਂਦੀ।

ਕਣਕ ਗੌਰਵਮਈ ਵਿਰਸੇ ਵਿੱਚ ਵਿਰਾਸਤੀ ਖ਼ੁਸ਼ਬੂ ਖਿਲਾਰਦੀ ਹੈ। ਇਹ ਆਰਥਿਕ ਖ਼ੁਸ਼ਹਾਲੀ ਦਾ ਮੁੱਖ ਸਰੋਤ ਵੀ ਹੈ। ਪਰਿਵਾਰ ਦਾ ਲੂਣ ਮਿਰਚ, ਝੱਗਾ-ਚਾਦਰਾ ਤੇ ਬੱਚਿਆਂ ਦਾ ਭਵਿੱਖ ਕਣਕ ਦੀ ਆਮਦ ਦੀ ਉਡੀਕ ਵਿੱਚ ਰਹਿੰਦਾ ਹੈ। ਸੁਨਹਿਰੀ ਹੁੰਦੀ ਕਣਕ ਨਾਲ ਬਾਕੀ ਬਨਸਪਤੀ ਵੀ ਪੁੰਗਰਦੀ ਹੈ ਜਿਸ ਨਾਲ ਕੁਦਰਤ ਦਾ ਸਮਤੋਲ ਬਣਿਆ ਰਹਿੰਦਾ ਹੈ। ਪੰਜਾਬੀ ਸਾਹਿਤ ਦੀ ਵੰਨਗੀ ਵਿੱਚ ਪੱਕੀ ਕਣਕ ਇਉਂ ਗੂੰਜਦੀ ਹੈ:

ਪੱਕ ਪਈਆਂ ਕਣਕਾਂ ਲੁਕਾਟ ਰੱਸਿਆ,<br>
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।

ਜਦੋਂ ਕਣਕ ਨਿੱਸਰਨੀ ਸ਼ੁਰੂ ਹੋ ਜਾਂਦੀ ਹੈ ਤਾਂ ਕਿਸਾਨ ਦੀਆਂ ਸੱਧਰਾਂ ਅਤੇ ਅਰਮਾਨ ਵੀ ਜਵਾਨ ਹੋਣ ਲੱਗਦੇ ਹਨ। ਪੱਕੀ ਕਣਕ ਦੀ ਰਾਖੀ ਤੇ ਕੁਦਰਤੀ ਆਫ਼ਤਾਂ ਦੀ ਮਾਰ ਕਿਸਾਨ ਦੀ ਪਰੇਸ਼ਾਨੀ ਦਾ ਸਬੱਬ ਬਣਦਾ ਹੈ। ਇਸ ’ਤੇ ਕਿਸਾਨ ਦੇ ਨਾਲ ਆੜ੍ਹਤੀ ਦਾ ਦਾਰੋਮਦਾਰ ਟਿਕਿਆ ਹੈ। ਕਿਸਾਨ ਅਤੇ ਆੜ੍ਹਤੀ ਆਪਣੇ ਰਿਸ਼ਤੇ ਕਾਰਨ ਪੱਕੀ ਕਣਕ ਨੂੰ ਸਾਂਭਣ ਲਈ ਇੱਕ ਸੁਰ ਹੁੰਦੇ ਹਨ। ਕਿਸਾਨ ਆਪਣੀ ਪੱਕੀ ਕਣਕ ਨੂੰ ਦੇਖ ਕੇ ਪੱਬਾਂ ਭਾਰ ਹੋਇਆ ਛਿਮਾਹੀ ਦੇ ਸੁਪਨੇ ਸਿਰਜਦਾ ਖ਼ੁਸ਼ ਨਜ਼ਰ ਆ ਰਿਹਾ ਹੈ, ਪਰ ਇਸ ’ਤੇ ਮੌਸਮ ਦੀ ਮਾਰ ਜ਼ਰੂਰ ਪੈਂਦੀ ਹੈ, ਜੋ ਕਿਸਾਨ ਦੇ ਸੁਪਨਿਆਂ ’ਤੇ ਪਾਣੀ ਫੇਰ ਦਿੰਦੀ ਹੈ। ਜਦੋਂ ਸੁੱਖੀ ਸਾਂਦੀਂ ਕਣਕ ਦੀ ਵਾਢੀ ਅਤੇ ਆਮਦ ਘਰੇ ਹੋ ਜਾਂਦੀ ਹੈ ਤਾਂ ਜੱਟੀ ਦੇ ਅਰਮਾਨ ਉਛਾਲੇ ਮਾਰਦੇ ਹਨ:

ਕਣਕਾਂ ਦੇ ਮੂੰਹ ਆ ਗਈ ਲਾਲੀ, ਖ਼ੁਸ਼ੀਆਂ ਭਰੇ ਕਿਆਰੇ,<br>
ਭੰਗੜਾ ਪਾ ਮੁੰਡਿਆ, ਤੈਨੂੰ ਕਣਕ ਸੈਨਤਾਂ ਮਾਰੇ।

ਪੰਜਾਬੀਆਂ ਨਾਲ ਫ਼ਸਲ ਦਾ ਰੂਹ ਵਰਗਾ ਸੁਮੇਲ ਲੱਗਦਾ ਹੈ। ਕਣਕ ਤਾਂ ਹੋਰ ਵੀ ਪੰਜਾਬੀ ਕਿਸਾਨ ਦੇ ਰੂਹ ਵਿੱਚ ਰਮੀ ਹੋਈ ਹੈ, ਕਿਉਂਕਿ ਇਸ ਨੇ ਕੇਂਦਰੀ ਪੂਲ ਵਿੱਚ ਪੰਜਾਬ ਦੀ ਪ੍ਰਧਾਨਤਾ ਸਥਾਪਤ ਕੀਤੀ ਹੈ। ਸਾਹਿਤ ਨੂੰ ਵੀ ਫ਼ਸਲਾਂ ਤੋਂ ਹੁਲਾਰੇ ਮਿਲੇ ਹਨ। ਇਸੇ ਲਈ ਪ੍ਰਚੱਲਿਤ ਕਹਾਵਤ ਘੜੀ ਹੋਈ ਹੈ। ਜਦੋਂ ਕਣਕ ਨੂੰ ਮੌਸਮੀ ਮਾਰ ਪੈਂਦੀ ਹੈ ਤਾਂ ਜ਼ੁਬਾਨ ’ਤੇ ਆਪਣੇ ਆਪ ਆ ਜਾਂਦਾ ਹੈ, ‘ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ, ਰੁੱਤ ਬੇਈਮਾਨ ਹੋ ਗਈ।’ ਭਾਰਤ ਵਿੱਚ 13% ਫ਼ਸਲੀ ਖੇਤਰਾਂ ਵਿੱਚ ਕਣਕ ਉਗਾਈ ਜਾਂਦੀ ਹੈ, ਜਿਸ ਦਾ ਸਿਹਰਾ ਪੰਜਾਬ ਸਿਰ ਹੈ। ਕਣਕ ਦੇ ਭਰੇ ਭੰਡਾਰ ਪੰਜਾਬ ਦੀ ਖ਼ੁਸ਼ਹਾਲੀ ਦੇ ਪ੍ਰਤੀਕ ਹਨ ਤੇ ਕਰੋੜਾਂ ਲੋਕਾਂ ਨੂੰ ਰੋਜ਼ੀ-ਰੋਟੀ ਦਿੰਦੇ ਹਨ। ਇਸ ਨੂੰ ਨਸੀਬਾਂ ਵਾਲੇ ਹੀ ਨਹੀਂ, ਸਗੋਂ ਸਾਰੇ ਖਾ ਸਕਦੇ ਹਨ। ਪੰਜਾਬੀਆਂ ਦੀ ਇਹ ਫ਼ਸਲ ਰੂਹੇ-ਰਵਾਂ ਹੈ।

## ਪੰਜਾਬ ਦੇ ਹਾਲਾਤ

ਅੱਜਕੱਲ੍ਹ ਚੋਰਾਂ ਬਦਲੇ ਸਾਧ ਨੇ ਕੁੱਟਦੇ,<br>
ਚੋਰ ਅਤੇ ਹਾਕਮ ਰਲ ਮੌਜਾਂ ਨੇ ਲੁੱਟਦੇ।<br>
ਕਾਤਲ ਅਤੇ ਲੁਟੇਰੇ ਬੇਖ਼ੌਫ਼ ਨੇ ਘੁੰਮਦੇ,<br>
ਦਿਨ ਦਿਹਾੜੇ ਲੋਕ ਨੇ ਮਾਰੇ ਤੇ ਲੁੱਟਦੇ।<br>
ਲੋਕ ਜਿੱਥੇ ਵੀ ਜਾਂਦੇ ਬਿਲਕੁਲ ਨਾ ਪੁੱਛਦੇ,<br>
ਹੁੰਦੀ ਨਹੀਂ ਸੁਣਵਾਈ ਸਭ ਲੋਕ ਨੇ ਪਿੱਟਦੇ।<br>
ਹਰ ਪਾਸੇ ਨੇ ਚਰਚੇ ਅੱਜਕੱਲ੍ਹ ਨਸ਼ਿਆਂ ਦੇ,<br>
ਨਸ਼ਿਆਂ ਨਾਲ ਰੋਜ਼ਾਨਾ ਬਹੁਤ ਘਰ ਪੱਟੀਦੇ।<br>
ਹਸਦੇ ਵਸਦੇ ਪੰਜਾਬ ਨੂੰ ਨਜ਼ਰ ਤਾਂ ਲੱਗੀ ਏ,<br>
ਗਿਰਝਾਂ ਦੇ ਝੁੰਡ ਘੁੰਮਦੇ ਫਿਰ ਪੰਜਾਬ ’ਚ ਤੱਕੀਦੇ।<br>
ਪੰਜਾਬ ਨੇ ਪਹਿਲਾਂ ਬੜੇ ਦੁੱਖ ਝੱਲੇ ਨੇ,<br>
ਹੁਣ ਰੱਬਾ ਰੱਖੀਂ ਖ਼ੈਰ ਦੁੱਖ ਹੋਰ ਨਹੀਂ ਝੱਲੀਦੇ।



### ਅੰਨ੍ਹਾ ਅੱਜ ਵੀ ਪੀਂਹਦਾ ਕੁੱਤੀ ਚੱਟਦੀ ਏ

ਹਰ ਸ਼ੈਅ ਕਰ ਲਈ ਪੱਕੀ, ਕਹਿੰਦੇ ਆਪਾਂ<br>
ਕਰ ਲਈ ਖ਼ੂਬ ਤਰੱਕੀ, ਕਹਿੰਦੇ ਆਪਾਂ।<br>
ਪਹਿਲਾ ਟੱਕ ਲਗਾਇਆ ਅਸਾਂ ਨਿਆਈਆਂ ਨੂੰ<br>
ਨਹੀਂ ਛੱਡੇ ਰੱਕੜ-ਢੱਕੀ, ਕਹਿੰਦੇ ਆਪਾਂ।<br>
ਰੰਗ ਸ਼ਰਬਤੀ ਵਾਲੀ ਮਿੱਟੀ ਦਿਸਦੀ ਨਾ<br>
ਨਹੀਓਂ ਛੱਡੀ ਰੇਤ ਕੱਕੀ, ਕਹਿੰਦੇ ਆਪਾਂ।<br>
ਲੈ ਕੇ ਕਾਲੀ ਥਾਰ ਘੁੰਮਾਉਂਦਾ ਸੜਕਾਂ ’ਤੇ<br>
ਨਾਂ ਰੱਖਿਆ ਹੈ ਬੱਕੀ ਕਹਿੰਦੇ ਆਪਾਂ।<br>
ਪ੍ਰਪੰਚ ਖ਼ੂਬ ਰਚਾਇਆ ਦਾਨ-ਪੁੰਨ ਦਾ<br>
ਖੋਹ ਕੇ ਵਸਤ ਨਿਹੱਕੀ ਕਹਿੰਦੇ ਆਪਾਂ।<br>
ਰੰਗ ਦੀ ਦੁੱਕੀ ਤਿੱਕੀ ਪਿੱਛੇ ਐਵੇਂ ਭੱਜਦੇ ਰਹੇ<br>
ਨਾ ਸਾਂਭੀ ਹੁਕਮ ਦੀ ਯੱਕੀ ਕਹਿੰਦੇ ਆਪਾਂ।<br>
ਅੰਨ੍ਹਾ ਅੱਜ ਵੀ ਪੀਂਹਦਾ ਕੁੱਤੀ ਚੱਟਦੀ ਏ<br>
ਬਦਲ ਲਈ ਭਾਵੇਂ ਚੱਕੀ ਕਹਿੰਦੇ ਆਪਾਂ।



## ਸਿਹਤ-ਸੰਭਾਲ



# ਜਲਵਾਯੂ ਪਰਿਵਰਤਨ—ਬੱਚਿਆਂ ਦੀ ਲੰਬਾਈ ’ਤੇ ਖਤਰਾ !

ਪਿਛਲੇ ਤਕਰੀਬਨ 150 ਸਾਲਾਂ ਵਿੱਚ, ਇਨਸਾਨਾਂ ਨੇ ਕੱਦ ਕਾਠ ਵਿੱਚ ਬਹੁਤ ਤੇਜ਼ੀ ਨਾਲ ਵਾਧੇ ਦਾ ਅਨੁਭਵ ਕੀਤਾ ਹੈ। ਪਰ ਸੰਕੇਤ ਮਿਲ ਰਹੇ ਹਨ ਕਿ ਇਹ ਵਾਧਾ ਹੁਣ ਖਤਮ ਹੋ ਸਕਦਾ ਹੈ ਅਤੇ ਇਸਦਾ ਇੱਕ ਸੰਭਵ ਕਾਰਨ ਜਲਵਾਯੂ ਪਰਿਵਰਤਨ ਪ੍ਰਤੀਤ ਹੁੰਦਾ ਹੈ।

ਇਹ ਗੱਲ ਚੰਗੀ ਤਰ੍ਹਾਂ ਸਿੱਧ ਹੋ ਚੁੱਕੀ ਹੈ ਕਿ ਆਲਮੀ ਤਪਸ਼ ਕਾਰਨ ਮੌਸਮ ਬਹੁਤ ਖ਼ਰਾਬ ਹੋ ਰਿਹਾ ਹੈ ਜਿਸ ਵਿੱਚ ਭਿਆਨਕ ਗਰਮੀ ਅਤੇ ਵਧਦੀ ਨਮੀਂ ਸ਼ਾਮਲ ਹਨ।

ਹੁਣ ਅਮਰੀਕਾ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੀ ਇੱਕ ਟੀਮ ਨੂੰ ਪਤਾ ਲੱਗਿਆ ਹੈ ਕਿ ਅਜਿਹੇ ਹਾਲਾਤ ਬੱਚਿਆਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਵਿਕਾਸ ਨੂੰ ਰੋਕ ਰਹੇ ਹੋ ਸਕਦੇ ਹਨ।

ਟੀਮ ਨੇ ਦੱਖਣੀ ਏਸ਼ੀਆ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਦੋ ਲੱਖ ਬੱਚਿਆਂ ਬਾਰੇ ਵਿਸ਼ਲੇਸ਼ਣ ਕੀਤਾ ਜੋ ਕਿ ਜਲਵਾਯੂ ਪਰਿਵਰਤਨ ਦੇ ਲਿਹਾਜ਼ ਨਾਲ ਇੱਕ ਬੇਹਦ ਸੰਵੇਦਨਸ਼ੀਲ ਖੇਤਰ ਹੈ।

ਖੋਜਕਰਤਾਵਾਂ ਦਾ ਅੰਦਾਜ਼ਾ ਹੈ ਕਿ ਜਿਹੜੇ ਬੱਚਿਆਂ ਨੇ ਆਪਣੀ ਮਾਂ ਦੇ ਗਰਭ ਵਿੱਚ ਹੁੰਦਿਆਂ, ਗਰਭ ਅਵਸਥਾ ਦੀ ਹਰ ਤਿਮਾਹੀ ਦੌਰਾਨ ਉੱਚ ਨਮੀ ਦੇ ਨਾਲ 35 ਡਿਗਰੀ ਸੈਲਸੀਅਸ ਤੋਂ ਵੱਧ ਦੇ ਤਾਪਮਾਨ ਦਾ ਸਾਹਮਣਾ ਕੀਤਾ, ਉਨ੍ਹਾਂ ਦਾ ਕੱਦ ਆਪਣੀ ਉਮਰ ਦੇ ਹਿਸਾਬ ਨਾਲ ਉਮੀਦ ਤੋਂ 13 ਫ਼ੀਸਦੀ ਘੱਟ ਹੋਵੇਗਾ।

ਜਨਮ ਤੋਂ ਲੈ ਕੇ ਪੰਜ ਸਾਲ ਤੱਕ ਦੀ ਉਮਰ ਵਿਚਕਾਰ ਹੋਣ ਵਾਲਾ ਕੱਦ ਵਾਧਾ ਬੱਚੇ ਦੀ ਸਮੁੱਚੀ ਸਿਹਤ ਅਤੇ ਵਿਕਾਸ ਦਾ ਇੱਕ ਮੁਖ ਸੰਕੇਤ ਮੰਨਿਆ ਜਾਂਦਾ ਹੈ।

ਮੁੱਖ ਲੇਖਕ ਕੇਟੀ ਮੈਕਮੈਹਨ ਨੇ ਸਮਝਾਇਆ, "ਹਾਲਾਂਕਿ ਸਾਡਾ ਕੱਦ ਕਿੰਨਾ ਹੋਵੇਗਾ, ਇਹ ਕਾਫ਼ੀ ਹੱਦ ਤੱਕ ਜੈਨੇਟਿਕਸ ਅਤੇ ਹੋਰ ਕਾਰਕਾਂ ਜਿਵੇਂ ਕਿ ਖੁਰਾਕ ਅਤੇ ਸਿਹਤ 'ਤੇ ਨਿਰਭਰ ਕਰਦਾ ਹੈ ਪਰ ਅਧਿਐਨ ਮੁਤਾਬਕ ਜਲਵਾਯੂ ਪਰਿਵਰਤਨ ਕਾਰਨ ਵਧਦੀ ਗਰਮੀ ਅਤੇ ਨਮੀ ਦੱਖਣੀ ਏਸ਼ੀਆ ਵਿੱਚ ਪੰਜ ਸਾਲ ਤੱਕ ਦੀ ਉਮਰ ਦੇ ਬੱਚਿਆਂ ਦੇ ਔਸਤ ਕੱਦ ਘਟਾਉਣ ਦਾ ਖ਼ਤਰਾ ਪੈਦਾ ਕਰਦੀ ਹੈ।"

ਉਨ੍ਹਾਂ ਅੱਗੇ ਕਿਹਾ, "ਵਿਸ਼ਵ ਪੱਧਰ 'ਤੇ ਤਸਵੀਰ ਹਾਲੇ ਵੀ ਅਨਿਸ਼ਚਿਤ ਹੈ, ਪਰ ਬਹੁਤ ਕੁਝ ਆਉਣ ਵਾਲੇ ਦਹਾਕਿਆਂ ਵਿੱਚ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣ ਅਤੇ ਇਨ੍ਹਾਂ ਦੇ ਅਨੁਕੂਲ ਹੋਣ 'ਤੇ ਨਿਰਭਰ ਕਰੇਗਾ। ਅਸੀਂ ਹੋਰਨਾਂ ਹੇਠਲੀਆਂ ਅਤੇ ਮੱਧ ਆਮਦਨ ਵਾਲੇ ਦੇਸ਼ਾਂ ਜੋ ਪਹਿਲਾਂ ਹੀ ਉੱਚ ਤਾਪਮਾਨ ਅਤੇ ਵੱਧ ਨਮੀ ਦਾ ਸਾਹਮਣਾ ਕਰ ਰਹੇ ਹਨ, ਵਿੱਚ ਵੀ ਇਸੇ ਤਰ੍ਹਾਂ ਦੇ ਨਤੀਜਿਆਂ ਦੀ ਉਮੀਦ ਕਰ ਸਕਦੇ ਹਾਂ।

### ਮਨੁੱਖੀ ਕੱਦ ਵਿੱਚ 'ਕੌਨਸਰਟੀਨਾ ਪ੍ਰਭਾਵ'

ਵਿਗਿਆਨੀ ਇਹ ਜਾਣਦੇ ਹਨ ਕਿ ਇਨਸਾਨਾਂ ਨੇ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿੱਚ ਕੱਦ 'ਚ ਉਤਰਾਅ-ਚੜ੍ਹਾਅ ਦੇਖੇ ਹਨ, ਖਾਸ ਕਰਕੇ ਵੱਡੇ ਬਦਲਾਅ ਦੇ ਸਮਿਆਂ ਦੌਰਾਨ। ਉਦਾਹਰਨ ਲਈ, ਦਸ ਹਜ਼ਾਰ ਸਾਲ ਪਹਿਲਾਂ ਜਦੋਂ ਇਨਸਾਨ ਸ਼ਿਕਾਰ ਅਤੇ ਭੋਜਨ ਇਕੱਠਾ ਕਰਨ ਦੀ ਬਜਾਏ ਖੇਤੀਬਾੜੀ ਵੱਲ ਵਧਿਆ ਸੀ, ਕਈ ਅਧਿਐਨ ਦੱਸਦੇ ਹਨ ਕਿ ਸ਼ੁਰੂਆਤੀ ਦੌਰ ਵਿੱਚ ਇਸ ਦਾ ਔਸਤ ਕੱਦ 'ਤੇ ਨਕਰਾਤਮਕ ਪ੍ਰਭਾਵ ਪਿਆ ਸੀ।

ਹਾਲ ਹੀ ਵਿੱਚ, 2004 'ਚ ਅਮਰੀਕਾ ਦੀ ਓਹੀਓ ਸਟੇਟ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੇ ਲੈਕਚਰਾਰ ਪ੍ਰੋਫੈਸਰ ਰਿਚਰਡ ਸਟੈਕਲ ਨੇ ਇੱਕ ਇਤਿਹਾਸਕ ਅਧਿਐਨ ਪ੍ਰਕਾਸ਼ਿਤ ਕੀਤਾ।

ਉਨ੍ਹਾਂ ਨੇ ਉੱਤਰੀ ਯੂਰਪ ਵਿੱਚ ਨੌਵੀਂ ਤੋਂ ਉੱਨੀਵੀਂ ਸਦੀ ਦੀਆਂ ਕਬਰਾਂ ਤੋਂ ਕੱਢੇ ਗਏ ਹਜ਼ਾਰਾਂ ਪਿੰਜਰਾਂ ਦੇ ਕੱਦ ਦੇ ਅੰਕੜਿਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਪਾਇਆ ਕਿ ਉਸ ਸਮੇਂ ਦੌਰਾਨ ਔਸਤ ਕੱਦ ਉੱਤੇ-ਥੱਲੇ ਹੁੰਦਾ ਰਿਹਾ, ਜੋ ਕਿ ਸਤਰਾਵੀਂ ਸਦੀ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਸੀ।

ਉਸ ਦੌਰ ਵਿੱਚ ਯੂਰਪ 'ਚ ਕਈ ਤਬਦੀਲੀਆਂ ਆਈਆਂ, ਜਿਵੇਂ ਕਿ ਸ਼ਹਿਰਾਂ ਦਾ ਵਧਣਾ ਜਿਸ ਨਾਲ ਛੂਤ ਦੀਆਂ ਬਿਮਾਰੀਆਂ ਦਾ ਫੈਲਣਾ ਵਧਿਆ, ਖੇਤੀਬਾੜੀ ਉਤਪਾਦਨ ਵਿੱਚ ਬਦਲਾਅ ਆਇਆ ਅਤੇ ਇੱਥੋਂ ਤੱਕ ਕਿ ਛੋਟਾ ਬਰਫ਼ ਯੁੱਗ ਵੀ ਆਇਆ ਜੋ ਕਿ 16ਵੀ ਤੋਂ19ਵੀਂ ਦੇ ਵਿਚਕਾਰ ਬਹੁਤ ਜ਼ਿਆਦਾ ਠੰਡ ਦਾ ਦੌਰ ਸੀ।

ਪ੍ਰੋਫੈਸਰ ਸਟੈਕਲ ਨੇ ਅਧਿਐਨ ਵਿੱਚ ਲਿਖਿਆ, "1700 ਦੇ ਦਹਾਕੇ ਤੱਕ ਉੱਤਰ ਯੂਰਪੀ ਮਰਦਾਂ ਦੇ ਔਸਤ ਕੱਦ ਵਿੱਚ 2.5 ਇੰਚ ਦੀ ਕਮੀ ਆ ਚੁੱਕੀ ਸੀ ਅਤੇ ਇਸ ਘਾਟ ਦੀ ਪੂਰਤੀ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਪੂਰੀ ਨਹੀਂ ਹੋ ਸਕਦੀ ਸੀ।"

ਲੰਡਨ ਦੇ ਇੰਪੀਰੀਅਲ ਕਾਲਜ ਵਿੱਚ ਅਬਾਦੀ ਸਿਹਤ ਦੀ ਖੋਜਕਰਤਾ ਡਾ. ਐਂਡਰੀਆ ਰੌਡਰਿਗਜ਼ ਮਾਰਟੀਨੇਜ਼ ਜਿਨ੍ਹਾਂ ਨੇ ਮਨੁੱਖੀ ਕੱਦ ਦੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਨ ਵਾਲੇ ਕਈ ਖੋਜ ਪੱਤਰ ਲਿਖੇ ਹਨ, ਨੂੰ ਡਰ ਹੈ ਕਿ ਜਲਵਾਯੂ ਪਰਿਵਰਤਨ ਮੌਜੂਦਾ ਅਬਾਦੀ 'ਤੇ ਵੀ ਅਜਿਹਾ ਹੀ ਦਬਾਅ ਪਾ ਸਕਦਾ ਹੈ।

ਉਹ ਕਹਿੰਦੇ ਹਨ, "ਸੰਯੁਕਤ ਰਾਸ਼ਟਰ ਨੇ ਅੰਦਾਜ਼ਾ ਲਗਾਇਆ ਹੈ ਕਿ ਦੁਨੀਆਂ ਭਰ ਦੇ ਲਗਭਗ ਇੱਕ ਅਰਬ ਬੱਚੇ ਜਲਵਾਯੂ ਪਰਿਵਰਤਨ ਦੇ ਨਤੀਜਿਆਂ ਦੇ ਬਹੁਤ ਜ਼ਿਆਦਾ ਖ਼ਤਰੇ ਵਿੱਚ ਹਨ। ਇਹ ਕਹਿਣਾ ਸਹੀ ਹੋਵੇਗਾ ਕਿ ਜਲਵਾਯੂ ਪਰਿਵਰਤਨ ਵੱਖ-ਵੱਖ ਤਰੀਕਿਆਂ ਨਾਲ ਬੱਚਿਆਂ ਦੇ ਵਿਕਾਸ ਅਤੇ ਸਿਹਤ ਲਈ ਇੱਕ ਵੱਡਾ ਖ਼ਤਰਾ ਪੈਦਾ ਕਰਦਾ ਹੈ।"

ਜੇਕਰ ਵੀਹਵੀਂ ਸਦੀ ਦੌਰਾਨ ਸਾਰੇ ਪਾਸੇ ਨਿਗ੍ਹਾ ਮਾਰੀਏ ਤਾਂ ਅਜਿਹਾ ਜਾਪਦਾ ਹੈ ਕਿ ਰਹਿਣ ਸਹਿਣ ਦੀਆਂ ਸਥਿਤੀਆਂ ਨੇ ਕੱਦ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

2017 ਵਿੱਚ, ਦੁਨੀਆਂ ਭਰ ਦੇ ਸਿਹਤ ਵਿਗਿਆਨੀਆਂ ਦੇ ਇੱਕ ਨੈਟਵਰਕ ਨੇ 200 ਦੇਸ਼ਾਂ ਵਿੱਚ 1896 ਤੋਂ 1996 ਵਿਚਕਾਰ ਪੈਦਾ ਹੋਏ ਮਰਦਾਂ ਅਤੇ ਔਰਤਾਂ ਦੇ ਬਾਇਓਮੀਟ੍ਰਿਕ ਅੰਕੜਿਆਂ ਦਾ ਇੱਕ ਵਿਸ਼ਲੇਸ਼ਣ ਪ੍ਰਕਾਸ਼ਿਤ ਕੀਤਾ।

ਇਸ ਵਿੱਚ ਅੰਦਾਜ਼ਾ ਲਗਾਇਆ ਗਿਆ ਸੀ ਕਿ ਉਸ ਸਮੇਂ ਦੌਰਾਨ ਮਰਦਾਂ ਲਈ ਗਲੋਬਲ ਔਸਤ ਕੱਦ 162 ਸੈਂਟੀਮੀਟਰ ਤੋਂ ਵਧ ਕੇ 171 ਸੈਂਟੀਮੀਟਰ ਹੋ ਗਿਆ। ਔਰਤਾਂ ਵਿੱਚ ਇਹ 151 ਸੈਂਟੀਮੀਟਰ ਤੋਂ ਵਧ ਕੇ 159 ਸੈਂਟੀਮੀਟਰ ਹੋ ਗਿਆ।

ਹਾਲਾਂਕਿ ਕੁਝ ਦੇਸ਼ਾਂ ਦੇ ਲੋਕਾਂ ਦਾ ਕੱਦ ਦੂਜੇ ਦੇਸ਼ਾਂ ਦੇ ਲੋਕਾਂ ਮੁਕਾਬਲੇ ਜ਼ਿਆਦਾ ਵਧਿਆ। ਉਦਾਹਰਨ ਵਜੋਂ, ਈਰਾਨੀ ਮਰਦਾਂ ਦਾ ਕੱਦ 16.5 ਸੈਂਟੀਮੀਟਰ ਵਧਿਆ ਅਤੇ ਦੱਖਣੀ ਕੋਰੀਆਈ ਔਰਤਾਂ ਦੇ ਕੱਦ ਵਿੱਚ 20.2 ਸੈਂਟੀਮੀਟਰ ਦਾ ਵਾਧਾ ਦਰਜ ਕੀਤਾ ਗਿਆ।

ਦੂਜੇ ਪਾਸੇ ਮੈਡਾਗਾਸਕਰ ਦੀਆਂ ਔਰਤਾਂ ਦਾ ਕੱਦ ਪੂਰੀ ਸਦੀ ਦੌਰਾਨ ਸਿਰਫ਼ 1.5 ਸੈਂਟੀਮੀਟਰ ਵਧਿਆ ਅਤੇ ਪਾਕਿਸਤਾਨੀ ਮਰਦਾਂ ਵਿੱਚ ਇਹ ਵਾਧਾ ਸਿਰਫ਼ 1.27 ਸੈਂਟੀਮੀਟਰ ਰਿਹਾ।

### ਇੰਨਾ ਵੱਡਾ ਫਰਕ ਕਿਉਂ?

ਡਾ.ਮਾਰਟੀਨੇਜ਼ ਸਮਝਾਉਂਦੇ ਹਨ, "ਕੱਦ ਵਿੱਚ ਹੋਣ ਵਾਲਾ ਫਰਕ ਕਾਫ਼ੀ ਹੱਦ ਤੱਕ ਜੈਨੇਟਿਕਸ ਵੱਲੋਂ ਨਿਰਧਾਰਿਤ ਹੁੰਦਾ ਹੈ ਪਰ ਇਹ ਪੌਸ਼ਟਿਕ ਖੁਰਾਕ, ਵਾਤਾਵਰਣ ਅਤੇ ਸਮਾਜਿਕ-ਆਰਥਿਕ ਕਾਰਕਾਂ ਦੇ ਸੁਮੇਲ ਨਾਲ ਵੀ ਜੁੜਿਆ ਹੋਇਆ ਹੈ ਇਨ੍ਹਾਂ ਵਿੱਚ ਪੌਸ਼ਟਿਕ ਭੋਜਨ ਅਤੇ ਸਾਫ਼ ਪਾਣੀ ਤੱਕ ਪਹੁੰਚ ਦੇ ਨਾਲ ਨਾਲ ਮੈਡੀਕਲ ਪ੍ਰਗਤੀ ਵੀ ਸ਼ਾਮਲ ਹੈ ਜਿਸ ਨੇ ਬਿਮਾਰੀਆਂ ਨਾਲ ਲੜਨ ਦੀ ਸਾਡੀ ਸਮਰਥਾ ਨੂੰ ਵਧਾਇਆ ਹੈ।"

ਅਜਿਹੇ ਅੰਕੜੇ ਵੀ ਮਿਲ ਰਹੇ ਹਨ ਜੋ ਦੱਸਦੇ ਹਨ ਕਿ ਇਨਸਾਨਾਂ ਦਾ ਔਸਤ ਵਿਕਾਸ ਹੁਣ ਇੱਕ ਸਥਿਰ ਪੱਧਰ 'ਤੇ ਆ ਰਿਹਾ ਹੋ ਸਕਦਾ ਹੈ ਖਾਸ ਕਰਕੇ ਦੁਨੀਆਂ ਦੇ ਕੁਝ ਲੰਬੇ ਕੱਦ ਵਾਲੇ ਦੇਸ਼ਾਂ ਵਿੱਚ। ਦੁਨੀਆਂ ਦੇ ਸਭ ਤੋਂ ਲੰਬੇ ਲੋਕ ਡੱਚ ਹਨ ਜਿਸ ਦਾ ਕਾਰਨ ਰਹਿਣ ਸਹਿਣ ਦੇ ਮਿਆਰ ਵਿੱਚ ਇਤਿਹਾਸਕ ਸੁਧਾਰ, ਉੱਚ ਗੁਣਵੱਤਾ ਵਾਲੇ ਭੋਜਨ ਤੱਕ ਪਹੁੰਚ ਅਤੇ ਮੈਡੀਕਲ ਤਰੱਕੀ ਨੂੰ ਮੰਨਿਆ ਜਾਂਦਾ ਹੈ।

ਨੀਦਰਲੈਂਡ ਦੀ ਵੈਗਨਿੰਗਨ ਯੂਨੀਵਰਸਿਟੀ ਵਿੱਚ ਸਿਹਤ ਅਤੇ ਸਮਾਜ ਦੀ ਪ੍ਰੋਫੈਸਰ ਕ੍ਰਿਸਟੀਨਾ ਥੌਮਸਨ ਕਹਿੰਦੀ ਹੈ, "ਉਨ੍ਹਾਂ ਦੀ ਕਹਾਣੀ ਰਹਿਣ ਸਹਿਣ ਦੇ ਵਾਤਾਵਰਣ ਅਤੇ ਸਿਹਤਮੰਦ ਲੰਬੇ ਕੱਦ ਵਾਲੀ ਅਬਾਦੀ ਦੇ ਵਿਚਕਾਰ ਸਪਸ਼ਟ ਸਬੰਧ ਦਰਸਾਉਂਦੀ ਹੈ।"

ਪਰ ਨੀਦਰਲੈਂਡ ਦੇ ਅੰਕੜਾ ਵਿਭਾਗ ਸੀ.ਬੀ.ਐਸ ਮੁਤਾਬਕ, ਉਨ੍ਹਾਂ ਦੇ ਔਸਤ ਕੱਦ ਵਿੱਚ ਕਮੀ ਆਈ ਹੈ। 1980 ਵਿੱਚ ਪੈਦਾ ਹੋਏ ਮਰਦਾਂ ਦਾ ਕੱਦ 19 ਸਾਲ ਦੀ ਉਮਰ ਤੱਕ ਪਹੁੰਚਣ 'ਤੇ ਔਸਤਨ 183.9 ਸੈਂਟੀਮੀਟਰ ਸੀ ਪਰ 2001 ਵਿੱਚ ਪੈਦਾ ਹੋਏ ਮਰਦਾਂ ਦ ਕੱਦ ਘਟ ਕੇ 182.9 ਸੈਂਟੀਮੀਟਰ ਰਹਿ ਗਿਆ। ਡੱਚ ਔਰਤਾਂ ਲਈ ਔਸਤ ਕੱਦ 170.7 ਸੈਂਟੀਮੀਟਰ ਤੋਂ ਘਟ ਕੇ 169.3 ਸੈਂਟੀਮੀਟਰ ਹੋ ਗਿਆ ਹੈ।

ਸੀ.ਬੀ.ਐਸ ਮੁਤਾਬਕ ਇਸ ਦਾ ਇੱਕ ਕਾਰਨ ਘੱਟ ਕੱਦ ਵਾਲੀ ਨਵੀਂ ਅਬਾਦੀ ਦਾ ਇੱਥੇ ਪਰਵਾਸ ਕਰਕੇ ਆਉਣਾ ਅਤੇ ਉਨ੍ਹਾਂ ਦੇ ਇੱਥੇ ਪੈਦਾ ਹੋਏ ਬੱਚੇ ਹਨ। ਪਰ ਇਹ ਵੀ ਨੋਟ ਕੀਤਾ ਗਿਆ ਹੈ ਕਿ ਡੱਚ ਮੂਲ ਦੇ ਮਾਪਿਆਂ ਦੇ ਬੱਚਿਆਂ ਦੇ ਕੱਦ ਵਿੱਚ ਵੀ ਗਿਰਾਵਟ ਦੇਖੀ ਗਈ ਹੈ। ਥੌਮਸਨ ਕਹਿੰਦੇ ਹਨ, "ਹਾਲੇ ਇਹ ਸਪਸ਼ਟ ਨਹੀਂ ਹੈ ਕਿ ਇਸ ਗਿਰਾਵਟ ਦਾ ਕਾਰਨ ਕੀ ਹੈ। ਕੀ ਖੁਰਾਕ ਦੀ ਗੁਣਵੱਤਾ ਵਿੱਚ ਕਮੀ ਆਈ ਹੈ? ਕੀ ਬਚਪਨ ਦਾ ਮੋਟਾਪਾ ਵਿਕਾਸ ਵਿੱਚ ਰੁਕਾਵਟ ਬਣ ਰਿਹਾ ਹੈ?"

### ਭਿੰਨਤਾ ਤੋਂ ਹੈਰਾਨ

ਇਸ ਵਿੱਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਦੁਨੀਆਂ ਦੇ ਵਧੇਰੇ ਵਿਕਸਤ ਦੇਸ਼ ਗਲੋਬਲ ਕੱਦ ਦੀ ਦਰਜਾਬੰਦੀ ਵਿੱਚ ਚੋਟੀ ਦੇ ਸਥਾਨਾਂ 'ਤੇ ਹਨ। ਪਰ ਇਹ ਦਰਜਾਬੰਦੀ ਬਦਲ ਸਕਦੀ ਹੈ। ਐਨਸੀਡੀ ਦੇ ਅੰਕੜੇ ਦੱਸਦੇ ਹਨ ਕਿ ਉੱਨੀਵੀਂ ਸਦੀ ਦੇ ਅਖੀਰ ਵਿੱਚ ਅਮਰੀਕਾ, ਦੁਨੀਆਂ ਦਾ ਤੀਜਾ ਸਭ ਤੋਂ ਉੱਚੇ ਕੱਦ ਵਾਲਾ ਦੇਸ਼ ਸੀ। ਅੱਜਕੱਲ੍ਹ ਉਹ ਚੋਟੀ ਦੇ ਵੀਹ ਦੇਸ਼ਾਂ ਵਿੱਚ ਵੀ ਸ਼ਾਮਲ ਨਹੀਂ ਹੈ।

ਅਜਿਹਾ ਨਹੀਂ ਕਿ ਉਹ ਸੁੰਗੜ ਗਏ ਹਨ। 1966 ਵਿੱਚ ਪੈਦਾ ਹੋਏ ਅਮਰੀਕੀ ਮਰਦ ਆਪਣੇ ਸੌ ਸਾਲ ਪਹਿਲਾਂ ਪੈਦਾ ਹੋਏ ਪੂਰਵਜਾਂ ਦੇ ਮੁਕਾਬਲੇ ਔਸਤ ਛੇ ਸੈਂਟੀਮੀਟਰ ਵੱਧ ਲੰਬੇ ਹਨ। ਅਸਲ ਵਿੱਚ ਬਾਕੀ ਦੁਨੀਆਂ ਨੇ ਜ਼ਿਆਦਾ ਤੇਜ਼ੀ ਨਾਲ ਵਾਧਾ ਕੀਤਾ ਹੈ। ਅਮਰੀਕੀ ਅਰਥ ਸ਼ਾਸਤਰੀ ਅਤੇ ਮਾਨਵ ਵਿਗਿਆਨਕ ਇਤਿਹਾਸ(ਸਦੀਆਂ ਦੌਰਾਨ ਮਨੁੱਖੀ ਕੱਦ-ਕਾਠ ਦਾ ਅਧਿਐਨ) ਦੇ ਮਾਹਿਰ ਜੌਹਨ ਕੋਮਲੋਸ ਦੇਸ਼ ਵਿੱਚ ਸਮੇਂ ਦੇ ਨਾਲ ਪੈਦਾ ਹੋਏ ਸਮਾਜਿਕ-ਆਰਥਿਕ ਪਾੜੇ ਅਤੇ ਖਾਸ ਕਰਕੇ ਪਿਛਲੇ ਦਹਾਕਿਆਂ ਵਿੱਚ ਡਾਕਟਰੀ ਸਹੂਲਤਾਂ ਤੱਕ ਪਹੁੰਚ ਦੀ ਘਾਟ ਵੱਲ ਇਸ਼ਾਰਾ ਕਰਦੇ ਹਨ।

ਉਹ ਸਮਝਾਉਂਦੇ ਹਨ, "ਅਮਰੀਕਾ ਉਨ੍ਹਾਂ ਦੇਸ਼ਾਂ ਤੋਂ ਪਿੱਛੇ ਰਹਿ ਗਿਆ ਜਿਨ੍ਹਾਂ ਨੇ ਜਨ-ਕਲਿਆਣਕਾਰੀ ਰਾਜ ਦੀ ਨੀਤੀ ਅਪਣਾਈ ਸੀ ਜਿੱਥੇ ਗਰੀਬ ਲੋਕ ਵੀ ਆਪਣੇ ਬੱਚਿਆਂ ਨੂੰ ਡਾਕਟਰ ਕੋਲ ਲਿਜਾ ਸਕਦੇ ਹਨ।"

ਪ੍ਰੋਫੈਸਰ ਕੋਮਲੋਸ ਵੀਹਵੀਂ ਸਦੀ ਦੇ ਅੱਧ ਤੋਂ ਅਮਰੀਕਾ ਵਿੱਚ ਵਧ ਰਹੇ ਮੋਟਾਪੇ ਦੀ ਦਰ ਨੂੰ ਵੀ ਜ਼ਿੰਮੇਵਾਰ ਠਹਿਰਾਉਂਦੇ ਹਨ, ਖਾਸ ਕਰਕੇ ਬੱਚਿਆਂ ਅਤੇ ਕਿਸ਼ੋਰਾਂ ਵਿੱਚ। ਹਾਲਾਂਕਿ ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਦੋ ਦਹਾਕਿਆਂ ਵਿਚ ਅਮਰੀਕੀਆਂ ਦੀਆਂ ਖਾਣ-ਪੀਣ ਦੀਆਂ ਆਦਤਾਂ ਵਿੱਚ ਸੁਧਾਰ ਹੋਇਆ ਹੈ, ਪਰ ਫਿਰ ਵੀ ਇਹ ਸੰਕੇਤ ਮਿਲਦੇ ਹਨ ਕਿ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਅੱਧੇ ਤੋਂ ਵੱਧ ਅਮਰੀਕੀ ਹਾਲੇ ਵੀ ਪੌਸ਼ਟਿਕਤਾ ਦੇ ਲਿਹਾਜ਼ ਨਾਲ ਮਾੜੀ ਖੁਰਾਕ ਖਾਂਦੇ ਹਨ।

ਉਨ੍ਹਾਂ ਅੱਗੇ ਕਿਹਾ, "ਬੀਤੇ ਸਮੇਂ ਨੇ ਸਾਨੂੰ ਦਿਖਾਇਆ ਹੈ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਕਿਸੇ ਅਬਾਦੀ ਦਾ ਕੱਦ ਕਾਠ ਵਧੇ ਜਾਂ ਵਧਦਾ ਰਹੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸਹੀ ਖੁਰਾਕ ਦੇਣੀ ਪਵੇਗੀ।"

### ਤਾਂ ਕੀ ਅਸੀਂ ਵਧਣੋਂ ਰੁਕ ਗਏ ਹਾਂ ?

ਅਜਿਹੇ ਸਬੂਤ ਮਿਲੇ ਹਨ ਕਿ ਕੁਝ ਵਿਕਸਤ ਦੇਸ਼ਾਂ ਵਿੱਚ ਕੱਦ ਦਾ ਵਾਧਾ ਆਪਣੇ ਸਿਖਰ 'ਤੇ ਪਹੁੰਚ ਗਿਆ ਹੈ ਜਾਂ ਸਥਿਰ ਹੋ ਗਿਆ ਹੈ, ਪਰ ਵਿਕਾਸਸ਼ੀਲ ਦੇਸ਼ਾਂ ਵਿੱਚ ਹੋਣ ਵਾਲੀ ਤਰੱਕੀ ਇਸ ਘਾਟ ਨੂੰ ਪੂਰਾ ਕਰ ਸਕਦੀ ਹੈ।

ਇਹ ਕਹਿਣ ਦੇ ਬਾਵਜੂਦ, ਜਿੱਥੇ ਦੁਨੀਆਂ ਦੇ ਪਛੜੇ ਹੋਏ ਹਿੱਸਿਆਂ ਵਿੱਚ ਸਮਾਜਿਕ-ਆਰਥਿਕ ਸਥਿਤੀਆਂ ਵਿੱਚ ਸੁਧਾਰ ਦੀ ਗੁੰਜਾਇਸ਼ ਹੈ, ਉੱਥੇ ਹੀ ਇਹ ਸ਼ੱਕ ਵਧ ਰਿਹਾ ਹੈ ਕਿ ਜਲਵਾਯੂ ਵਿੱਚ ਮਨੁੱਖ ਵੱਲੋਂ ਕੀਤੇ ਗਏ ਬਦਲਾਅ ਇੱਕ ਵੱਡੀ ਰੁਕਾਵਟ ਬਣ ਸਕਦੇ ਹਨ।

ਕੇਟੀ ਮੈਕਮੈਹਨ ਕਹਿੰਦੇ ਹਨ, "ਸਭ ਤੋਂ ਵੱਧ ਅਤੇ ਤੇਜ਼ੀ ਨਾਲ ਵਧ ਰਹੀ ਗਰਮੀ ਅਤੇ ਨਮੀ ਵਿੱਚ ਰਹਿਣ ਵਾਲੇ ਲੋਕ ਅਕਸਰ ਜਲਵਾਯੂ ਪਰਿਵਰਤਨ ਦੇ ਅਨੁਕੂਲ ਹੋਣ ਵਿੱਚ ਸਭ ਤੋਂ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ।"

ਉਨ੍ਹਾਂ ਅੱਗੇ ਕਿਹਾ, "ਬਾਹਰ ਕੰਮ ਕਰਨ ਵਾਲੇ ਲੋਕਾਂ ਲਈ ਜਿਵੇਂ ਕਿ ਖੇਤੀਬਾੜੀ ਵਿੱਚ ਅਤੇ ਜਿਨ੍ਹਾਂ ਕੋਲ ਏਅਰ ਕੰਡੀਸ਼ਨਿੰਗ ਦੀ ਸਹੂਲਤ ਘੱਟ ਹੈ ਜਾਂ ਬਿਲਕੁਲ ਨਹੀਂ ਹੈ, ਉਨ੍ਹਾਂ ਲਈ ਜਲਵਾਯੂ ਪਰਿਵਰਤਨ ਸਾਡੇ ਵੱਲੋਂ ਦੇਖੇ ਗਏ ਨਕਰਾਤਮਕ ਪ੍ਰਭਾਵਾਂ ਨੂੰ ਹੋਰ ਵਧਾ ਸਕਦਾ ਹੈ।"



### ਦੋ ਕੋਰੀਆ ਅਤੇ ਦੋ ਜਰਮਨੀ ਦੇਸ਼ਾਂ ਦੀ ਕਹਾਣੀ

ਵਿਕਾਸ ਵਿੱਚ ਰਹਿਣ ਸਹਿਣ ਦੀਆਂ ਸਥਿਤੀਆਂ ਦੀ ਭੂਮਿਕਾ ਬਾਰੇ ਇੱਕ ਹੋਰ ਹੈਰਾਨੀਜਨਕ ਉਦਾਹਰਨ ਕੋਰੀਆਈ ਲੋਕਾਂ ਤੋਂ ਮਿਲਦੀ ਹੈ ਜੋ 1950 ਦੇ ਦਹਾਕੇ ਵਿੱਚ ਜੰਗ ਕਾਰਨ ਉੱਤਰੀ ਅਤੇ ਦੱਖਣੀ ਕੋਰੀਆ ਵਿੱਚ ਵੰਡੇ ਗਏ ਸਨ।

ਸਿਓਲ ਦੀ ਸੁੰਗਕਯੁੰਕਵਾਨ ਯੂਨੀਵਰਸਿਟੀ ਦੇ ਖੋਜਕਰਤਾਵਾਂ ਵੱਲੋਂ 2011 ਦੇ ਇੱਕ ਅਧਿਐਨ ਨੇ ਦਿਖਾਇਆ ਕਿ ਉੱਤਰ ਵਿੱਚ ਪੈਦਾ ਹੋਏ ਲੋਕ ਆਪਣੇ ਜ਼ਿਆਦਾ ਖੁਸ਼ਹਾਲ ਦੱਖਣੀ ਹਿੱਸੇ ਦੇ ਮੁਕਾਬਲੇ ਔਸਤ ਅੱਠ ਸੈਂਟੀਮੀਟਰ ਤੱਕ ਛੋਟੇ ਸਨ।

ਇਸੇ ਤਰ੍ਹਾਂ ਪਰ ਘੱਟ ਸਪਸ਼ਟ ਫਰਕ ਜਰਮਨੀ ਦੇ 41 ਸਾਲਾਂ ਦੇ(1949-1990) ਦੋ ਹਿੱਸਿਆਂ ਵਿੱਚ ਵੰਡੇ ਰਹਿਣ ਦੌਰਾਨ ਪੈਦਾ ਹੋਏ ਲੋਕਾਂ ਵਿੱਚ ਦੇਖਿਆ ਗਿਆ। ਪੱਛਮੀ ਜਰਮਨ, ਪੂਰਬੀ ਜਰਮਨ ਲੋਕਾਂ ਤੋਂ ਔਸਤ ਇੱਕ ਸੈਂਟੀਮੀਟਰ ਵਧ ਲੰਬੇ ਸਨ।

---

# ਤਣਾਅ ਪ੍ਰਬੰਧਨ

## ਸਿਹਤਮੰਦ ਜੀਵਨ ਲਈ ਲਾਜ਼ਮੀ




ਤਣਾਅ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਸਮੱਸਿਆ ਹੈ। ਕੰਮ ਦਾ ਦਬਾਅ, ਪਰਿਵਾਰਕ ਜ਼ਿੰਮੇਵਾਰੀਆਂ, ਆਰਥਿਕ ਚਿੰਤਾਵਾਂ ਅਤੇ ਸਮਾਜਿਕ ਦਬਾਅ — ਇਹ ਸਭ ਮਿਲ ਕੇ ਮਨੁੱਖ ਦੇ ਮਨ ਤੇ ਸਰੀਰ ’ਤੇ ਨਕਾਰਾਤਮਕ ਅਸਰ ਪਾਂਦੇ ਹਨ। ਜੇ ਤਣਾਅ ਨੂੰ ਸਮੇਂ ’ਤੇ ਕਾਬੂ ਨਾ ਕੀਤਾ ਜਾਵੇ ਤਾਂ ਇਹ ਡਿਪ੍ਰੈਸ਼ਨ, ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਇਸ ਲਈ ਤਣਾਅ ਪ੍ਰਬੰਧਨ ਬਹੁਤ ਜ਼ਰੂਰੀ ਹੈ।

**ਤਣਾਅ ਦੇ ਕਾਰਨ**

ਕੰਮ ਦਾ ਬੋਝ: ਲੰਬੇ ਸਮੇਂ ਤੱਕ ਬਿਨਾਂ ਅਰਾਮ ਕੀਤੇ ਕੰਮ ਕਰਨਾ।

ਆਰਥਿਕ ਚਿੰਤਾਵਾਂ: ਪੈਸੇ ਦੀ ਘਾਟ ਜਾਂ ਕਰਜ਼ੇ।

ਪਰਿਵਾਰਕ ਸਮੱਸਿਆਵਾਂ: ਰਿਸ਼ਤਿਆਂ ਵਿੱਚ ਤਣਾਅ ਜਾਂ ਟਕਰਾਅ।

ਸਮਾਜਿਕ ਦਬਾਅ: ਲੋਕਾਂ ਦੀਆਂ ਉਮੀਦਾਂ ਅਤੇ ਤੁਲਨਾਵਾਂ।

**ਤਣਾਅ ਘਟਾਉਣ ਦੇ ਤਰੀਕੇ**

ਧਿਆਨ ਅਤੇ ਪ੍ਰਾਣਾਯਾਮ: ਰੋਜ਼ਾਨਾ 10-15 ਮਿੰਟ ਧਿਆਨ ਕਰਨ ਨਾਲ ਮਨ ਸ਼ਾਂਤ ਹੁੰਦਾ ਹੈ।

ਕਸਰਤ: ਤੁਰਨਾ, ਦੌੜਨਾ ਜਾਂ ਯੋਗਾ ਕਰਨ ਨਾਲ ਸਰੀਰ ਵਿੱਚ ਐਂਡੋਰਫਿਨ ਨਿਕਲਦੇ ਹਨ ਜੋ ਮਨ ਨੂੰ ਖੁਸ਼ ਕਰਦੇ ਹਨ।

ਸੰਤੁਲਿਤ ਖੁਰਾਕ: ਸਿਹਤਮੰਦ ਭੋਜਨ ਮਨੁੱਖ ਨੂੰ ਤਾਕਤ ਅਤੇ ਸ਼ਾਂਤੀ ਦਿੰਦਾ ਹੈ।

ਨੀਂਦ: 7-8 ਘੰਟੇ ਦੀ ਪੂਰੀ ਨੀਂਦ ਤਣਾਅ ਘਟਾਉਣ ਲਈ ਲਾਜ਼ਮੀ ਹੈ।

ਸੰਗੀਤ ਅਤੇ ਸ਼ੌਕ: ਆਪਣਾ ਮਨਪਸੰਦ ਸੰਗੀਤ ਸੁਣਨਾ ਜਾਂ ਸ਼ੌਕ ਪੂਰੇ ਕਰਨਾ ਮਨ ਨੂੰ ਤਾਜ਼ਗੀ ਦਿੰਦਾ ਹੈ।

ਸਮਾਂ ਪ੍ਰਬੰਧਨ: ਕੰਮ ਅਤੇ ਅਰਾਮ ਦਾ ਸੰਤੁਲਨ ਬਣਾਉਣਾ।

ਸਕਾਰਾਤਮਕ ਸੋਚ: ਹਰ ਸਮੱਸਿਆ ਨੂੰ ਹੱਲ ਕਰਨ ਵਾਲੇ ਨਜ਼ਰੀਏ ਨਾਲ ਦੇਖਣਾ।

**ਤਣਾਅ ਪ੍ਰਬੰਧਨ ਦੇ ਫਾਇਦੇ**

ਦਿਲ ਦੀਆਂ ਬਿਮਾਰੀਆਂ ਤੋਂ ਬਚਾਅ।

ਰੋਗ-ਪ੍ਰਤੀਰੋਧਕ ਤਾਕਤ ਵਧਦੀ ਹੈ।

ਮਨ ਸ਼ਾਂਤ ਰਹਿੰਦਾ ਹੈ ਅਤੇ ਫੈਸਲੇ ਲੈਣ ਦੀ ਸਮਰੱਥਾ ਵਧਦੀ ਹੈ।

ਰਿਸ਼ਤਿਆਂ ਵਿੱਚ ਮਿੱਠਾਸ ਬਣੀ ਰਹਿੰਦੀ ਹੈ।

ਜੀਵਨ ਖੁਸ਼ਹਾਲ ਅਤੇ ਸੰਤੁਲਿਤ ਬਣਦਾ ਹੈ।

ਨਤੀਜਾ ਇਹ ਹੈ ਕਿ ਤਣਾਅ ਪ੍ਰਬੰਧਨ ਸਿਰਫ਼ ਮਨੁੱਖ ਦੀ ਸਿਹਤ ਹੀ ਨਹੀਂ, ਸਗੋਂ ਉਸਦੀ ਜੀਵਨ-ਸ਼ੈਲੀ ਨੂੰ ਵੀ ਸੁਧਾਰਦਾ ਹੈ। ਜੇ ਅਸੀਂ ਰੋਜ਼ਾਨਾ ਛੋਟੇ-ਛੋਟੇ ਕਦਮ ਚੁੱਕੀਏ — ਜਿਵੇਂ ਧਿਆਨ, ਕਸਰਤ, ਸੰਤੁਲਿਤ ਖੁਰਾਕ ਅਤੇ ਸਕਾਰਾਤਮਕ ਸੋਚ — ਤਾਂ ਅਸੀਂ ਤਣਾਅ ਨੂੰ ਕਾਬੂ ਕਰਕੇ ਖੁਸ਼ਹਾਲ ਜੀਵਨ ਜੀ ਸਕਦੇ ਹਾਂ।

# ਸੁਆਦ ਅਤੇ ਅਨੰਦ ਲੈ ਕੇ ਖਾਧਾ ਭੋਜਨ ਭਾਰ ਘਟਾਉਣ 'ਚ ਮਦਦ ਕਰ ਸਕਦਾ ਹੈ, ਜਾਣੋ ਕਿਵੇਂ?

ਸਿਰਫ਼ ਇਹ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਕੀ ਖਾਂਦੇ ਹੋ, ਬਲਕਿ ਇਸ ਵੀ ਰੱਖਦਾ ਹੈ ਕਿ ਤੁਸੀਂ ਇਸ ਬਾਰੇ ਕੀ ਸੋਚਦੇ ਹੋ।

ਮਨ ਅਤੇ ਸਰੀਰ ਦਾ ਸੰਬੰਧ ਸਾਡੀ ਭੁੱਖ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿਉਂਕਿ ਅਸੀਂ ਜੋ ਖਾਧਾ ਹੈ ਉਸ ਬਾਰੇ ਸਾਡੀ ਉਮੀਦ ਦਿਮਾਗ਼ ਦੀ ਭੁੱਖ ਅਤੇ ਤ੍ਰਿਪਤੀ (ਸੰਤੁਸ਼ਟੀ) ਦੀ ਧਾਰਨਾ ਨੂੰ ਬਦਲ ਸਕਦੀ ਹੈ।

ਜੇ ਤੁਹਾਡੇ ਸਾਹਮਣੇ ਇੱਕ ਸਵਾਦ ਚਾਕਲੇਟ ਬਾਰ ਜਾਂ ਘੱਟ ਕੈਲੋਰੀ ਵਾਲਾ, ਕੁਦਰਤੀ ਤੌਰ 'ਤੇ ਮਿੱਠਾ ਬਦਲ ਰੱਖਿਆ ਜਾਵੇ, ਤਾਂ ਤੁਸੀਂ ਕਿਹੜਾ ਚੁਣੋਗੇ?

ਸਾਡੇ ਵਿੱਚੋਂ ਜ਼ਿਆਦਾਤਰ ਲੋਕ ਤਰਕਸੰਗਤ ਤੌਰ 'ਤੇ ਜਾਣਦੇ ਹਨ ਕਿ ਸਾਨੂੰ ਦੂਜਾ ਬਦਲ ਚੁਣਨਾ ਚਾਹੀਦਾ ਹੈ, ਪਰ ਸਵਾਦਲੀ ਟ੍ਰੀਟ ਤੋਂ ਬਚਣਾ ਬਹੁਤ ਮੁਸ਼ਕਲ ਹੁੰਦਾ ਹੈ।

ਇਸ ਕਰਕੇ ਉਹ ਲੋਕ ਜਿਹੜੇ ਵਜ਼ਨ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਲਈ ਡਾਈਟ 'ਤੇ ਕਾਇਮ ਰਹਿਣਾ ਔਖਾ ਹੋ ਜਾਂਦਾ ਹੈ।

ਅਸੀਂ ਜ਼ਿਆਦਾ ਊਰਜਾ ਵਾਲੇ ਅਤੇ ਮਿੱਠੇ ਖਾਣਿਆਂ ਦੀ ਇੱਛਾ ਰੱਖਣ ਲਈ ਜੈਨੇਟਿਕ ਤੌਰ 'ਤੇ ਬਣੇ ਹੋਏ ਹਾਂ, ਕਿਉਂਕਿ ਸਾਡੇ ਪੁਰਖੇ ਕਦੇ ਇਨ੍ਹਾਂ 'ਤੇ ਹੀ ਨਿਰਭਰ ਕਰਦੇ ਸਨ।

ਇਸ ਚੁਣੌਤੀ ਨੂੰ ਹੋਰ ਵਧਾਉਂਦਾ ਹੈ ਸਾਡਾ ਵਾਤਾਵਰਣ, ਜਿੱਥੇ ਉੱਚ ਕੈਲੋਰੀ ਵਾਲੇ ਅਤੇ ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਗਏ ਖਾਣੇ ਹਰ ਜਗ੍ਹਾ ਮੌਜੂਦ ਹਨ। ਜਦੋਂ ਅਸੀਂ ਇਹ ਖਾਂਦੇ ਹਾਂ, ਤਾਂ ਅਕਸਰ ਖਾਣ-ਪੀਣ ਦੀਆਂ ਆਦਤਾਂ ਬਾਰੇ ਦੋਸ਼ ਭਾਵਨਾ ਵੀ ਵਧ ਜਾਂਦੀ ਹੈ।

ਯੂਨੀਵਰਸਿਟੀ ਆਫ਼ ਮਿਸ਼ੀਗਨ ਵਿੱਚ ਮਨੋਵਿਗਿਆਨ ਦੀ ਪ੍ਰੋਫੈਸਰ ਐਸ਼ਲੀ ਗੀਅਰਹਾਰਡ ਕਹਿੰਦੀ ਹੈ, "ਅਲਟ੍ਰਾ-ਪ੍ਰੋਸੈਸਡ ਉਤਪਾਦ ਅਸਲ ਵਿੱਚ ਇੱਕ ਹੈਵੀ ਮੈਟਲ ਕਨਸਰਟ ਵਰਗੇ ਹੁੰਦੇ ਹਨ। ਇਹ ਇਸ ਤਰ੍ਹਾਂ ਬਣਾਏ ਜਾਂਦੇ ਹਨ ਕਿ ਹੋਰ ਸਭ ਕੁਝ ਦਬ ਜਾਵੇ। ਅਤੇ ਲੋਕਾਂ ਲਈ ਫਲ ਜਾਂ ਸਬਜ਼ੀ ਦੀ ਨਰਮ ਕਲਾਸੀਕਲ ਸੰਗੀਤ ਵਰਗੀ ਧੁਨ ਨੂੰ ਸੁਣਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ।"

ਪਰ ਖੋਜ ਇਸ ਵਿਚਾਰ ਵੱਲ ਇਸ਼ਾਰਾ ਕਰਦੀ ਹੈ ਕਿ ਸਿਹਤਮੰਦ ਵਜ਼ਨ ਬਣਾਈ ਰੱਖਣ ਲਈ ਸਾਨੂੰ ਸਿਰਫ਼ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਕੀ ਖਾਂਦੇ ਹਾਂ, ਸਗੋਂ ਭੋਜਨ ਬਾਰੇ ਸਾਡੀ ਸੋਚ ਵੀ ਮਹੱਤਵਪੂਰਨ ਹੈ। ਅਸਲ ਵਿੱਚ, ਖਾਣ-ਪੀਣ ਵਿੱਚ ਖੁਸ਼ੀ ਲੱਭਣ ਦੇ ਸਿਹਤ ਨੂੰ ਲਾਭ ਵੀ ਹੁੰਦੇ ਹਨ, ਕਿਉਂਕਿ ਅਸੀਂ ਜੋ ਖਾਧਾ ਹੈ ਉਸ ਬਾਰੇ ਸਾਡੀ ਉਮੀਦ ਹੀ ਸਾਡੀ ਭੁੱਖ ਨੂੰ ਪ੍ਰਭਾਵਿਤ ਕਰਦੀ ਹੈ।

ਸੰਤੁਸ਼ਟ ਨਾ ਕਰਨ ਵਾਲੇ 'ਸਿਹਤਮੰਦ' ਮਿਲਕਸ਼ੇਕ

15 ਸਾਲ ਪਹਿਲਾਂ ਪ੍ਰਕਾਸ਼ਿਤ ਇੱਕ ਮੰਨੇ-ਪ੍ਰਮੰਨੇ ਪ੍ਰਯੋਗ ਵਿੱਚ ਵਿਗਿਆਨੀਆਂ ਦੀ ਇੱਕ ਟੀਮ ਨੇ ਪਾਇਆ ਕਿ ਅਸੀਂ ਮੰਨਦੇ ਹਾਂ ਕਿ ਜੋ ਅਸੀਂ ਖਾ ਰਹੇ ਹਾਂ, ਉਹ ਸਾਡੇ ਸਰੀਰ ਦੀ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਦੀ ਮਨੋਵਿਗਿਆਨੀ ਆਲੀਆ ਕ੍ਰਮ ਦੀ ਅਗਵਾਈ ਵਾਲੀ ਟੀਮ ਨੇ ਦਰਸਾਇਆ ਕਿ ਜੇ ਭਾਗੀਦਾਰਾਂ ਨੂੰ ਇਹ ਵਿਸ਼ਵਾਸ ਸੀ ਕਿ ਉਹ ਇੱਕ ਬਹੁਤ ਸਵਾਦਲੇ ਅਤੇ ਉੱਚ ਕੈਲੋਰੀ



ਵਾਲਾ ਮਿਲਕਸ਼ੇਕ ਪੀ ਰਹੇ ਹਨ, ਤਾਂ ਉਨ੍ਹਾਂ ਦੇ ਸਰੀਰ ਦੀ ਹਾਰਮੋਨਲ ਪ੍ਰਤੀਕਿਰਿਆ ਇਸ ਗੱਲ 'ਤੇ ਨਿਰਭਰ ਕਰਦੀ ਸੀ ਕਿ ਉਹ ਕੀ ਮੰਨ ਰਹੇ ਸਨ ਨਾ ਕਿ ਉਹ ਅਸਲ ਵਿੱਚ ਕਿੰਨੀ ਕੈਲੋਰੀ ਖਾ ਰਹੇ ਸਨ।

ਭਾਗੀਦਾਰਾਂ ਨੂੰ ਇੱਕੋ ਜਿਹਾ ਮਿਲਕਸ਼ੇਕ ਦਿੱਤਾ ਗਿਆ ਸੀ ਪਰ ਜਾਂ ਤਾਂ ਇਹ ਕਿਹਾ ਗਿਆ ਕਿ ਸਿਹਤਮੰਦ ਡ੍ਰਿੰਕ ਹੈ ਅਤੇ ਸਿਰਫ਼ 140 ਕੈਲੋਰੀਜ਼ ਸਨ ਅਤੇ ਜਾਂ ਇਹ ਕਿਹਾ ਗਿਆ ਕਿ ਇਹ 620 ਕੈਲੋਰੀਜ਼ ਵਾਲਾ ਮਿਲਕਸ਼ੇਕ ਸੀ। ਅਸਲ ਵਿੱਚ, ਇਸ ਵਿੱਚ 380 ਕੈਲੋਰੀਜ਼ ਸਨ।

ਜਦੋਂ ਭਾਗੀਦਾਰਾਂ ਨੇ ਵਿਸ਼ਵਾਸ ਕੀਤਾ ਕਿ ਉਹ ਜ਼ਿਆਦਾ ਕੈਲੋਰੀਜ਼ ਵਾਲਾ ਸ਼ੇਕ ਪੀ ਰਹੇ ਸਨ, ਤਾਂ ਉਨ੍ਹਾਂ ਨੇ ਭੁੱਖ ਵਾਲੇ ਹਾਰਮੋਨ ਘਰੇਲਿਨ ਵਿੱਚ ਤੇਜ਼ੀ ਨਾਲ ਕਮੀ ਮਹਿਸੂਸ ਕੀਤੀ। ਇਹ ਹਾਰਮੋਨ ਸਾਡੀ ਭੁੱਖ ਨਾਲ ਜੁੜਿਆ ਹੁੰਦਾ ਹੈ, ਜਦੋਂ ਅਸੀਂ ਭੁੱਖੇ ਹੁੰਦੇ ਹਾਂ ਇਹ ਵਧਦਾ ਹੈ ਅਤੇ ਜਦੋਂ ਢਿੱਡ ਭਰਿਆ ਹੁੰਦਾ ਹੈ ਇਹ ਘਟਦਾ ਹੈ।

ਪਰ ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਹ ਸਿਹਤਮੰਦ ਸ਼ੇਕ ਪੀ ਰਹੇ ਸਨ, ਤਾਂ ਘਰੇਲਿਨ ਵਿੱਚ ਘੱਟ ਕਮੀ ਦੇਖਣ ਨੂੰ ਮਿਲੀ।

ਇਸ ਨਾਲ ਪਤਾ ਲੱਗਿਆ ਕਿ ਉਨ੍ਹਾਂ ਦੀ ਮਾਨਸਿਕਤਾ ਅਤੇ ਉਮੀਦਾਂ ਨੇ ਭੋਜਨ ਦੇ ਸਰੀਰ 'ਤੇ ਅਸਰ ਨੂੰ ਬਦਲ ਦਿੱਤਾ। ਆਲੀਆ ਕ੍ਰਮ ਕਹਿੰਦੇ ਹਨ, "ਇਹ ਵਿਸ਼ਵਾਸ ਕਰਨਾ ਕਿ ਤੁਸੀਂ ਲੋੜ ਮੁਤਾਬਕ ਖਾ ਰਹੇ ਹੋ, ਤੁਹਾਡੇ ਸਰੀਰ ਨੂੰ ਅਜਿਹੀ ਪ੍ਰਤੀਕਿਰਿਆ ਲਈ ਮਜਬੂਰ ਕਰਦਾ ਹੈ ਜਿਵੇਂ ਪੇਟ ਭਰ ਗਿਆ ਹੋਵੇ।"

"ਸਿਹਤਮੰਦ ਭਾਰ ਬਣਾਏ ਰੱਖਣ ਲਈ ਇਹ ਮਹੱਤਵਪੂਰਨ ਹੈ, ਕਿਉਂਕਿ ਘਰੇਲਿਨ ਸਾਡੇ ਮੈਟਾਬੋਲਿਜ਼ਮ ਨੂੰ ਪ੍ਰਭਾਵਿਤ ਕਰਦਾ ਹੈ। ਜੇ ਅਸੀਂ ਪੇਟ ਭਰਿਆ ਹੋਇਆ ਮਹਿਸੂਸ ਨਹੀਂ ਕਰਦੇ ਅਤੇ ਸਾਡਾ ਮੈਟਾਬੋਲਿਜ਼ਮ ਸੁਸਤ ਹੋ ਜਾਂਦਾ ਹੈ, ਤਾਂ ਅਸੀਂ ਓਨੀ ਊਰਜਾ ਨਹੀਂ ਬਾਲ ਸਕਾਂਗੇ। ਇਸ ਲਈ ਖਾਣ ਪੀਣ ਵਿੱਚ ਬਹੁਤ ਜ਼ਿਆਦਾ ਸੰਜਮ ਜਾਂ ਰੋਕ ਟੋਕ ਵਾਲੀ ਮਾਨਸਿਕਤਾ ਸਿਹਤਮੰਦ ਵਜ਼ਨ ਬਣਾਏ ਰੱਖਣ 'ਤੇ ਉਲਟਾ ਅਸਰ ਪਾ ਸਕਦੀ ਹੈ।"

ਉਨ੍ਹਾਂ ਕਿਹਾ, "ਜੇ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ ਅਤੇ ਖੰਡ, ਚਰਬੀ ਤੇ ਕੈਲੋਰੀਜ਼ ਦੀ ਮਾਤਰ ਘਟਾਉਂਦੇ ਹੋ, ਪਰ ਤੁਹਾਡੀ ਮਾਨਸਿਕਤਾ ਰੋਕ ਟੋਕ ਵਾਲੀ ਹੈ, ਤਾਂ ਇਹ ਤੁਹਾਡਾ ਭਾਰ ਓਨੀ ਤੇਜ਼ੀ ਨਾਲ ਘਟਣ ਨਹੀਂ ਦੇਵੇਗੀ।"

ਕ੍ਰਮ ਨੇ ਸਾਡਾ ਢਿੱਡ ਭਰਿਆ ਹੋਇਆ ਮਹਿਸੂਸ ਕਰਨ ਦੀ ਜੈਨੇਟਿਕ ਪ੍ਰਵਿਰਤੀ ਦੇ ਮਾਮਲੇ ਵਿੱਚ ਵੀ ਇਸੇ ਤਰ੍ਹਾਂ ਦੇ ਨਤੀਜੇ ਪਾਏ ਹਨ। ਜਿਨ੍ਹਾਂ ਵਿਅਕਤੀਆਂ ਨੂੰ ਇਹ ਦੱਸਿਆ ਗਿਆ ਸੀ ਕਿ ਉਨ੍ਹਾਂ ਵਿੱਚ ਅਜਿਹੇ ਜੀਨ ਹਨ ਜੋ ਉਨ੍ਹਾਂ ਨੂੰ ਜਲਦੀ ਰੱਜਿਆ ਹੋਇਆ ਮਹਿਸੂਸ ਕਰਵਾਉਂਦੇ ਹਨ, ਉਨ੍ਹਾਂ ਦੇ ਸਰੀਰ ਵਿੱਚ ਭਾਰ ਨੂੰ ਨਿਯੰਤਰਿਤ ਕਰਨ ਵਾਲਾ ਹਾਰਮੋਨ ਘਲਫ-1 ਜ਼ਿਆਦਾ ਮਾਤਰਾ ਵਿੱਚ ਪੈਦਾ ਹੋਇਆ। ਭਾਵੇਂ ਅਸਲ ਵਿੱਚ ਉਨ੍ਹਾਂ ਅੰਦਰ ਉਹ ਜੀਨ ਨਹੀਂ ਸਨ।

ਲੇਬਲਿੰਗ ਕਿਉਂ ਅਹਿਮੀਅਤ ਰੱਖਦੀ ਹੈ?

ਲੇਬਲਿੰਗ ਵੀ ਫਰਕ ਪਾਉਂਦੀ ਹੈ। ਇੱਕ ਹੋਰ ਅਧਿਐਨ ਵਿੱਚ, ਭਾਗੀਦਾਰਾਂ ਨੂੰ ਇੱਕ ਪ੍ਰੋਟੀਨ ਬਾਰ ਖਾਣ ਲਈ ਕਿਹਾ ਗਿਆ ਜਿਸ ਉੱਤੇ ਜਾਂ ਤਾਂ 'ਸਵਾਦ' ਜਾਂ 'ਸਿਹਤਮੰਦ' ਲਿਖਿਆ ਹੋਇਆ ਸੀ, ਪਰ ਦੋਹਾਂ ਵਿੱਚ ਪੌਸ਼ਟਿਕ ਤੱਤ ਇੱਕੋ ਜਿਹੇ ਸਨ। ਭਾਗੀਦਾਰਾਂ ਦੇ ਤੀਜੇ ਸਮੂਹ ਨੂੰ ਸਿਰਫ਼ ਉਸ ਬਾਰ ਦੀ ਦਿੱਖ ਨੂੰ ਰੇਟ ਕਰਨ ਲਈ ਕਿਹਾ ਗਿਆ ਸੀ।

'ਸਿਹਤਮੰਦ' ਲੇਬਲ ਵਾਲੀ ਬਾਰ ਖਾਣ ਤੋਂ ਬਾਅਦ ਭਾਗੀਦਾਰਾਂ ਨੇ ਦੱਸਿਆ ਨੇ ਉਹ ਘੱਟ ਸੰਤੁਸ਼ਟ ਮਹਿਸੂਸ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਜ਼ਿਆਦਾ ਭੁੱਖ ਲੱਗੀ ਸੀ। ਇੱਥੋਂ ਤੱਕ ਕਿ ਉਨ੍ਹਾਂ ਨੇ ਦੂਜੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਭੋਜਨ ਖਾਧਾ ਜਿਨ੍ਹਾਂ ਨੇ ਬਾਰ ਨਹੀਂ ਖਾਧੀ ਸੀ।

ਇਸ ਤੋਂ ਜ਼ਾਹਿਰ ਹੁੰਦਾ ਹੈ ਕਿ 'ਸਿਹਤਮੰਦ' ਲੇਬਲ ਸਵਾਦ ਜਾਂ ਆਨੰਦ ਦੀ ਉਮੀਦ ਘਟਾ ਸਕਦੇ ਹਨ, ਜਿਸ ਦਾ ਮਤਲਬ ਹੈ ਕਿ ਸਿਹਤਮੰਦ ਲੇਬਲ ਵਾਲੇ ਭੋਜਨ ਸਾਨੂੰ ਘੱਟ ਸੰਤੁਸ਼ਟ ਕਰਦੇ ਹਨ।

ਪੌਸ਼ਟਿਕ ਭੋਜਨ ਦੇ ਸਵਾਦ ਅਤੇ ਆਨੰਦ 'ਤੇ ਜ਼ੋਰ ਦੇ ਕੇ ਕੀਤੀ ਲੇਬਲਿੰਗ ਕਰਨ ਨਾਲ ਵੀ ਲੋਕਾਂ ਵਿੱਚ ਉਨ੍ਹਾਂ ਭੋਜਨਾਂ ਦਾ ਆਨੰਦ ਲੈਣ ਦੀ ਸੰਭਾਵਨਾ ਵਧਦੀ ਦੇਖੀ ਗਈ। ਇਸੇ ਤਰ੍ਹਾਂ, ਉਹ ਵਿਅਕਤੀ ਜੋ ਚਾਕਲੇਟ ਕੇਕ ਜਿਹੀ ਕੋਈ ਆਨੰਦਮਈ ਚੀਜ਼ ਖਾਣ ਬਾਅਦ ਦੋਸ਼ੀ ਮਹਿਸੂਸ ਕਰਦੇ ਹਨ, ਉਨ੍ਹਾਂ ਵਿੱਚ ਭਾਰ ਘਟਾਉਣ ਵਿੱਚ ਘੱਟ ਸਫਲਤਾ ਦੇਖੀ ਗਈ ਹੈ।

ਕੁੱਲ ਮਿਲਾ ਕੇ, ਇਹ ਖੋਜ ਉਨ੍ਹਾਂ ਲਈ ਅਹਿਮ ਹੈ ਜੋ ਭਾਰ ਘਟਾਉਣਾ ਚਾਹੁੰਦੇ ਹਨ। ਜਿਵੇਂ ਕਿ ਮੇਰੇ ਸਹਿਯੋਗੀ ਡੇਵਿਡ ਰੌਬਸਨ ਨੇ ਆਪਣੀ ਕਿਤਾਬ 'ਦ ਐਕਸਪੈਕਟੇਸ਼ਨ ਇਫੈਕਟ' ਵਿੱਚ ਡੂੰਘਾਈ ਨਾਲ ਦੱਸਿਆ ਹੈ ਕਿ ਆਪਣੇ ਆਪ ਨੂੰ ਕਿਸੇ ਮਨਪਸੰਦ ਚੀਜ਼ ਤੋਂ ਵਾਂਝਾ ਰੱਖਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਕੁੱਲ ਮਿਲਾ ਕੇ ਘੱਟ ਕੈਲੋਰੀਜ਼ ਖਾਓਗੇ। ਅਸਲ ਵਿੱਚ, ਖਾਣ ਵਿੱਚ ਵਰਤਿਆ ਬਹੁਤ ਸੰਜਮ ਬਾਅਦ ਵਿੱਚ ਜ਼ਿਆਦਾ ਖਾਣ ਦਾ ਕਾਰਨ ਬਣ ਸਕਦਾ ਹੈ।

ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿੱਚ ਮਨੋਵਿਗਿਆਨੀ ਆਲੀਆ ਕ੍ਰਮ ਕਹਿੰਦੇ ਹਨ ਕਿ ਇਹ ਵਿਸ਼ਵਾਸ ਕਰਨਾ ਕਿ ਤੁਸੀਂ ਲੋੜ ਮੁਤਾਬਕ ਖਾ ਰਹੇ ਹੋ, ਤੁਹਾਡੇ ਸਰੀਰ ਨੂੰ ਅਜਿਹੀ ਪ੍ਰਤੀਕਿਰਆ ਲਈ ਮਜਬੂਰ ਕਰਦਾ ਹੈ ਜਿਵੇਂ ਉਸ ਦਾ ਪੇਟ ਭਰ ਗਿਆ ਹੋਵੇ।

ਕ੍ਰਮ ਕਹਿੰਦੇ ਹਨ ਕਿ ਭੋਜਨ ਲਈ ਅਜਿਹੇ ਸ਼ਬਦਾਂ ਜਿਵੇਂ ਕਿ 'ਲਾਈਟ', 'ਲੋਅ', 'ਰਿਡਿਊਸਡ' ਦੀ ਵਰਤੋਂ ਕਰਨ ਤੋਂ ਬਚ ਸਕਦੇ ਹਾਂ ਜੋ ਵਾਂਝੇ ਹੋਣ ਦਾ ਅਹਿਸਾਸ ਕਰਵਾਉਂਦੇ ਹਨ। ਉਹ ਕਹਿੰਦੇ ਹਨ, "ਇਹ ਮਾਨਸਿਕਤਾ ਕਿ ਤੁਹਾਨੂੰ ਲੋੜ ਮੁਤਾਬਕ ਖੁਰਾਕ ਨਹੀਂ ਮਿਲ ਰਹੀ, ਅਸਲ ਵਿੱਚ ਡਾਈਟਿੰਗ ਦੇ ਫ਼ਾਇਦਿਆਂ ਨੂੰ ਖ਼ਤਮ ਕਰ ਸਕਦੀ ਹੈ।"

ਗੀਅਰਹਾਰਡ ਵੀ ਸਹਿਮਤੀ ਜਤਾਉਂਦੇ ਹਨ ਅਤੇ ਕਹਿੰਦੇ ਹਨ ਕਿ ਸਿਰਫ਼ ਪੌਸ਼ਟਿਕ ਤੱਤਾਂ ਅਤੇ ਕੈਲੋਰੀਜ਼ 'ਤੇ ਧਿਆਨ ਦੇਣ ਦੀ ਬਜਾਏ ਭੋਜਨ ਨੂੰ ਆਨੰਦ ਲੈਣ ਵਾਲੀ ਚੀਜ਼ ਵਜੋਂ ਦੇਖਣਾ ਸਾਡੇ ਲਈ ਫਾਇਦੇਮੰਦ ਹੋਵੇਗਾ। ਉਹ ਕਹਿੰਦੇ ਹਨ, "ਜਦੋਂ ਅਸੀਂ ਖ਼ੁਦ ਨੂੰ ਸੀਮਤ ਕਰ ਲੈਂਦੇ ਹਾਂ ਤਾਂ ਇਹ ਇੱਕ ਬੋਝ ਜਾਂ ਸਿਰਫ਼ ਕੰਮ ਬਣ ਸਕਦਾ ਹੈ।"

ਗੀਅਰਹਾਰਡ ਮੁਤਾਬਕ ਸਾਨੂੰ ਇਸ ਦੀ ਬਜਾਏ, ਬਿਨ੍ਹਾਂ ਪ੍ਰੋਸੈਸ ਕੀਤੇ ਭੋਜਨਾਂ ਜਿਸ ਵਿੱਚ ਪ੍ਰੋਟੀਨ ਅਤੇ ਭਰਪੂਰ ਫਲ ਤੇ ਸਬਜ਼ੀਆਂ ਸ਼ਾਮਲ ਹਨ, 'ਤੇ ਧਿਆਨ ਦੇਣ ਦੀ ਲੋੜ ਹੈ। ਮਨੁੱਖੀ ਸਰੀਰ ਨੂੰ ਇਨ੍ਹਾਂ ਚੀਜ਼ਾਂ ਤੋਂ ਹੀ ਪੋਸ਼ਣ ਲੈਣ ਅਤੇ ਇਨ੍ਹਾਂ ਨੂੰ ਹੀ ਸੰਤੁਸ਼ਟੀਦਾਇਕ ਅਤੇ ਆਕਰਸ਼ਕ ਮੰਨਣ ਲਈ ਬਣਾਇਆ ਗਿਆ ਸੀ।

ਅਲਟਰਾ ਪ੍ਰੋਸੈਸਡ ਭੋਜਨਾਂ ਨੂੰ ਘਟਾਉਣਾ ਵੀ ਇਸ ਵਿੱਚ ਮਦਦ ਕਰੇਗਾ ਕਿਉਂਕਿ ਉਹ ਸਾਨੂੰ ਲੋੜੀਂਦੇ ਪੌਸ਼ਟਿਕ ਤੱਤ ਨਹੀਂ ਦਿੰਦੇ ਅਤੇ ਹੋਰ ਖਾਣ ਦੀ ਲਾਲਸਾ ਪੈਦਾ ਕਰਦੇ ਹਨ।

ਕ੍ਰਮ ਕਹਿੰਦੇ ਹਨ ਕਿ ਅਸੀਂ ਅਜਿਹਾ ਆਨੰਦਮਈ ਮਾਨਸਿਕਤਾ ਨਾਲ ਵੀ ਕਰ ਸਕਦੇ ਹਾਂ। ਇਸ ਦਾ ਮਤਲਬ ਹੈ ਕਿ ਸੰਜਮ 'ਤੇ ਧਿਆਨ ਦੇਣ ਦੀ ਬਜਾਏ ਇਹ ਯਕੀਨੀ ਬਣਾਉਣਾ ਕਿ ਤੁਹਾਡੇ ਸਰੀਰ ਨੂੰ ਉਹੀ ਮਿਲ ਰਿਹਾ ਹੈ ਜਿਸ ਦੀ ਉਸ ਨੂੰ ਲੋੜ ਹੈ। ਕ੍ਰਮ ਕਹਿੰਦੇ ਹਨ, "ਖ਼ੁਦ 'ਤੇ ਅਤੇ ਆਪਣੇ ਸਰੀਰ 'ਤੇ ਭਰੋਸਾ ਰੱਖੋ ਕਿ ਉਹ ਸਹੀ ਸਮੇਂ ਸਹੀ ਚੀਜ਼ਾਂ ਦੀ ਭੁੱਖ ਮਹਿਸੂਸ ਕਰੇਗਾ।"

ਸੰਤੁਲਿਤ ਭੋਜਨ ਦੇ ਨਾਲ ਕਦੇ ਕਦਾਈਂ ਆਪਣੀ ਪਸੰਦ ਦਾ ਖਾਣਾ ਅਤੇ ਉਸ ਦਾ ਆਨੰਦ ਲੈਣਾ ਸਿਹਤਮੰਦ ਭਾਰ ਬਣਾਈ ਰੱਖਣ ਵਿੱਚ ਸਪਸ਼ਟ ਰੂਪ 'ਚ ਭੂਮਿਕਾ ਨਿਭਾ ਸਕਦਾ ਹੈ।

## ਸਰੀਰਕ ਤੰਦਰੁਸਤੀ ਲਈ ਸੁਝਾਅ





**ਰੋਜ਼ਾਨਾ ਕਸਰਤ**

ਤੁਰਨਾ/ਦੌੜਨਾ: ਇਹ ਦਿਲ ਦੀ ਸਿਹਤ ਲਈ ਸਭ ਤੋਂ ਵਧੀਆ ਹੈ।

ਯੋਗਾ ਤੇ ਸਟ੍ਰੈਚਿੰਗ: ਸਰੀਰ ਨੂੰ ਲਚਕੀਲਾ ਰੱਖਦਾ ਹੈ ਅਤੇ ਤਣਾਅ ਘਟਾਉਂਦਾ ਹੈ।

ਵਜ਼ਨ ਉਠਾਉਣਾ: ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਹੱਡੀਆਂ ਦੀ ਤਾਕਤ ਵਧਦੀ ਹੈ।



**ਸੰਤੁਲਿਤ ਖੁਰਾਕ**

ਪ੍ਰੋਟੀਨ: ਦਾਲਾਂ, ਅੰਡੇ, ਦੁੱਧ, ਪਨੀਰ — ਮਾਸਪੇਸ਼ੀਆਂ ਬਣਾਉਣ ਲਈ।

ਫਾਈਬਰ: ਫਲ, ਸਬਜ਼ੀਆਂ, ਅੰਨ — ਪਚਣ ਪ੍ਰਣਾਲੀ ਲਈ।

ਵਿਟਾਮਿਨ ਤੇ ਮਿਨਰਲ: ਰੋਗ-ਪ੍ਰਤੀਰੋਧਕ ਤਾਕਤ ਵਧਾਉਂਦੇ ਹਨ।

**ਪਾਣੀ**

ਪਾਣੀ ਸਰੀਰ ਵਿੱਚ ਟਾਕਸਿਨ ਨੂੰ ਬਾਹਰ ਕੱਢਦਾ ਹੈ।

ਚਮੜੀ ਨੂੰ ਤਾਜ਼ਗੀ ਦਿੰਦਾ ਹੈ ਅਤੇ ਥਕਾਵਟ ਘਟਾਉਂਦਾ ਹੈ।



**ਨੀਂਦ**

7-8 ਘੰਟੇ ਦੀ ਨੀਂਦ ਦਿਮਾਗ ਨੂੰ ਤਾਜ਼ਗੀ ਦਿੰਦੀ ਹੈ।

ਨੀਂਦ ਦੀ ਘਾਟ ਨਾਲ ਤਣਾਅ, ਵਜ਼ਨ ਵਧਣਾ ਅਤੇ ਬਿਮਾਰੀਆਂ ਦਾ ਖਤਰਾ ਵਧਦਾ ਹੈ।

**ਤਣਾਅ ਪ੍ਰਬੰਧਨ**

ਧਿਆਨ, ਪ੍ਰਾਣਾਯਾਮ, ਸੰਗੀਤ ਸੁਣਨਾ — ਮਨ ਨੂੰ ਸ਼ਾਂਤ ਕਰਦੇ ਹਨ।

ਤਣਾਅ ਘਟਾਉਣ ਨਾਲ ਹਾਰਮੋਨ ਸੰਤੁਲਿਤ ਰਹਿੰਦੇ ਹਨ।

**ਜੰਕ ਫੂਡ ਤੋਂ ਦੂਰ**

ਤਲਿਆ ਹੋਇਆ ਤੇ ਮਿੱਠਾ ਖਾਣਾ ਵਜ਼ਨ ਵਧਾਉਂਦਾ ਹੈ।

ਘਰ ਦਾ ਬਣਿਆ ਖਾਣਾ ਸਰੀਰ ਲਈ ਸਭ ਤੋਂ ਸੁਰੱਖਿਅਤ ਹੈ।

# ਗਰਮੀ ਦੇ ਮੌਸਮ ਦੌਰਾਨ ਬਲੱਡ ਸ਼ੂਗਰ ਦੇ ਪੱਧਰ ਵਿੱਚ ਕਿਉਂ ਹੋਣ ਲੱਗਦਾ ਉਤਰਾਅ-ਚੜ੍ਹਾਅ?

ਸ਼ੂਗਰ ਵਾਲੇ ਲੋਕਾਂ ਲਈ ਬਹੁਤ ਜ਼ਿਆਦਾ ਗਰਮੀ ਖ਼ਤਰਨਾਕ ਹੋ ਸਕਦੀ ਹੈ, ਕਿਉਂਕਿ ਸ਼ੂਗਰ ਵਾਲੇ ਲੋਕਾਂ ਵਿੱਚ ਡੀਹਾਈਡਰੇਸ਼ਨ ਜਲਦੀ ਹੋ ਜਾਂਦੀ ਹੈ। ਜਦੋਂ ਬਲੱਡ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ, ਤਾਂ ਗੁਰਦਿਆਂ ਨੂੰ ਜ਼ਿਆਦਾ ਗਲੂਕੋਜ਼ ਕੱਢਣਾ ਪੈਂਦਾ ਹੈ, ਜਿਸ ਨਾਲ ਵਾਰ-ਵਾਰ ਪਿਸ਼ਾਬ ਆਉਂਦਾ ਹੈ ਅਤੇ ਸਰੀਰ ਵਿੱਚ ਪਾਣੀ ਦੇ ਪੱਧਰ ਵਿੱਚ ਤੇਜ਼ੀ ਨਾਲ ਕਮੀ ਆਉਂਦੀ ਹੈ। ਕੁਝ ਆਮ ਦਵਾਈਆਂ, ਜਿਵੇਂ ਕਿ ਡਾਇਯੂਰੇਟਿਕਸ ਵੀ ਇਨ੍ਹਾਂ ਲੋਕਾਂ ਵਿੱਚ ਡੀਹਾਈਡਰੇਸ਼ਨ ਦਾ ਕਾਰਨ ਬਣ ਸਕਦੀਆਂ ਹਨ।

ਇਸ ਤੋਂ ਇਲਾਵਾ, ਸੀਡੀਸੀ ਦਾ ਕਹਿਣਾ ਹੈ ਕਿ ਸ਼ੂਗਰ ਪਸੀਨੇ ਦੀਆਂ ਗ੍ਰੰਥੀਆਂ ਨੂੰ ਕੰਟਰੋਲ ਕਰਨ ਵਾਲੀਆਂ ਨਾੜਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਨਤੀਜੇ ਵਜੋਂ, ਸਰੀਰ ਕਾਫ਼ੀ ਪਸੀਨਾ ਪੈਦਾ ਕਰਨ ਜਾਂ ਆਪਣੇ ਅੰਦਰੂਨੀ ਤਾਪਮਾਨ ਨੂੰ ਸਹੀ ਢੰਗ ਨਾਲ ਨਿਯੰਤ੍ਰਿਤ ਕਰਨ ਦੇ ਯੋਗ ਨਹੀਂ ਹੋ ਸਕਦਾ। ਇਸ ਸਥਿਤੀ ਨੂੰ ਆਟੋਨੋਮਿਕ ਨਿਊਰੋਪੈਥੀ ਕਿਹਾ ਜਾਂਦਾ ਹੈ। ਪਸੀਨੇ ਦੀ ਘਾਟ ਸਰੀਰ ਦੇ ਕੁਦਰਤੀ ਕੂਲਿੰਗ ਸਿਸਟਮ ਵਿੱਚ ਵਿਘਨ ਪਾਉਂਦੀ ਹੈ, ਜਿਸ




ਨਾਲ ਹੀਟਸਟ੍ਰੋਕ ਦਾ ਖ਼ਤਰਾ ਵੱਧ ਜਾਂਦਾ ਹੈ।

ਇਸਦੇ ਉਲਟ, ਕੁਝ ਮਰੀਜ਼ ਉਲਟ ਅਨੁਭਵ ਕਰਦੇ ਹਨ, ਜਿਵੇਂ ਕਿ ਖਾਣਾ ਖਾਂਦੇ ਸਮੇਂ ਚਿਹਰੇ ਜਾਂ ਗਰਦਨ 'ਤੇ ਬਹੁਤ ਜ਼ਿਆਦਾ ਪਸੀਨਾ ਆਉਣਾ। ਸ਼ੂਗਰ ਵਾਲੇ ਕੁਝ ਮਰੀਜ਼ਾਂ ਵਿੱਚ ਲੰਬੇ ਸਮੇਂ ਤੱਕ ਉੱਚ ਬਲੱਡ ਸ਼ੂਗਰ ਦਾ ਪੱਧਰ ਨਾੜਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਜਿਸ ਨਾਲ ਡਾਇਬੀਟਿਕ ਗੈਸਟਰੀ ਪਸੀਨਾ ਆਉਣਾ ਨਾਮਕ ਸਥਿਤੀ ਪੈਦਾ ਹੁੰਦੀ ਹੈ।

ਆਮ ਹਾਲਤਾਂ ਵਿੱਚ ਜਦੋਂ ਆਲੇ-ਦੁਆਲੇ ਦਾ ਤਾਪਮਾਨ ਵਧਦਾ ਹੈ, ਤਾਂ ਚਮੜੀ ਦੇ ਹੇਠਾਂ ਖੂਨ ਦੀਆਂ ਨਾੜੀਆਂ ਫੈਲ ਜਾਂਦੀਆਂ ਹਨ। ਇਹ ਚਮੜੀ ਦੀ ਸਤ੍ਹਾ ਦੇ ਨੇੜੇ ਖੂਨ ਦੇ ਪ੍ਰਵਾਹ ਨੂੰ ਵਧਾਉਂਦਾ ਹੈ, ਜਿਸ ਨਾਲ ਸਰੀਰ ਦੀ ਗਰਮੀ ਪਸੀਨੇ ਅਤੇ ਭਾਫ਼ ਰਾਹੀਂ ਬਾਹਰ ਨਿਕਲ ਜਾਂਦੀ ਹੈ। ਹਾਲਾਂਕਿ, ਜਦੋਂ ਹਵਾ ਬਹੁਤ ਗਰਮ ਜਾਂ ਨਮੀ ਵਾਲੀ ਹੁੰਦੀ ਹੈ, ਤਾਂ ਹਵਾ ਪਸੀਨੇ ਨੂੰ ਸੋਖ ਨਹੀਂ ਸਕਦੀ। ਨਤੀਜੇ ਵਜੋਂ, ਸਰੀਰ ਦਾ ਤਾਪਮਾਨ ਘੱਟ ਨਹੀਂ ਸਕਦਾ ਅਤੇ ਗਰਮੀ ਸਰੀਰ ਦੇ ਅੰਦਰ ਫਸੀ ਰਹਿੰਦੀ ਹੈ। ਇਹ ਦਿਲ ਨੂੰ ਖੂਨ ਨੂੰ ਪੰਪ ਕਰਨ ਅਤੇ ਠੰਢਕ ਬਣਾਈ ਰੱਖਣ ਲਈ ਸਖ਼ਤ ਮਿਹਨਤ ਕਰਨ ਲਈ ਮਜਬੂਰ ਕਰਦਾ ਹੈ। ਇਹ ਕੋਰਟੀਸੋਲ (ਤਣਾਅ ਹਾਰਮੋਨ) ਨੂੰ ਵਧਾਉਂਦਾ ਹੈ, ਜੋ ਸਿੱਧੇ ਤੌਰ 'ਤੇ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾਉਣ ਵਿੱਚ ਯੋਗਦਾਨ ਪਾਉਂਦਾ ਹੈ।

ਗਰਮੀ ਹੋਰ ਕੀ ਪ੍ਰਭਾਵਿਤ ਕਰਦੀ ਹੈ?

ਗਰਮੀ ਸ਼ੂਗਰ ਦੀਆਂ ਦਵਾਈਆਂ, ਸਪਲਾਈਆਂ ਅਤੇ ਉਪਕਰਣਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਇਨਸੁਲਿਨ ਜਾਂ ਮੂੰਹ ਰਾਹੀਂ ਲਈ ਜਾਣ ਵਾਲੀਆਂ ਸ਼ੂਗਰ ਦੀਆਂ ਦਵਾਈਆਂ ਨੂੰ ਸਿੱਧੀ ਧੁੱਪ ਵਿੱਚ ਜਾਂ ਗਰਮ ਕਾਰ ਵਿੱਚ ਨਾ ਸਟੋਰ ਕਰੋ। ਉੱਚ ਤਾਪਮਾਨ ਇਨਸੁਲਿਨ ਅਤੇ ਹੋਰ ਦਵਾਈਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ ਇਸ ਬਾਰੇ ਜਾਣਕਾਰੀ ਲਈ ਪੈਕੇਜਿੰਗ ਦੀ ਜਾਂਚ ਕਰੋ। ਜੇਕਰ ਤੁਸੀਂ ਯਾਤਰਾ ਕਰ ਰਹੇ ਹੋ, ਤਾਂ ਆਪਣੇ ਇਨਸੁਲਿਨ ਅਤੇ ਹੋਰ ਦਵਾਈਆਂ ਨੂੰ ਕੂਲਰ ਵਿੱਚ ਰੱਖੋ। ਇਨਸੁਲਿਨ ਨੂੰ ਸਿੱਧੇ ਬਰਫ਼ ਜਾਂ ਜੈੱਲ ਪੈਕ 'ਤੇ ਨਾ ਸਟੋਰ ਕਰੋ।

## ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਲਈ ਸੁਝਾਅ

- ਭਾਵੇਂ ਤੁਹਾਨੂੰ ਪਿਆਸ ਨਾ ਵੀ ਲੱਗੇ, ਡੀਹਾਈਡਰੇਸ਼ਨ ਤੋਂ ਬਚਣ ਲਈ ਬਹੁਤ ਸਾਰਾ ਪਾਣੀ ਪੀਓ।
- ਸ਼ਰਾਬ ਅਤੇ ਕੈਫੀਨ ਵਾਲੇ ਪਦਾਰਥ, ਜਿਵੇਂ ਕਿ ਕੌਫੀ, ਸੋਡਾ ਅਤੇ ਊਰਜਾ ਜਾਂ ਸਪੋਰਟਸ ਡਰਿੰਕਸ ਤੋਂ ਪਰਹੇਜ਼ ਕਰੋ। ਇਹ ਡੀਹਾਈਡਰੇਸ਼ਨ ਦਾ ਕਾਰਨ ਬਣ ਸਕਦੇ ਹਨ ਅਤੇ ਤੁਹਾਡੇ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾ ਸਕਦੇ ਹਨ।
- ਕਿਸੇ ਵੀ ਗਤੀਵਿਧੀ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਆਪਣੀ ਬਲੱਡ ਸ਼ੂਗਰ ਦੀ ਜਾਂਚ ਕਰੋ। ਤੁਹਾਨੂੰ ਆਪਣੀ ਇਨਸੁਲਿਨ ਦੀ ਖੁਰਾਕ ਨੂੰ ਅਨੁਕੂਲ ਕਰਨ ਦੀ ਲੋੜ ਹੋ ਸਕਦੀ ਹੈ।
- ਢਿੱਲੇ, ਹਲਕੇ ਅਤੇ ਹਲਕੇ ਰੰਗ ਦੇ ਕੱਪੜੇ ਪਾਓ।
- ਜਦੋਂ ਤੁਸੀਂ ਬਾਹਰ ਹੋਵੋ ਤਾਂ ਸਨਸਕ੍ਰੀਨ ਅਤੇ ਟੋਪੀ ਪਾਓ। ਧੁੱਪ ਨਾਲ ਜਲਣ ਤੁਹਾਡੇ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾ ਸਕਦੀ ਹੈ।
- ਭਾਵੇਂ ਤੁਸੀਂ ਸਮੁੰਦਰੀ ਕੰਢੇ ਹੋ ਜਾਂ ਪੂਲ ਦੇ ਕੰਢੇ, ਨੰਗੇ ਪੈਰ ਨਾ ਤੁਰੋ।
- ਠੰਢਾ ਰਹਿਣ ਲਈ ਆਪਣੇ ਏਅਰ ਕੰਡੀਸ਼ਨਰ ਦੀ ਵਰਤੋਂ ਕਰੋ ਜਾਂ ਕਿਸੇ ਏਅਰ-ਕੰਡੀਸ਼ਨਡ ਇਮਾਰਤ ਜਾਂ ਮਾਲ ਵਿੱਚ ਜਾਓ। ਬਹੁਤ ਜ਼ਿਆਦਾ ਗਰਮੀ ਵਿੱਚ ਇੱਕ ਕਮਰੇ ਦਾ ਪੱਖਾ ਤੁਹਾਨੂੰ ਕਾਫ਼ੀ ਠੰਢਾ ਨਹੀਂ ਕਰੇਗਾ।



## ਦੁਨੀਆਦਾਰੀ



# ਅਮਰੀਕਾ ਦਾ 'ਓਪੀਟੀ ਸਕੈਮ'—ਵਿਦਿਆਰਥੀ ਨਿਸ਼ਾਨੇ 'ਤੇ!

ਅਮਰੀਕਾ ਦੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਯਾਨੀ ਆਈਸੀਈ ਨੇ ਅਜਿਹਾ ਵੀਜ਼ਾ ਸਕੈਮ ਹੋਣ ਦਾ ਦਾਅਵਾ ਕੀਤਾ ਹੈ ਜਿਸ ਵਿੱਚ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀ ਸ਼ਾਮਲ ਹਨ।

ਇਹ ਸਕੈਮ ਅਮਰੀਕਾ ਦੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦੇ ਓਪੀਟੀ ਪ੍ਰੋਗਰਾਮ ਦੇ ਜ਼ਰੀਏ ਕੀਤਾ ਦੱਸਿਆ ਜਾ ਰਿਹਾ ਹੈ।

ਦਰਅਸਲ ਓਪੀਟੀ ਪ੍ਰੋਗਰਾਮ ਸੰਯੁਕਤ ਰਾਜ ਅਮਰੀਕਾ ਵਿੱਚ ਵਿਦਿਆਰਥੀ ਵੀਜ਼ਾ 'ਤੇ ਆਉਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ, 12 ਮਹੀਨੇ ਜਾਂ ਕੁਝ ਮਾਮਲਿਆਂ ਵਿੱਚ 24 ਮਹੀਨੇ ਤੱਕ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ।

ਆਈਸੀਈ ਦੇ ਅੰਤਰਿਮ ਮੁਖੀ ਟੌਡ ਲਓਨਜ਼ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਦਾਅਵਾ ਕੀਤਾ ਹੈ ਕਿ ਉਨ੍ਹਾਂ ਸਾਹਮਣੇ ਅਜਿਹੇ ਹਜ਼ਾਰਾਂ ਮਾਮਲੇ ਆਏ ਹਨ ਜਿਨ੍ਹਾਂ ਵਿੱਚ ਜਾਸੂਸੀ, ਵੀਜ਼ਾ ਅਤੇ ਰੁਜ਼ਗਾਰ ਧੋਖਾਧੜੀ, ਅਤੇ ਇੱਥੋਂ ਤੱਕ ਕਿ ਬਜ਼ੁਰਗ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਠੱਗੀਆਂ ਵੀ ਸ਼ਾਮਲ ਹਨ।

ਉਨ੍ਹਾਂ ਮੁਤਾਬਕ, ਇਹ ਸਭ ਉਨ੍ਹਾਂ ਵਿਅਕਤੀਆਂ ਵੱਲੋਂ ਕੀਤਾ ਗਿਆ ਜੋ ਵਿਦਿਆਰਥੀ ਹੋਣ ਦੇ ਆਪਣੇ ਸਟੇਟਸ ਦੀ ਦੁਰਵਰਤੋਂ ਕਰ ਰਹੇ ਸਨ।

ਅਮਰੀਕਾ ਦੇ ਵਾਈਸ ਪ੍ਰੈਜ਼ੀਡੈਂਟ ਜੇਡੀ ਵੈਂਸ ਨੇ ਆਪਣੇ ਐਕਸ ਹੈਂਡਲ ਤੇ ਪ੍ਰੈੱਸ ਕਾਨਫਰੰਸ ਦੀ ਪੋਸਟ ਸ਼ੇਅਰ ਕਰਦਿਆਂ ਕਿਹਾ, "ਵਿਦੇਸ਼ੀ ਨਾਗਰਿਕਾਂ ਵੱਲੋਂ ਅਮਰੀਕੀ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਕਰਕੇ ਅਮਰੀਕੀ ਲੋਕਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਾਡੀ ਧੋਖਾਧੜੀ ਵਿਰੋਧੀ ਟਾਸਕ ਫੋਰਸ ਲਈ ਇਹ ਇੱਕ ਹੋਰ ਵੱਡੀ ਕਾਮਯਾਬੀ ਹੈ।"

ਆਈਸੀਈ ਨੇ ਕੀ ਦਾਅਵਾ ਕੀਤਾ ?

ਅਮਰੀਕਾ ਦੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਯਾਨੀ ਆਈਸੀਈ ਦੇ ਅੰਤਰਿਮ ਮੁਖੀ ਟੌਡ ਲਓਨਜ਼ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ, "ਅਸੀਂ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਦੀ ਪਛਾਣ ਕੀਤੀ ਹੈ ਜੋ ਬਹੁਤ ਸ਼ੱਕੀ ਇੰਪਲੋਅਲਰਜ਼ (ਉਹ ਲੋਕ ਜੋ ਕੰਮ ਦੇ ਰਹੇ ਹਨ) ਲਈ ਕੰਮ ਕਰ ਰਹੇ ਹਨ।"

ਉਨ੍ਹਾਂ ਕਿਹਾ, "ਪਿਛਲੇ ਇੱਕ ਸਾਲ ਦੌਰਾਨ ਅਸੀਂ ਓਪੀਟੀ ਉੱਤੇ ਆਪਣੀ ਨਿਗਰਾਨੀ ਨੂੰ ਕਾਫ਼ੀ ਵਧਾਇਆ ਹੈ ਅਤੇ ਅਸੀਂ ਇਹ ਕਹਿ




ਸਕਦੇ ਹਾਂ ਕਿ ਸਾਨੂੰ ਦੇਸ਼ ਭਰ ਵਿੱਚ ਧੋਖਾਧੜੀ ਦੇ ਕਈ ਮਾਮਲੇ ਮਿਲੇ ਹਨ।"

ਉਨ੍ਹਾਂ ਦੱਸਿਆ ਕਿ ਹੋਮਲੈਂਡ ਸਿਕਿਊਰਿਟੀ ਇਨਵੈਸਟੀਗੇਸ਼ਨ ਦੇ ਏਜੰਟਾਂ ਨੇ ਵਰਜੀਨੀਆ, ਟੈਕਸਾਸ, ਜਾਰਜੀਆ, ਇਲੀਨੋਇਸ, ਨਿਊਯਾਰਕ, ਨਿਊਜਰਸੀ, ਨਾਰਥ ਕੈਰੋਲੀਨਾ ਅਤੇ ਫਲੋਰਿਡਾ ਵਿੱਚ ਸ਼ੱਕੀ ਓਪੀਟੀ ਇੰਪਲੋਅਰਜ਼ ਦੀਆਂ ਕੰਮ ਦੀਆਂ ਥਾਵਾਂ ਦਾ ਦੌਰਾ ਕੀਤਾ ਹੈ।

ਉਨ੍ਹਾਂ ਕਿਹਾ, "ਇਨ੍ਹਾਂ ਵਿੱਚੋਂ ਕਈ ਇੰਪਲੋਅਰਜ਼ ਵਿੱਚ ਅਜਿਹੀਆਂ ਐਨਜੀਓ ਵੀ ਸ਼ਾਮਲ ਹਨ ਜੋ ਸ਼ੱਕੀ ਗਤੀਵਿਧੀਆਂ ਦਾ ਹਿੱਸਾ ਹਨ। ਅਸੀਂ ਅਜਿਹੀਆਂ ਖਾਲੀ ਇਮਾਰਤਾਂ ਅਤੇ ਬੰਦ ਦਰਵਾਜ਼ੇ ਵੇਖੇ ਹਨ ਜਿੱਥੇ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਦੇ ਕੰਮ ਕਰਨ ਦਾ ਦਾਅਵਾ ਕੀਤਾ ਗਿਆ ਸੀ। ਕਈ ਮਾਮਲਿਆਂ ਵਿੱਚ ਕਈ ਓਪੀਟੀ ਇੰਪਲੋਅਰਜ਼ ਇੱਕੋ ਪਤੇ ਤੋਂ ਕੰਮ ਕਰਨ ਦਾ ਦਾਅਵਾ ਕਰਦੇ ਹਨ, ਪਰ ਅਸਲ ਵਿੱਚ ਕਿਸੇ ਨੇ ਵੀ ਉਹ ਥਾਂ ਕਿਰਾਏ 'ਤੇ ਨਹੀਂ ਲਈ ਹੁੰਦੀ।"

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਛੋਟੇ ਰਿਹਾਇਸ਼ੀ ਪਤੇ ਵੀ ਵਰਕਸਾਈਟ (ਕੰਮ ਦੀ ਥਾਂ) ਵਜੋਂ ਦਰਸਾਏ ਹੋਏ ਮਿਲੇ ਜਿੱਥੇ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਦੇ ਕੰਮ ਕਰਨ ਦਾ ਦਾਅਵਾ ਸੀ, ਪਰ ਉੱਥੇ ਕੋਈ ਕਰਮਚਾਰੀ ਮੌਜੂਦ ਨਹੀਂ ਸੀ। ਜਦੋਂ ਕੋਈ ਦਰਵਾਜ਼ਾ ਖੋਲ੍ਹਦਾ ਵੀ ਹੈ ਤਾਂ ਉਸਦੇ ਬਿਆਨ ਇ$ਕ ਦੂਜੇ ਨਾਲ ਨਹੀਂ ਮਿਲਦੇ ਜਾਂ ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਸ ਕਾਰੋਬਾਰ ਬਾਰੇ ਕੋਈ ਜਾਣਕਾਰੀ ਨਹੀਂ।

ਉਨ੍ਹਾਂ ਅੱਗੇ ਕਿਹਾ, "ਅਸੀਂ ਵਿੱਤੀ ਗੜਬੜਾਂ ਦੇ ਸੰਕੇਤ ਵੀ ਵੇਖ ਰਹੇ ਹਾਂ। ਕਈ ਕਥਿਤ ਇੰਪਲੋਅਰਜ਼ ਵਿੱਚ ਧੋਖਾਧੜੀ ਦੇ ਸਾਫ਼ ਸੰਕੇਤ ਮਿਲੇ ਹਨ, ਜਿਵੇਂ ਕਿ ਟੈਕਸ ਬਕਾਇਆ, ਸਿਵਲ ਮਾਮਲੇ, ਕਰਜ਼ਾ ਵਸੂਲੀ ਅਤੇ ਕਾਂਟਰੈਕਟ ਦੀ ਉਲੰਘਣਾ। ਅਸੀਂ ਅਜਿਹੇ ਸ਼ੱਕੀ ਵਿੱਤੀ ਲੈਣ-ਦੇਣ ਵੀ ਵੇਖੇ ਹਨ ਜਿਨ੍ਹਾਂ ਰਾਹੀਂ ਕਈ ਦੇਸ਼ਾਂ ਵਿੱਚ ਪੈਸਾ ਭੇਜਿਆ ਜਾ ਰਿਹਾ ਸੀ।"

ਉਨ੍ਹਾਂ ਦਾ ਦਾਅਵਾ ਹੈ ਕਿ ਕਈ ਕਾਰੋਬਾਰੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਰੁਜ਼ਗਾਰ ਨਾਲ ਸਬੰਧਤ ਬੁਨਿਆਦੀ ਰਿਕਾਰਡ ਵੀ ਨਹੀਂ ਰੱਖੇ, ਜਿਸ ਨਾਲ ਟੈਕਸ ਰਿਪੋਰਟਿੰਗ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੁੰਦੀਆਂ ਹਨ। ਕੁਝ ਇੰਪਲੋਅਰ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਐੱਚਆਰ ਅਤੇ ਪੇਰੋਲ ਕਰਮਚਾਰੀ ਵਿਦੇਸ਼ ਵਿੱਚ ਬੈਠੇ ਹਨ।

ਉਨ੍ਹਾਂ ਕਿਹਾ ਕਿ ਅਸੀਂ ਅਜਿਹੇ ਵਿਦੇਸ਼ੀ ਵਿਦਿਆਰਥੀਆਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਨੇ ਓਪੀਟੀ ਰਾਹੀਂ ਕੰਮ ਕਰਨ ਦੀ ਮਨਜ਼ੂਰੀ ਤਾਂ ਲੈ ਲਈ, ਪਰ ਉਹ ਕਦੇ ਵੀ ਉਨ੍ਹਾਂ ਥਾਵਾਂ 'ਤੇ ਕੰਮ ਕਰਨ ਨਹੀਂ ਪਹੁੰਚੇ ਜਿੱਥੇ ਉਹ ਕੰਮ ਕਰਨ ਦਾ ਦਾਅਵਾ ਕਰਦੇ ਸਨ।

ਉਨ੍ਹਾਂ ਕਿਹਾ ਕਿ ਉਹ ਚੱਲ ਰਹੀਆਂ ਜਾਂਚਾਂ ਦੇ ਜ਼ਿਆਦਾ ਵੇਰਵੇ ਸਾਂਝੇ ਨਹੀਂ ਕਰ ਸਕਦੇ, ਪਰ ਇਸ ਧੋਖਾਧੜੀ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ, "ਨਿਊਜਰਸੀ ਵਿੱਚ ਸਾਨੂੰ ਇੱਕ ਅਜਿਹਾ ਓਪੀਟੀ ਇੰਪਲੋਅਰ ਮਿਲਿਆ ਜਿਸਨੇ ਦਾਅਵਾ ਕੀਤਾ ਕਿ ਉਹ 150 ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਰਿਹਾ ਹੈ, ਪਰ ਉਹ ਇਹੋ ਜਿਹੇ ਬੁਨਿਆਦੀ ਸਵਾਲਾਂ ਦੇ ਵੀ ਜਵਾਬ ਨਹੀਂ ਦੇ ਸਕਿਆ ਕਿ ਉਹ ਵਿਦਿਆਰਥੀ ਕੌਣ ਹਨ ਜਾਂ ਉਨ੍ਹਾਂ ਨੂੰ ਕਿਸ ਕੰਮ ਲਈ ਨੌਕਰੀ 'ਤੇ ਰੱਖਿਆ ਗਿਆ ਸੀ।"

"ਸਾਨੂੰ ਇਨ੍ਹਾਂ ਵਿਦਿਆਰਥੀਆਂ ਵਿੱਚੋਂ ਸਿਰਫ਼ ਇੱਕ ਹੀ ਮਿਲਿਆ, ਜਿਸਨੇ ਖੁਲਾਸਾ ਕੀਤਾ ਕਿ ਉਹ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਉਸ ਦਰਜ ਕੀਤੀ ਕੰਪਨੀ ਲਈ ਕੰਮ ਨਹੀਂ ਕਰ ਰਿਹਾ ਸੀ। ਇਸ ਦੀ ਬਜਾਏ, ਉਸਨੂੰ ਭਾਰਤ ਵਿੱਚ ਆਧਾਰਿਤ ਇੱਕ ਕੰਪਨੀ ਵੱਲੋਂ ਟ੍ਰੇਨਿੰਗ ਦਿੱਤੀ ਜਾ ਰਹੀ ਸੀ।"

ਓਪੀਟੀ ਪ੍ਰੋਗਰਾਮ ਕੀ ਹੈ?

ਓਪੀਟੀ ਯਾਨੀ ਓਪਸ਼ਨਲ ਪ੍ਰੈਕਟਿਕਲ ਟ੍ਰੇਨਿੰਗ ਅਮਰੀਕਾ ਦਾ ਇੱਕ ਅਸਥਾਈ ਰੁਜ਼ਗਾਰ ਪ੍ਰੋਗਰਾਮ ਹੈ ਜੋ ਐੱਫ-1 ਵੀਜ਼ਾ ਧਾਰਕ ਵਿਦਿਆਰਥੀਆਂ ਲਈ ਹੁੰਦਾ ਹੈ। ਯੋਗ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਪਹਿਲਾਂ ਜਾਂ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵੱਧ ਤੋਂ ਵੱਧ 12 ਮਹੀਨਿਆਂ ਲਈ ਓਪੀਟੀ ਪ੍ਰੋਗਰਾਮ ਜ਼ਰੀਏ ਰੁਜ਼ਗਾਰ ਦੀ ਇਜਾਜ਼ਤ ਲਈ ਅਰਜ਼ੀ ਦੇ ਸਕਦੇ ਹਨ।

ਸਾਰੇ ਓਪੀਟੀ ਰੁਜ਼ਗਾਰ ਤੁਹਾਡੇ ਮੁੱਖ ਪੜ੍ਹਾਈ ਵਾਲੇ ਵਿਸ਼ੇ ਨਾਲ ਸਿੱਧੇ ਤੌਰ 'ਤੇ ਸਬੰਧਤ ਹੋਣੇ ਚਾਹੀਦੇ ਹਨ। ਜੇ ਤੁਸੀਂ ਇੱਕ ਐੱਫ-1 ਵਿਦਿਆਰਥੀ ਹੋ, ਤਾਂ ਤੁਸੀਂ ਦੋ ਵੱਖ-ਵੱਖ ਤਰੀਕਿਆਂ ਨਾਲ ਓਪੀਟੀ ਵਿੱਚ ਹਿੱਸਾ ਲੈਣ ਲਈ ਯੋਗ ਹੋ ਸਕਦੇ ਹੋ।

ਪਹਿਲਾ ਹੈ ਪ੍ਰੀ-ਕੰਪਲੀਸ਼ਨ ਓਪੀਟੀ ਅਤੇ ਦੂਜਾ ਹੈ ਪੋਸਟ-ਕੰਪਲੀਸ਼ਨ ਓਪੀਟੀ।

ਤੁਸੀਂ ਪ੍ਰੀ-ਕੰਪਲੀਸ਼ਨ ਓਪੀਟੀ ਲਈ ਅਰਜ਼ੀ ਉਸ ਤੋਂ ਬਾਅਦ ਦੇ ਸਕਦੇ ਹੋ ਜਦੋਂ ਤੁਸੀਂ ਇੱਕ ਪੂਰਾ ਅਕਾਦਮਿਕ ਸਾਲ ਕਿਸੇ ਕਾਲਜ, ਯੂਨੀਵਰਸਿਟੀ, ਕਨਜ਼ਰਵੇਟਰੀ ਜਾਂ ਸੈਮੀਨਰੀ ਵਿੱਚ ਕਾਨੂੰਨੀ ਤੌਰ 'ਤੇ ਫੁੱਲ-ਟਾਈਮ ਅਧਾਰ 'ਤੇ ਦਾਖ਼ਲ ਰਹੇ ਹੋਵੋ। ਜੇ ਤੁਹਾਨੂੰ ਇਸ ਲਈ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਕੋਰਸ ਚੱਲਣ ਦੌਰਾਨ ਤੁਸੀਂ ਹਫ਼ਤੇ ਵਿੱਚ 20 ਘੰਟੇ ਜਾਂ ਇਸ ਤੋਂ ਘੱਟ ਕੰਮ ਕਰ ਸਕਦੇ ਹੋ। ਜਦੋਂ ਕਲਾਸਾਂ ਨਹੀਂ ਚੱਲ ਰਹੀਆਂ ਹੁੰਦੀਆਂ, ਤਾਂ ਤੁਸੀਂ ਫੁੱਲ-ਟਾਈਮ ਕੰਮ ਕਰ ਸਕਦੇ ਹੋ।

ਜਦਕਿ ਤੁਸੀਂ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪੋਸਟ-ਕੰਪਲੀਸ਼ਨ ਓਪੀਟੀ ਲਈ ਅਰਜ਼ੀ ਦੇ ਸਕਦੇ ਹੋ। ਜੇ ਤੁਹਾਨੂੰ ਪੋਸਟ-ਕੰਪਲੀਸ਼ਨ ਓਪੀਟੀ ਲਈ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਤੁਹਾਨੂੰ ਪਾਰਟ ਟਾਈਮ (ਘੱਟੋ-ਘੱਟ ਹਫ਼ਤੇ ਵਿੱਚ 20 ਘੰਟੇ) ਜਾਂ ਫੁੱਲ ਟਾਈਮ ਕੰਮ ਕਰਨਾ ਲਾਜ਼ਮੀ ਹੁੰਦਾ ਹੈ।

ਜੇ ਤੁਸੀਂ ਵਿਗਿਆਨ ), ਤਕਨਾਲੋਜੀ , ਇੰਜੀਨੀਅਰਿੰਗ ਅਤੇ ਗਣਿਤ ਨਾਲ ਸਬੰਧਤ ਕੁਝ ਖਾਸ ਸ਼ਠਓਂ ਖੇਤਰਾਂ ਵਿੱਚ ਡਿਗਰੀ ਹਾਸਲ ਕੀਤੀ ਹੈ, ਤਾਂ ਤੁਸੀਂ ਆਪਣੇ ਪੋਸਟ-ਕੰਪਲੀਸ਼ਨ ਓਪੀਟੀ ਰੁਜ਼ਗਾਰ ਅਧਿਕਾਰ ਵਿੱਚ 24 ਮਹੀਨਿਆਂ ਦੇ ਵਾਧੇ ਲਈ ਅਰਜ਼ੀ ਦੇ ਸਕਦੇ ਹੋ।

ਜੇ ਤੁਸੀਂ ਇੱਕ ਐੱਫ-1 ਵਿਦਿਆਰਥੀ ਹੋ ਅਤੇ ਤੁਸੀਂ ਸਮੇਂ ਸਿਰ ਐੱਚ1ਬੀ ਪਟੀਸ਼ਨ ਅਤੇ ਸਟੇਟਸ ਬਦਲਣ ਦੀ ਬੇਨਤੀ ਦਾਇਰ ਕੀਤੀ ਹੈ, ਅਤੇ ਐੱਚ1ਬੀ ਸਟੇਟਸ ਵਿੱਚ ਬਦਲਾਅ ਹੋਣ ਤੋਂ ਪਹਿਲਾਂ (ਜੋ ਆਮ ਤੌਰ 'ਤੇ 1 ਅਕਤੂਬਰ ਨੂੰ ਹੁੰਦਾ ਹੈ) ਤੁਹਾਡਾ ਐੱਫ-1 ਸਟੇਟਸ ਅਤੇ ਕੰਮ ਕਰਨ ਦੀ ਮਨਜ਼ੂਰੀ ਖਤਮ ਹੋ ਰਹੀ ਹੈ, ਤਾਂ ਤੁਸੀਂ "ਕੈਪ-ਗੈਪ ਐਕਸਟੈਂਸ਼ਨ" ਲਈ ਯੋਗ ਹੋ ਸਕਦੇ ਹੋ।

ਨੈਸ਼ਨਲ ਆਰਗੇਨਾਈਜ਼ੇਸ਼ਨ ਆਫ਼ ਸਾਫਟਵੇਅਰ ਐਂਡ ਟੈਕਨਾਲੋਜੀ ਪ੍ਰੋਫੈਸ਼ਨਲਜ਼ ਦੇ ਸੰਸਥਾਪਕ ਰਾਜੀਵ ਦਭਾਰਕਰ ਨੇ ਇਸ ਮੁੱਦੇ 'ਤੇ ਸਾਡੇ ਨਾਲ ਗੱਲ ਕੀਤੀ।

ਉਹ ਕਹਿੰਦੇ ਹਨ ਕਿ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਵੱਲੋਂ ਹਾਲੀਆ ਜਾਂਚ-ਪੜਤਾਲ, ਜਿਸ ਵਿੱਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਦਾ ਸਬੰਧ ਓਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ (ਓਪੀਟੀ) ਪ੍ਰਣਾਲੀ ਦੇ ਦੁਰਪਯੋਗ ਰਾਹੀਂ ਸ਼ੱਕੀ ਇੰਪਲੋਇਰ ਨਾਲ ਹੋ ਸਕਦਾ ਹੈ, ਨੇ ਇੱਕ ਵਾਰ ਫਿਰ ਇੱਕ ਅਣਸੁਖਾਵੀਂ ਸੱਚਾਈ ਨੂੰ ਬੇਨਕਾਬ ਕੀਤਾ ਹੈ।

ਉਹ ਕਹਿੰਦੇ ਹਨ, "ਸਮੱਸਿਆ ਸਿਰਫ਼ ਵਿਅਕਤੀਗਤ ਧੋਖਾਧੜੀ ਦੀ ਨਹੀਂ ਹੋ ਸਕਦੀ। ਇਹ ਇੱਕ ਅਜਿਹੀ ਮਾਈਗ੍ਰੇਸ਼ਨ ਪ੍ਰਣਾਲੀ ਦਾ ਨਤੀਜਾ ਵੀ ਹੋ ਸਕਦਾ ਹੈ, ਜਿਸ ਨੇ ਲੰਬੇ ਸਮੇਂ ਤੋਂ ਅਸਪੱਸ਼ਟਤਾ, ਨਿਰਭਰਤਾ ਅਤੇ ਬੌਧਿਕ ਪੂੰਜੀ ਦੀ ਗਲੋਬਲ ਆਵਾਜਾਈ ਦੇ ਆਲੇ-ਦੁਆਲੇ ਬਣੀਆਂ ਵਪਾਰਕ ਸੰਰਚਨਾਵਾਂ ਨੂੰ ਪ੍ਰੋਤਸਾਹਿਤ ਕੀਤਾ ਹੈ।

ਉਹ ਕਹਿੰਦੇ ਹਨ ਕਿ ਓਪੀਟੀ — ਜਿਸਨੂੰ ਮੁੱਢਲੇ ਤੌਰ 'ਤੇ ਇੱਕ ਅਸਥਾਈ ਟ੍ਰੇਨਿੰਗ ਮਕੈਨਿਜ਼ਮ ਵਜੋਂ ਤਿਆਰ ਕੀਤਾ ਗਿਆ ਸੀ, ਜੋ ਹੌਲੀ-ਹੌਲੀ ਐਚ-1ਬੀ ਵਰਕ ਵੀਜ਼ਾ ਪ੍ਰਣਾਲੀ ਵੱਲ ਜਾਣ ਵਾਲੇ ਇੱਕ ਪੁਲ ਵਿੱਚ ਤਬਦੀਲ ਹੋ ਗਿਆ।

ਇਸ ਬਦਲਾਅ ਨੇ ਬੇਹੱਦ ਦਬਾਅ ਪੈਦਾ ਕੀਤਾ।

ਵੱਡੇ ਸਿੱਖਿਆ ਕਰਜ਼ੇ, ਪਰਿਵਾਰਕ ਉਮੀਦਾਂ ਅਤੇ ਕਾਨੂੰਨੀ ਤੌਰ 'ਤੇ ਕੰਮ ਕਰਨ ਲਈ ਬਹੁਤ ਹੀ ਸੀਮਿਤ ਸਮੇਂ ਨਾਲ ਗ੍ਰੈਜੂਏਟ ਹੋਣ ਵਾਲਾ ਵਿਦਿਆਰਥੀ ਅਚਾਨਕ ਐਸੇ ਮਜ਼ਦੂਰ ਬਾਜ਼ਾਰ ਵਿੱਚ ਦਾਖਲ ਹੋਇਆ ਜਿੱਥੇ ਉਸਦੀ ਇਮੀਗ੍ਰੇਸ਼ਨ ਸਥਿਤੀ ਲਗਾਤਾਰ ਰੁਜ਼ਗਾਰ ਵਿੱਚ ਰਹਿਣ 'ਤੇ ਨਿਰਭਰ ਸੀ।

ਇਸ ਨਿਰਭਰਤਾ ਨੇ ਪੂਰੀ ਪ੍ਰਣਾਲੀ ਵਿੱਚ ਪ੍ਰੇਰਣਾਵਾਂ ਅਤੇ ਵਰਤਾਰਿਆਂ ਨੂੰ ਨਵਾਂ ਰੂਪ ਦੇ ਦਿੱਤਾ।

# UK ਸਿਆਸਤ ਦੇ ਚਮਕਦੇ ਸਿਤਾਰੇ ਕੁਲਵਿੰਦਰ ਜੋਹਲ ਤੇ ਪ੍ਰੀਤ ਕੌਰ ਗਿੱਲ!"

ਜਲੰਧਰ ਮੂਲ ਦੇ ਦੋ ਸਿੱਖਾਂ ਨੇ ਯੂ ਕੇ (ਯੂਨਾਈਟਿਡ ਕਿੰਗਡਮ) ਦੇ ਸਿਆਸੀ ਹਲਕਿਆਂ ਵਿੱਚ ਆਪਣਾ ਵੱਡਾ ਨਾਮ ਬਣਾਇਆ ਹੈ।

ਫਿਲੌਰ ਦੇ ਪਿੰਡ ਤਹਿੰਗ ਨਾਲ ਸਬੰਧਤ ਕੁਲਵਿੰਦਰ ਸਿੰਘ ਜੋਹਲ (56) ਲੈਸਟਰ ਦੇ ਪਹਿਲੇ ਦਸਤਾਰਧਾਰੀ ਸਿੱਖ ਮੇਅਰ ਬਣੇ ਹਨ। ਯੂ ਕੇ ਦੀ ਸਿਆਸਤ ਦੇ ਇੱਕ ਹੋਰ ਅਹਿਮ ਘਟਨਾਕ੍ਰਮ ਵਿੱਚ, ਜਲੰਧਰ ਦੇ ਹੀ ਪਿੰਡ ਜਮਸ਼ੇਰ ਨਾਲ ਸਬੰਧ ਰੱਖਣ ਵਾਲੀ ਪ੍ਰੀਤ ਕੌਰ ਗਿੱਲ (53) ਨੂੰ ਕੀਰ ਸਟਾਰਮਰ ਸਰਕਾਰ ਦੇ ਕੈਬਨਿਟ ਫੇਰਬਦਲ ਵਿੱਚ ਜੂਨੀਅਰ ਸਿਹਤ ਮੰਤਰੀ ਨਿਯੁਕਤ ਕੀਤਾ ਗਿਆ ਹੈ।

ਇਨ੍ਹਾਂ ਦੋਵਾਂ ਪ੍ਰਾਪਤੀਆਂ ਕਾਰਨ ਇੱਥੋਂ ਦੇ ਸਥਾਨਕ ਲੋਕਾਂ ਅਤੇ ਦੁਨੀਆ ਭਰ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਹੈ। ਜੋਹਲ ਨੇ ਵੀ ਬੜੇ ਮਾਣ ਨਾਲ ਸਾਰਿਆਂ ਨੂੰ ਜਲੰਧਰ ਵਿੱਚ ਆਪਣੀਆਂ ਜੜ੍ਹਾਂ (ਪਿਛੋਕੜ) ਬਾਰੇ ਦੱਸਿਆ ਹੈ।

ਜੋਹਲ ਨੇ ਦੱਸਿਆ, "ਵੰਡ ਦੇ ਦਿਨਾਂ ਦੌਰਾਨ





ਪਾਕਿਸਤਾਨ ਤੋਂ ਆਉਣ ਤੋਂ ਬਾਅਦ ਮੇਰੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਪਹਿਲਾਂ ਜਲੰਧਰ ਦੇ ਪਿੰਡ ਤਲਵਣ ਵਿੱਚ ਵੱਸੇ ਸਨ। ਬਾਅਦ ਵਿੱਚ ਉਹ ਪਿੰਡ ਤਹਿੰਗ ਚਲੇ ਗਏ। ਮੈਂ ਸਿਰਫ਼ ਛੇ ਸਾਲਾਂ ਦਾ ਸੀ ਜਦੋਂ ਮੇਰਾ ਪਰਿਵਾਰ ਮੈਨੂੰ ਯੂ ਕੇ ਲੈ ਆਇਆ। ਇੱਥੇ ਬਚਪਨ ਵਿੱਚ ਮੇਰੀ ਜ਼ਿੰਦਗੀ ਬਹੁਤ ਵਧੀਆ ਅਤੇ ਮਜ਼ੇਦਾਰ ਰਹੀ। ਹਰ ਐਤਵਾਰ ਗੁਰਦੁਆਰਾ ਸਾਹਿਬ ਜਾਣਾ ਸਾਡਾ ਇੱਕ ਪੱਕਾ ਨੇਮ (ਰੀਤ) ਸੀ।"

ਜੋਹਲ ਨੇ ਯੂ ਕੇ ਦੀ ਇੱਕ ਫੈਕਟਰੀ ਵਿੱਚ 25 ਸਾਲ ਕੰਮ ਕੀਤਾ। ਇਸ ਦੇ ਨਾਲ ਹੀ, ਉਹ ਸਮਾਜਿਕ ਕਾਰਜਾਂ ਵਿੱਚ ਰੁੱਝੇ ਰਹੇ ਅਤੇ ਸਥਾਨਕ ਪੱਧਰ 'ਤੇ ਇੱਕ ਫੁੱਟਬਾਲ ਕਲੱਬ ਨੂੰ ਵੀ ਅੱਗੇ ਵਧਾਇਆ।

ਉਨ੍ਹਾਂ ਯਾਦ ਕਰਦਿਆਂ ਦੱਸਿਆ, "ਮੈਂ 2002 ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਲੈਸਟਰ ਦਾ ਜਨਰਲ ਸਕੱਤਰ ਸੀ। ਮਲਿਕਾ ਐਲਿਜ਼ਾਬੈਥ ਨੇ ਯੂ ਕੇ ਦੇ ਆਪਣੇ ਗੋਲਡਨ ਜੁਬਲੀ ਦੌਰੇ ਦੌਰਾਨ ਉੱਥੇ ਫੇਰੀ ਪਾਈ ਸੀ। ਉਸ ਫੇਰੀ ਨੂੰ ਮੀਡੀਆ ਵਿੱਚ ਬਹੁਤ ਵਧੀਆ ਕਵਰੇਜ ਮਿਲੀ ਸੀ।"

ਮੇਅਰ ਵਜੋਂ ਚੁਣੇ ਜਾਣ 'ਤੇ ਉਨ੍ਹਾਂ ਕਿਹਾ, "ਮੈਂ ਆਪਣੇ ਸਾਥੀ ਕੌਂਸਲਰਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਵਿੱਚ ਵਿਸ਼ਵਾਸ ਜਤਾਇਆ ਅਤੇ ਮੈਨੂੰ ਲੈਸਟਰ ਦਾ ਪਹਿਲਾ ਨਾਗਰਿਕ (ਮੇਅਰ) ਚੁਣਿਆ। ਨਾਲ ਹੀ, ਮੇਰਾ ਪੱਕਾ ਮੰਨਣਾ ਹੈ ਕਿ ਅਜਿਹੇ ਮੁਕਾਮ ਕਿਸੇ ਵਿਅਕਤੀ ਦੇ ਜੀਵਨ ਵਿੱਚ ਉਦੋਂ ਹੀ ਆਉਂਦੇ ਹਨ ਜਦੋਂ ਪਰਮਾਤਮਾ ਦੀ ਰਜ਼ਾ ਹੁੰਦੀ ਹੈ।"

ਜਦੋਂ ਜੋਹਲ ਨੇ ਅਹੁਦਾ ਸੰਭਾਲਿਆ, ਤਾਂ ਉਨ੍ਹਾਂ ਦੀ ਪਤਨੀ ਮਨਜੀਤ ਕੌਰ ਜੋਹਲ, ਬੇਟੀ ਗੁਰਸਿਮਰਨ ਕੌਰ ਅਤੇ ਬੇਟਾ ਐਸ਼ਵੀਰ ਸਿੰਘ ਜੋਹਲ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

ਦੂਜੇ ਪਾਸੇ, ਪ੍ਰੀਤ ਕੌਰ ਗਿੱਲ ਨੇ ਵੀ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ 2012 ਵਿੱਚ ਲੇਬਰ ਪਾਰਟੀ ਦੇ ਇੱਕ ਕੌਂਸਲਰ ਵਜੋਂ ਕੀਤੀ ਸੀ। ਉਨ੍ਹਾਂ ਨੇ ਸੈਂਡਵੈਲ ਮੈਟਰੋਪੋਲੀਟਨ ਬੋਰੋ ਕੌਂਸਲ ਵਿੱਚ ਕੌਂਸਲਰ ਵਜੋਂ ਸੇਵਾ ਨਿਭਾਈ ਹੈ।

ਸਾਲ 2017 ਦੀਆਂ ਆਮ ਚੋਣਾਂ ਵਿੱਚ, ਗਿੱਲ ਬਰਮਿੰਘਮ ਐਜਬੈਸਟਨ ਤੋਂ ਸੰਸਦ ਮੈਂਬਰ (ਫ) ਚੁਣੀ ਗਈ ਸੀ। ਉਹ ਉਦੋਂ ਯੂ ਕੇ ਦੇ ਇਤਿਹਾਸ ਵਿੱਚ ਪਹਿਲੀ ਬ੍ਰਿਟਿਸ਼ ਸਿੱਖ ਮਹਿਲਾ ਐੱਮ ਪੀ ਬਣੀ ਸੀ।

ਉਹ 2019 ਅਤੇ 2024 ਦੀਆਂ ਆਮ ਚੋਣਾਂ ਵਿੱਚ ਦੁਬਾਰਾ ਚੁਣੀ ਗਈ। ਆਪਣੀ ਨਵੀਂ ਨਿਯੁਕਤੀ 'ਤੇ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਹਰ ਨਵੀਂ ਭੂਮਿਕਾ ਆਪਣੇ ਨਾਲ ਕਈ ਵੱਡੀਆਂ ਜ਼ਿੰਮੇਵਾਰੀਆਂ ਲੈ ਕੇ ਆਉਂਦੀ ਹੈ।

# ਪ੍ਰਮਾਣੂ ਤਾਕਤ ਬਾਰੇ ਚਰਨੋਬਲ ਦੀ ਚਿਤਾਵਨੀ



ਅੱਜ ਦੁਨੀਆ ਵਿੱਚ ਪ੍ਰਮਾਣੂ ਖ਼ਤਰੇ ਦੀ ਚਰਚਾ ਸਿਖਰ 'ਤੇ ਹੈ। ਇਸ ਲਈ ਪੂਰੇ ਚਾਰ ਦਹਾਕੇ ਪਹਿਲਾਂ ਸੋਵੀਅਤ ਯੂਨੀਅਨ ਵਿੱਚ ਵਾਪਰਿਆ ਚਰਨੋਬਲ ਹਾਦਸਾ ਸਾਨੂੰ ਸ਼ੀਸ਼ਾ ਦਿਖਾਉਂਦਾ ਹੈ ਕਿ ਇੱਕ ਗ਼ਲਤੀ ਵੀ ਪੂਰੀ ਮਨੁੱਖਤਾ 'ਤੇ ਕਿੰਨੀ ਭਾਰੀ ਪੈ ਸਕਦੀ ਹੈ। ਇਤਿਹਾਸ ਸਾਨੂੰ ਵਾਰ-ਵਾਰ ਚਿਤਾਵਨੀ ਦਿੰਦਾ ਹੈ ਕਿ ਪ੍ਰਮਾਣੂ ਜੰਗ ਜਿੱਤੀ ਨਹੀਂ ਜਾ ਸਕਦੀ, ਇਸ ਲਈ ਇਹ ਕਦੇ ਲੜੀ ਨਹੀਂ ਜਾਣੀ ਚਾਹੀਦੀ।

ਹਰ ਸਾਲ 26 ਅਪਰੈਲ ਨੂੰ ਮਨਾਇਆ ਜਾਣ ਵਾਲਾ ਕੌਮਾਂਤਰੀ ਚਰਨੋਬਲ ਤਬਾਹੀ ਯਾਦਗਾਰ ਦਿਨ ਮਨੁੱਖੀ ਇਤਿਹਾਸ ਦੀਆਂ ਸਭ ਤੋਂ ਭਿਆਨਕ ਪ੍ਰਮਾਣੂ ਘਟਨਾਵਾਂ ਵਿੱਚੋਂ ਇੱਕ ਦੀ ਯਾਦ ਦਿਵਾਉਂਦਾ ਹੈ। ਇਹ ਮਨੁੱਖਤਾ ਲਈ ਇੱਕ ਸਬਕ ਹੈ ਕਿ ਵਿਗਿਆਨਕ ਤਰੱਕੀ ਦੇ ਨਾਲ-ਨਾਲ ਸੁਰੱਖਿਆ ਅਤੇ ਨੈਤਿਕ ਜ਼ਿੰਮੇਵਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ।

ਘਟਨਾ ਵਾਲੇ ਦਿਨ 26 ਅਪਰੈਲ 1986 ਨੂੰ ਸਵੇਰੇ 1:23 ਵਜੇ ਤਤਕਾਲੀ ਸੋਵੀਅਤ ਯੂਨੀਅਨ ਦੇ ਯੂਕਰੇਨ ਪ੍ਰਾਂਤ ਵਿੱਚ ਪ੍ਰਿਪਯਤ ਸ਼ਹਿਰ ਨੇੜੇ ਸਥਿਤ ਚਰਨੋਬਲ ਪਲਾਂਟ ਦੇ ਯੂਨਿਟ-4 ਵਿੱਚ ਕਰਮਚਾਰੀ ਇੱਕ ਸੁਰੱਖਿਆ ਟੈਸਟ ਕਰ ਰਹੇ ਸਨ। ਇੰਜੀਨੀਅਰ ਇਹ ਦੇਖਣਾ ਚਾਹੁੰਦੇ ਸਨ ਕਿ ਜੇਕਰ ਬਿਜਲੀ ਸਪਲਾਈ ਬੰਦ ਹੋ ਜਾਵੇ ਤਾਂ ਕੀ ਟਰਬਾਈਨਾਂ ਦੀ ਗਤੀ ਇੰਨੀ ਊਰਜਾ ਪੈਦਾ ਕਰ ਸਕਦੀ ਹੈ ਕਿ ਐਮਰਜੈਂਸੀ ਕੂਲਿੰਗ ਪੰਪ ਚੱਲਦੇ ਰਹਿਣ। ਇਸ ਟੈਸਟ ਦੌਰਾਨ ਰਿਐਕਟਰ ਦੀ ਪਾਵਰ ਬਹੁਤ ਘੱਟ ਕਰ ਦਿੱਤੀ ਗਈ ਸੀ।

ਜਦੋਂ ਕਰਮਚਾਰੀਆਂ ਨੇ ਟੈਸਟ ਦੌਰਾਨ ਰਿਐਕਟਰ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਾਵਰ ਵਿੱਚ ਅਚਾਨਕ ਬਹੁਤ ਵੱਡਾ ਉਛਾਲ ਆਇਆ। ਇਸ ਕਾਰਨ ਰਿਐਕਟਰ ਦੇ ਅੰਦਰ ਬਹੁਤ ਜ਼ਿਆਦਾ ਭਾਫ਼ ਬਣ ਗਈ, ਜਿਸ ਨੇ ਰਿਐਕਟਰ ਦੀ ਛੱਤ ਨੂੰ ਉਡਾ ਦਿੱਤਾ। ਇਸ ਤੋਂ ਤੁਰੰਤ ਬਾਅਦ ਦੂਜਾ ਵੱਡਾ ਧਮਾਕਾ ਹੋਇਆ, ਜਿਸ ਨਾਲ ਰੇਡੀਓਐਕਟਿਵ ਪਦਾਰਥ ਹਵਾ ਵਿੱਚ ਫੈਲ ਗਏ। ਕੁੱਲ ਮਿਲਾ ਕੇ ਰਿਐਕਟਰ ਦੀਆਂ ਡਿਜ਼ਾਈਨ ਖ਼ਾਮੀਆਂ ਅਤੇ ਆਪਰੇਟਰ ਦੀ ਗ਼ਲਤੀ ਕਾਰਨ ਇਹ ਹਾਦਸਾ ਵਾਪਰਿਆ।

ਮੰਨਿਆ ਜਾਂਦਾ ਹੈ ਕਿ ਧਮਾਕੇ ਕਾਰਨ ਲਗਭਗ 3-5 ਫ਼ੀਸਦੀ ਕੋਰ ਸਮੱਗਰੀ ਵਾਤਾਵਰਣ ਵਿੱਚ ਫੈਲ ਗਈ ਸੀ। ਇਹ ਰੇਡੀਏਸ਼ਨ ਯੂਕਰੇਨ, ਬੇਲਾਰੂਸ, ਰੂਸ ਅਤੇ ਯੂਰੋਪ ਦੇ ਕਈ ਹਿੱਸਿਆਂ ਤੱਕ ਪਹੁੰਚ ਗਈ। ਉਸੇ ਸਮੇਂ ਦੋ ਕਰਮਚਾਰੀਆਂ ਦੀ ਤੁਰੰਤ ਮੌਤ ਹੋ ਗਈ ਜਦੋਂਕਿ ਅਗਲੇ ਕੁਝ ਹਫ਼ਤਿਆਂ ਵਿੱਚ 28 ਹੋਰ ਕਰਮਚਾਰੀ ਅਤੇ ਫਾਇਰਫਾਈਟਰਜ਼ 'ਐਕਿਊਟ ਰੇਡੀਏਸ਼ਨ ਸਿੰਡਰੋਮ' ਕਾਰਨ ਮਾਰੇ ਗਏ।

ਅਗਲੇ 36 ਘੰਟਿਆਂ ਮਗਰੋਂ ਨੇੜਲੇ ਸ਼ਹਿਰ ਪ੍ਰਿਪਯਤ ਦੇ ਲਗਭਗ 50,000 ਲੋਕਾਂ ਨੂੰ ਸਿਰਫ਼ ਕੁਝ ਘੰਟਿਆਂ ਦੇ ਨੋਟਿਸ 'ਤੇ ਘਰ ਛੱਡਣ ਲਈ ਕਿਹਾ ਗਿਆ। ਉਹ ਅੱਜ ਤੱਕ ਵਾਪਸ ਨਹੀਂ ਪਰਤ ਸਕੇ। ਹਾਲਾਂਕਿ ਰੇਡੀਏਸ਼ਨ ਨੂੰ ਰੋਕਣ ਲਈ ਰਿਐਕਟਰ ਦੇ ਸਾਲ 1986 ਵਾਲੇ ਪੁਰਾਣੇ ਢਾਂਚੇ ਉੱਪਰ 2016 ਵਿੱਚ ਕੰਕਰੀਟ ਅਤੇ ਸਟੀਲ ਦਾ ਇੱਕ ਢਾਂਚਾ ਬਣਾਇਆ ਗਿਆ। ਇਹ ਕੋਈ ਸਥਾਈ ਹੱਲ ਤਾਂ ਨਹੀਂ, ਪਰ ਇੱਕ ਸਦੀ ਤੱਕ ਸੁਰੱਖਿਆ ਦੇਵੇਗਾ।

ਪਲਾਂਟ ਦੇ ਆਲੇ-ਦੁਆਲੇ 30 ਕਿਲੋਮੀਟਰ ਦੇ ਇਲਾਕੇ ਨੂੰ 'ਐਕਸਕਲੂਜ਼ਨ ਜ਼ੋਨ' ਐਲਾਨਿਆ ਗਿਆ ਹੈ, ਜਿੱਥੇ ਅੱਜ ਵੀ ਇਨਸਾਨਾਂ ਦਾ ਰਹਿਣਾ ਸੁਰੱਖਿਅਤ ਨਹੀਂ ਹੈ। ਇਹ ਜ਼ੋਨ ਲਗਭਗ 2,600 ਵਰਗ ਕਿਲੋਮੀਟਰ (ਲਗਭਗ 1,000 ਵਰਗ ਮੀਲ) ਵਿੱਚ ਫੈਲਿਆ ਹੋਇਆ ਹੈ। ਇਸ 30 ਕਿਲੋਮੀਟਰ ਦੇ ਦਾਇਰੇ ਵਿੱਚ ਆਮ ਨਾਗਰਿਕਾਂ ਦਾ ਪੱਕੇ ਤੌਰ 'ਤੇ ਰਹਿਣਾ ਸਖ਼ਤ ਮਨ੍ਹਾਂ ਹੈ। ਹਾਲਾਂਕਿ, ਕੁਝ ਬਜ਼ੁਰਗ ਲੋਕ ਆਪਣੀ ਮਰਜ਼ੀ ਨਾਲ ਆਪਣੇ ਪੁਰਾਣੇ ਘਰਾਂ ਵਿੱਚ ਪਰਤ ਆਏ ਸਨ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ।

ਵਿਗਿਆਨੀਆਂ ਅਨੁਸਾਰ, ਰਿਐਕਟਰ ਦੇ ਬਿਲਕੁਲ ਨੇੜਲੇ ਇਲਾਕੇ ਅਗਲੇ ਹਜ਼ਾਰਾਂ ਸਾਲਾਂ ਤੱਕ ਇਨਸਾਨਾਂ ਦੇ ਰਹਿਣ ਦੇ ਯੋਗ ਨਹੀਂ ਹੋਣਗੇ ਕਿਉਂਕਿ ਉੱਥੇ ਮੌਜੂਦ ਰੇਡੀਓਐਕਟਿਵ ਤੱਤਾਂ ਦਾ ਅਸਰ ਖ਼ਤਮ ਹੋਣ ਵਿੱਚ ਹਜ਼ਾਰਾਂ ਸਾਲ ਲੱਗਣਗੇ। ਇਸ ਘਟਨਾ ਮਗਰੋਂ ਇਸ ਖਿੱਤੇ ਵਿੱਚ ਹਜ਼ਾਰਾਂ ਬੱਚਿਆਂ ਨੂੰ ਥਾਇਰਾਇਡ ਕੈਂਸਰ ਹੋਇਆ ਕਿਉਂਕਿ ਉਨ੍ਹਾਂ ਨੇ ਦੂਸ਼ਿਤ ਦੁੱਧ ਪੀਤਾ ਸੀ। ਵਿਸ਼ਵ ਸਿਹਤ ਸੰਗਠਨ ਮੁਤਾਬਿਕ ਲੰਮੇ ਸਮੇਂ ਦੇ ਪ੍ਰਭਾਵਾਂ ਕਾਰਨ ਕੈਂਸਰ ਦੇ ਹਜ਼ਾਰਾਂ ਮਾਮਲੇ ਹੋਣ ਦੀ ਸੰਭਾਵਨਾ ਵੀ ਦਰਜ ਕੀਤੀ ਗਈ ਹੈ।

ਚਰਨੋਬਲ ਪਲਾਂਟ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਲਈ ਲਗਭਗ 2,000 ਤੋਂ 3,000 ਲੋਕ ਅੱਜ ਵੀ ਇੱਥੇ ਸ਼ਿਫ਼ਟਾਂ ਵਿੱਚ ਕੰਮ ਕਰਦੇ ਹਨ। ਉਹ ਇਸ ਦੇ ਖ਼ਤਰਿਆਂ ਤੋਂ ਵਾਕਿਫ਼ ਹਨ। ਇਸ ਲਈ ਉਹ ਕੁਝ ਦਿਨ ਜ਼ੋਨ ਦੇ ਅੰਦਰ ਰਹਿੰਦੇ ਹਨ ਅਤੇ ਫਿਰ ਬਾਹਰ ਚਲੇ ਜਾਂਦੇ ਹਨ ਤਾਂ ਜੋ ਰੇਡੀਏਸ਼ਨ ਦਾ ਅਸਰ ਘੱਟ ਹੋਵੇ।

ਸਿਰਫ਼ ਮਨੁੱਖ ਨੂੰ ਹੀ ਨਹੀਂ ਸਗੋਂ ਮਨੁੱਖੀ ਗ਼ਲਤੀਆਂ ਦੀ ਸਜ਼ਾ ਜਾਨਵਰਾਂ ਨੂੰ ਵੀ ਭੁਗਤਣੀ ਪੈ ਰਹੀ ਹੈ। ਰੇਡੀਏਸ਼ਨ ਨੇ ਜਾਨਵਰਾਂ ਦੇ ਡੀ ਐੱਨ ਏ 'ਤੇ ਡੂੰਘਾ ਅਸਰ ਪਾਇਆ ਹੈ। ਟ੍ਰੀ ਫਰੌਗਜ਼ ਅਰਥਾਤ ਦਰੱਖ਼ਤਾਂ ਦੇ ਡੱਡੂ ਆਮ ਤੌਰ 'ਤੇ ਹਰੇ ਹੁੰਦੇ ਹਨ, ਹੁਣ ਇੱਥੇ ਉਹ ਕਾਲੇ ਰੰਗ ਦੇ ਹੋ ਗਏ ਹਨ। ਕੁਝ ਪੰਛੀਆਂ ਦੀਆਂ ਚੁੰਝਾਂ ਦੀ ਬਨਾਵਟ ਵਿਗੜ ਗਈ ਹੈ ਅਤੇ ਉਨ੍ਹਾਂ ਦੇ ਦਿਮਾਗ਼ ਦਾ ਆਕਾਰ ਆਮ ਪੰਛੀਆਂ ਨਾਲੋਂ ਛੋਟਾ ਪਾਇਆ ਗਿਆ ਹੈ।

ਹਾਲਾਂਕਿ ਜਾਨਵਰ ਬਾਹਰੋਂ ਤੰਦਰੁਸਤ ਲਗਦੇ ਹਨ, ਪਰ ਉਨ੍ਹਾਂ ਦੇ ਸਰੀਰ ਦੇ ਅੰਦਰੂਨੀ ਹਿੱਸੇ ਰੇਡੀਏਸ਼ਨ ਨਾਲ ਲੜ ਰਹੇ ਹਨ। ਉਨ੍ਹਾਂ ਵਿੱਚ ਮੋਤੀਆਬਿੰਦ ਅਤੇ ਕੈਂਸਰ ਦੀਆਂ ਦਰਾਂ ਆਮ ਨਾਲੋਂ ਵੱਧ ਹਨ। ਰੇਡੀਏਸ਼ਨ ਕਾਰਨ ਬਹੁਤ ਸਾਰੇ ਜਾਨਵਰਾਂ ਦੀ ਉਮਰ ਘਟ ਜਾਂਦੀ ਹੈ ਅਤੇ ਉਨ੍ਹਾਂ ਦੀ ਪ੍ਰਜਣਨ ਸਮਰੱਥਾ 'ਤੇ ਵੀ ਮਾੜਾ ਅਸਰ ਪਿਆ ਹੈ। ਹਾਦਸੇ ਵੇਲੇ ਲੋਕ ਆਪਣੇ ਪਾਲਤੂ ਕੁੱਤੇ ਉੱਥੇ ਹੀ ਛੱਡ ਗਏ ਸਨ। ਅੱਜ ਉੱਥੇ ਰਹਿੰਦੀਆਂ ਉਨ੍ਹਾਂ ਕੁੱਤਿਆਂ ਦੀਆਂ ਅਗਲੀਆਂ ਪੀੜ੍ਹੀਆਂ ਵਿੱਚ ਜੈਨੇਟਿਕ ਤਬਦੀਲੀਆਂ ਦਰਜ ਕੀਤੀਆਂ ਗਈਆਂ ਹਨ।

ਇੱਕ ਹੋਰ ਗੱਲ ਦਾ ਜ਼ਿਕਰ ਜ਼ਰੂਰ ਕਰਨਾ ਬਣਦਾ ਹੈ ਕਿ ਹੈਰਾਨੀਜਨਕ ਤੌਰ 'ਤੇ ਮਨੁੱਖੀ ਦਖ਼ਲ ਦੀ ਘਾਟ ਕਾਰਨ ਕੁਝ ਜਾਨਵਰਾਂ ਦੀ ਗਿਣਤੀ ਵਿੱਚ ਵਾਧਾ ਵੀ ਦੇਖਿਆ ਗਿਆ ਹੈ।

ਜੇਕਰ ਖੇਤੀਬਾੜੀ ਦੀ ਗੱਲ ਕਰੀਏ ਤਾਂ ਇੱਥੋਂ ਦੀ ਮਿੱਟੀ ਵਿੱਚ ਅਜੇ ਵੀ ਰੇਡੀਓਐਕਟਿਵ ਕਣ ਮੌਜੂਦ ਹਨ। ਜੇਕਰ ਇੱਥੇ ਖੇਤੀ ਕੀਤੀ ਜਾਂਦੀ ਹੈ ਤਾਂ ਕਣਕ ਜਾਂ ਮੱਕੀ ਵਰਗੀਆਂ ਰੇਡੀਏਸ਼ਨ ਨੂੰ ਸੋਖ ਲੈਣ ਵਾਲੀਆਂ ਫ਼ਸਲਾਂ ਇਨਸਾਨੀ ਖਪਤ ਲਈ ਜ਼ਹਿਰੀਲੀਆਂ ਹੋ ਸਕਦੀਆਂ ਹਨ। ਕਈ ਇਲਾਕਿਆਂ ਵਿੱਚ ਸਖ਼ਤ ਨਿਗਰਾਨੀ ਹੇਠ ਸੀਮਿਤ ਖੇਤੀ ਕੀਤੀ ਜਾਂਦੀ ਹੈ, ਪਰ ਕੌਮਾਂਤਰੀ ਸੁਰੱਖਿਆ ਮਾਪਦੰਡਾਂ ਤਹਿਤ ਇੱਥੋਂ ਦੇ ਕਈ ਉਤਪਾਦਾਂ 'ਤੇ ਸਖ਼ਤ ਨਿਯੰਤਰਣ ਅਤੇ ਟੈਸਟਿੰਗ ਲਾਗੂ ਹੈ। ਇਸ ਲਈ ਉਨ੍ਹਾਂ ਨੂੰ ਖੁੱਲ੍ਹੇ ਤੌਰ 'ਤੇ ਮਾਰਕੀਟ ਵਿੱਚ ਵੇਚਣ ਦੀ ਇਜਾਜ਼ਤ ਨਹੀਂ ਹੁੰਦੀ।

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਸਾਨੂੰ ਪ੍ਰਮਾਣੂ ਤਾਕਤ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ? ਹਾਲਾਂਕਿ ਪ੍ਰਮਾਣੂ ਰਹਿੰਦ-ਖੂੰਹਦ ਦੀ ਸੰਭਾਲ ਅਜੇ ਵੀ ਇੱਕ ਵੱਡੀ ਚੁਣੌਤੀ ਹੈ। ਹਕੀਕਤ ਤਾਂ ਇਹ ਵੀ ਹੈ ਕਿ ਅਜੋਕੇ ਦੌਰ ਵਿੱਚ, ਜਦੋਂ ਦੁਨੀਆ ਜਲਵਾਯੂ ਤਬਦੀਲੀ ਨਾਲ ਜੂਝ ਰਹੀ ਹੈ ਤਾਂ 24 ਘੰਟੇ ਬਿਜਲੀ ਪ੍ਰਦਾਨ ਕਰਨ ਲਈ ਪ੍ਰਮਾਣੂ ਊਰਜਾ ਇੱਕ ਸ਼ਕਤੀਸ਼ਾਲੀ ਹੱਲ ਵਜੋਂ ਉੱਭਰਦੀ ਹੈ। ਕੋਲੇ ਜਾਂ ਗੈਸ ਦੇ ਮੁਕਾਬਲੇ ਪ੍ਰਮਾਣੂ ਪਲਾਂਟ ਹਵਾ ਵਿੱਚ ਗਰੀਨਹਾਊਸ ਗੈਸਾਂ ਨਹੀਂ ਛੱਡਦੇ। ਬੱਸ ਇਨ੍ਹਾਂ ਨੂੰ ਸਮਝਦਾਰੀ ਨਾਲ ਚਲਾਉਣ ਦੀ ਲੋੜ ਹੈ।

ਸਵਾਲ ਇਹ ਵੀ ਉੱਠਦਾ ਹੈ ਕਿ ਕੀ ਚਰਨੋਬਲ ਵਰਗੇ ਹਾਦਸਿਆਂ ਮਗਰੋਂ ਉੱਥੋਂ ਦੀ ਧਰਤੀ ਨੂੰ ਦੁਬਾਰਾ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾ ਸਕਦਾ ਹੈ ? ਦਰਅਸਲ, ਇਹ ਇੱਕ ਬਹੁਤ ਹੀ ਗੁੰਝਲਦਾਰ ਅਤੇ ਲੰਮੀ ਪ੍ਰਕਿਰਿਆ ਹੈ ਕਿਉਂਕਿ ਪ੍ਰਮਾਣੂ ਰੇਡੀਏਸ਼ਨ ਦੇ ਪ੍ਰਭਾਵ ਨੂੰ ਖ਼ਤਮ ਹੋਣ ਵਿੱਚ ਬਹੁਤ ਲੰਮਾ ਸਮਾਂ ਲੱਗਦਾ ਹੈ। ਇਸ ਲਈ ਹਜ਼ਾਰਾਂ ਸਾਲਾਂ ਦਾ ਇੰਤਜ਼ਾਰ ਕਰਨਾ ਪੈ ਸਕਦਾ ਹੈ। ਵਿਗਿਆਨੀਆਂ ਮੁਤਾਬਿਕ ਰਿਐਕਟਰ ਦੇ ਬਿਲਕੁਲ ਨੇੜਲੇ ਹਿੱਸੇ ਅਤੇ ਰੈੱਡ ਫੋਰੈਸਟ ਵਰਗੇ ਇਲਾਕੇ, ਜਿੱਥੇ ਪਾਈਨ ਦੇ ਦਰੱਖ਼ਤ ਰੇਡੀਏਸ਼ਨ ਕਾਰਨ ਲਾਲ ਹੋ ਕੇ ਸੁੱਕ-ਸੜ ਗਏ ਸਨ, ਅਗਲੇ 20,000 ਸਾਲਾਂ ਤੱਕ ਇਨਸਾਨਾਂ ਦੇ ਪੱਕੇ ਤੌਰ 'ਤੇ ਰਹਿਣ ਲਈ ਸੁਰੱਖਿਅਤ ਨਹੀਂ ਹੋਣਗੇ।

ਕੁਝ ਬਾਹਰੀ ਖੇਤਰਾਂ ਵਿੱਚ ਭਵਿੱਖ ਵਿੱਚ ਸੀਮਿਤ ਵਸੇਬਾ ਸੰਭਵ ਹੋ ਸਕਦਾ ਹੈ ਕਿਉਂਕਿ ਉੱਥੇ ਮੌਜੂਦ ਰੇਡੀਓਐਕਟਿਵ ਤੱਤਾਂ ਦਾ ਅਸਰ ਹੌਲੀ-ਹੌਲੀ ਘਟ ਰਿਹਾ ਹੈ, ਪਰ ਫਿਰ ਵੀ ਆਮ ਪੱਧਰ ਤੱਕ ਪੁੱਜਣ ਵਿੱਚ ਤਿੰਨ ਤੋਂ ਛੇ ਸਦੀਆਂ ਲੱਗ ਸਕਦੀਆਂ ਹਨ।

ਚਰਨੋਬਲ ਸਿਰਫ਼ ਇੱਕ ਹਾਦਸਾ ਨਹੀਂ, ਇੱਕ ਚਿਤਾਵਨੀ ਹੈ ਕਿ ਤਾਕਤ ਅਤੇ ਜ਼ਿੰਮੇਵਾਰੀ ਵੱਖ ਹੋ ਜਾਣ ਤਾਂ ਤਰੱਕੀ ਵੀ ਤਬਾਹੀ ਬਣ ਸਕਦੀ ਹੈ। ਇਸ ਨੇ ਇਹ ਵੀ ਦਿਖਾਇਆ ਕਿ ਰੇਡੀਏਸ਼ਨ ਦੀ ਕੋਈ ਸਰਹੱਦ ਨਹੀਂ ਹੁੰਦੀ। ਇੱਕ ਰਿਐਕਟਰ ਦਾ ਫਟਣਾ ਵੀ ਬਹੁਤ ਸਾਰੇ ਦੇਸ਼ਾਂ ਦੀ ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਕਰ ਸਕਦਾ ਹੈ। ਪ੍ਰਮਾਣੂ ਜੰਗ ਹੋਣ ਦੀ ਸੂਰਤ ਵਿੱਚ ਤਾਂ ਹਜ਼ਾਰਾਂ ਮਿਜ਼ਾਈਲਾਂ ਦੀ ਵਰਤੋਂ ਹੋਵੇਗੀ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਿਹਤਰ ਭਵਿੱਖ ਲਈ ਪ੍ਰਮਾਣੂ ਸ਼ਕਤੀ ਦਾ ਉਪਯੋਗ ਬੇਹੱਦ ਸਮਝਦਾਰੀ ਅਤੇ ਪਾਰਦਰਸ਼ਤਾ ਨਾਲ ਕਰਨਾ ਪਵੇਗਾ, ਪਰ ਹਥਿਆਰਾਂ ਦੇ ਮਾਮਲੇ ਵਿੱਚ ਛੋਟੀ ਜਿਹੀ ਗ਼ਲਤੀ ਜਾਂ ਗ਼ਲਤਫਹਿਮੀ ਪੂਰੀ ਮਨੁੱਖਤਾ ਦੇ ਖ਼ਾਤਮੇ ਦਾ ਕਾਰਨ ਬਣ ਸਕਦੀ ਹੈ।

# ਇੰਗਲੈਂਡ ਦੀ ਪਹਿਲੀ ਸਿੱਖ ਰਗਬੀ ਖਿਡਾਰਨ—ਹੁਣ 51 'ਚ ਸੂਮੋ ਹੀਰੋ!

ਇੰਗਲੈਂਡ ਦੀ ਪਹਿਲੀ ਸਿੱਖ ਮਹਿਲਾ ਰਗਬੀ ਖਿਡਾਰਨ ਵਜੋਂ ਇਤਿਹਾਸ ਰਚਣ ਵਾਲੀ ਮਨਜਿੰਦਰ ਨਾਗਰਾ 51 ਸਾਲਾ ਦੀ ਉਮਰ ਵਿੱਚ ਵੀ ਹੌਸਲੇ ਅਤੇ ਜਜ਼ਬੇ ਦੀ ਮਿਸਾਲ ਬਣੀ ਹੋਈ ਹੈ।

ਖੇਡ ਦੇ ਮੈਦਾਨ ਵਿੱਚ ਉਨ੍ਹਾਂ ਦੀ ਯਾਤਰਾ ਰਗਬੀ ਦੇ ਸਕਰਮ ਤੋਂ ਸ਼ੁਰੂ ਹੋਈ, ਪਰ ਹੁਣ ਉਹ ਸੂਮੋ ਰੈਸਲਿੰਗ ਦੇ ਅਖਾੜੇ ਵਿੱਚ ਆਪਣੀ ਪਛਾਣ ਬਣਾ ਰਹੇ ਹਨ।

ਸੂਮੋ ਰੈਸਲਿੰਗ ਖੇਡ ਵਿੱਚ ਨਵੀਂ ਹੋਣ ਦੇ ਬਾਵਜੂਦ ਮਨਜਿੰਦਰ ਨਾਗਰਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਭਾਰ ਵਰਗ ਵਿੱਚ ਕੌਮੀ ਚੈਂਪੀਅਨ ਬਣ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਹੁਣ 51 ਸਾਲ ਦੀ ਉਮਰ ਵਿੱਚ ਉਹ ਸੂਮੋ ਰੈਸਲਿੰਗ ਵਿੱਚ ਇੰਗਲੈਂਡ ਦੀ ਨੁਮਾਇੰਦਗੀ ਕਰ ਰਹੇ ਹਨ, ਜੋ ਆਪਣੇ ਆਪ ਵਿੱਚ ਇੱਕ ਵੱਡੀ ਉਪਲਬਧੀ ਹੈ।

ਦਰਅਸਲ, ਮਨਜਿੰਦਰ ਨਾਗਰਾ 30 ਸਾਲ ਪਹਿਲਾਂ ਇੰਗਲੈਂਡ ਲਈ ਰਗਬੀ ਖੇਡਣ ਵਾਲੀ ਪਹਿਲੀ ਸਿੱਖ ਮਹਿਲਾ ਬਣੇ ਸੀ।

ਮਨਜਿੰਦਰ ਨਾਗਰਾ ਪਿਛਲੇ ਮਹੀਨੇ ਆਪਣੇ ਭਾਰ ਵਰਗ ਵਿੱਚ ਕੌਮੀ ਚੈਂਪੀਅਨ ਬਣ ਗਏ ਅਤੇ ਹੁਣ ਜੂਨ ਵਿੱਚ ਸਕਾਟਲੈਂਡ ਵਿੱਚ ਹੋਣ ਵਾਲੀਆਂ ਯੂਰਪੀ ਸੂਮੋ ਰੈਸਲਿੰਗ ਚੈਂਪੀਅਨਸ਼ਿਪ ਲਈ ਟ੍ਰੇਨਿੰਗ ਕਰ ਰਹੇ ਹਨ।

ਯੂਕੇ ਦੇ ਹੋਵ ਵਿੱਚ ਰਹਿਣ ਵਾਲੀ ਮਨਜਿੰਦਰ ਤਿੰਨ ਬੱਚਿਆਂ ਦੀ ਮਾਂ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਚੈਂਪੀਅਨਸ਼ਿਪ ਲਈ ਚੁਣਿਆ ਜਾਣਾ 'ਬੜੇ ਮਾਣ' ਦੀ ਗੱਲ ਹੈ।

ਉਨ੍ਹਾਂ ਨੇ ਕਿਹਾ, "ਮੈਨੂੰ ਨਹੀਂ ਲੱਗਿਆ ਸੀ ਕਿ 51 ਸਾਲ ਦੀ ਉਮਰ ਵਿੱਚ ਮੈਂ ਸੂਮੋ ਸ਼ੁਰੂ ਕਰਾਂਗੀ, ਪਰ ਜ਼ਿੰਦਗੀ ਵਿੱਚ ਦੋ ਵਾਰ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨਾ ਇੱਕ ਸੁਪਨਾ ਹੈ, ਇਸ ਲਈ ਮੈਂ ਇਸ ਮੌਕੇ ਨੂੰ ਦੋਵੇਂ ਹੱਥਾਂ ਨਾਲ ਫੜ੍ਹਨਾ ਚਾਹੁੰਦੀ ਹਾਂ।"

ਨਾਗਰਾ ਨੇ ਸਭ ਤੋਂ ਪਹਿਲਾਂ 1990 ਦੇ ਦਹਾਕੇ ਵਿੱਚ ਇੰਗਲੈਂਡ ਦੀ ਨੁਮਾਇੰਦਗੀ ਕੀਤੀ, ਜਦੋਂ ਉਨ੍ਹਾਂ ਨੇ ਬਾਥ ਯੂਨੀਵਰਸਿਟੀ ਵਿੱਚ ਖੇਡਣਾ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਇੰਗਲੈਂਡ ਸਟੂਡੈਂਟਸ ਟੀਮ ਲਈ ਚੁਣਿਆ ਗਿਆ।

ਜੁਲੀਅਟ ਪਾਰਕਿਨ ਦੀ ਰਿਪੋਰਟ ਮੁਤਾਬਕ, ਉਨ੍ਹਾਂ ਨੇ ਉਸ ਵੇਲੇ ਕਿਹਾ ਸੀ, "ਚੁਣੇ ਜਾਣ ਤੋਂ ਬਾਅਦ ਜਦੋਂ ਮੈਂ ਘਰ ਵਾਪਸ ਗਈ ਤਾਂ ਦੁੱਖ ਦੀ ਗੱਲ ਇਹ ਸੀ ਕਿ ਮੇਰੇ ਤੋਂ ਇਹ ਉਮੀਦ ਰੱਖੀ ਜਾ ਰਹੀ ਸੀ ਕਿ ਮੈਂ ਰਗਬੀ ਖੇਡਣਾ ਛੱਡ ਦਿਆਂ, ਨੌਕਰੀ ਲੱਭਣੀ ਸ਼ੁਰੂ ਕਰਾਂ, ਵਿਆਹ ਬਾਰੇ ਸੋਚਾਂ ਅਤੇ ਬੱਚੇ ਪੈਦਾ ਕਰਾਂ।"



ਇਸ ਤਰ੍ਹਾਂ ਮਨਜਿੰਦਰ ਦਾ ਸੀਨੀਅਰ ਇੰਗਲੈਂਡ ਟੀਮ ਲਈ ਚੁਣੇ ਜਾਣ ਦਾ ਸੁਪਨਾ ਇੱਥੇ ਹੀ ਖ਼ਤਮ ਹੋ ਗਿਆ ਅਤੇ ਉਨ੍ਹਾਂ ਨੇ ਕਾਨੂੰਨ ਦੇ ਖੇਤਰ ਵਿੱਚ ਕਰੀਅਰ ਬਣਾਇਆ। ਪਰ ਉਹ ਖੇਡ ਨਾਲ ਜੁੜੇ ਰਹੇ ਅਤੇ 10 ਸਾਲ ਪਹਿਲਾਂ 'ਹੋਵ ਗਰਲਜ਼ ਰਗਬੀ' ਦੀ ਸਥਾਪਨਾ ਕੀਤੀ।

ਜਦੋਂ ਮਨਜਿੰਦਰ ਨੇ 'ਹੋਵ ਗਰਲਜ਼ ਰਗਬੀ' ਦੀ ਸਥਾਪਨਾ ਕੀਤੀ ਸੀ, ਉਦੋਂ ਟੀਮ ਵਿੱਚ ਸਿਰਫ਼ ਛੇ ਖਿਡਾਰਨਾਂ ਸਨ, ਪਰ ਮਈ 2025 ਦੀ ਰਿਪੋਰਟ ਤੱਕ ਚਾਰ ਵੱਖ-ਵੱਖ ਉਮਰ ਵਰਗਾਂ ਵਿੱਚ ਲਗਭਗ 80 ਕੁੜੀਆਂ ਖੇਡ ਰਹੀਆਂ ਹਨ।

ਉਨ੍ਹਾਂ ਨੇ ਕਿਹਾ, "ਜਦੋਂ ਵੀ ਮੈਂ ਖੇਡਦੀ ਸੀ, ਬਹੁਤ ਵਾਰ ਮੈਦਾਨ 'ਤੇ ਮੈਂ ਏਸ਼ੀਆਈ ਮੂਲ ਦੀ ਇਕੱਲੀ ਖਿਡਾਰਨ ਹੁੰਦੀ ਸੀ ਅਤੇ ਇਹ ਮੇਰੇ 30 ਸਾਲਾਂ ਦੇ ਖੇਡਣ ਦੌਰਾਨ ਰਿਹਾ।"

"ਲੋਕਾਂ ਨੂੰ ਇਹ ਯਾਦ ਦਿਵਾਉਣ ਦੀ ਲੋੜ ਹੈ ਕਿ ਅਸੀਂ ਇੱਕ ਅਜਿਹਾ ਭਾਈਚਾਰਾ ਹਾਂ ਜੋ ਖੇਡਾਂ ਵਿੱਚ ਸ਼ਾਮਲ ਹੈ, ਅਸੀਂ ਖੇਡਾਂ ਵਿੱਚ ਵਧੀਆ ਹਾਂ। ਸਾਨੂੰ ਸਿਰਫ਼ ਮੌਕੇ ਅਤੇ ਅਵਸਰਾਂ ਦੀ ਲੋੜ ਹੈ, ਅਤੇ ਲੋਕ ਸਾਡੇ ਤੱਕ ਪਹੁੰਚਣ।"

ਸੂਮੋ ਵੱਲ ਕਿਵੇਂ ਵਧੇ

ਉਨ੍ਹਾਂ ਦੀ ਜਾਣ-ਪਛਾਣ ਸੂਮੋ ਰੈਸਲਿੰਗ ਨਾਲ ਉਸ ਵੇਲੇ ਹੋਈ ਜਦੋਂ ਸੂਮੋ ਚੈਂਪੀਅਨ ਮਨਦੀਪ ਸਿੰਘ ਕੁੰਦੀ ਨੂੰ ਸਿੱਖ ਗੇਮਜ਼ ਦੇ ਐਂਬੈਸਡਰ ਵਜੋਂ ਸ਼ਾਮਲ ਕੀਤਾ ਗਿਆ, ਜਿਨ੍ਹਾਂ ਨੇ ਸੁਝਾਅ ਦਿੱਤਾ ਕਿ ਉਹ ਮਾਰਚ ਵਿੱਚ ਉਨ੍ਹਾਂ ਦੇ ਕਲੱਬ ਵੱਲੋਂ ਕਰਵਾਈ ਜਾ ਰਹੀ ਮੁਕਾਬਲੇ ਵਿੱਚ ਹਿੱਸਾ ਲੈ ਸਕਦੇ ਹਨ।

ਯੂਕੇ ਅਧਾਰਿਤ ਇੱਕ ਗ਼ੈਰ-ਮੁਨਾਫ਼ਾ ਸੰਸਥਾ ਹੈ, ਸਿੱਖ ਗੇਮਜ਼, ਜਿਸ ਦੀ ਨਾਗਰਾ ਵੀ ਐਂਬੈਸਡਰ ਹਨ ਅਤੇ ਇਸਦਾ ਮਕਸਦ ਖੇਡਾਂ ਵਿੱਚ ਨਸਲੀ ਘੱਟ ਗਿਣਤੀ ਭਾਈਚਾਰੇ ਦੀ ਭਾਗੀਦਾਰੀ ਵਧਾਉਣਾ ਅਤੇ ਭਾਈਚਾਰਿਆਂ ਨੂੰ ਜੋੜਨਾ ਹੈ।

ਉਨ੍ਹਾਂ ਨੇ ਕਿਹਾ, "ਹਾਲੇ ਵੀ ਇਹ ਧਾਰਨਾ ਹੈ, ਜੋ ਮੇਰੇ ਖ਼ਿਆਲ ਵਿੱਚ ਇੱਕ ਮਿਥ ਹੈ, ਕਿ ਏਸ਼ੀਆਈ ਲੋਕਾਂ ਨੂੰ ਖੇਡਾਂ ਪਸੰਦ ਨਹੀਂ... ਅਤੇ ਉਹ ਸਿਰਫ਼ ਆਪਣੇ ਕਰੀਅਰ ਬਾਰੇ ਹੀ ਸੋਚਦੇ ਹਨ।"

"ਮੈਂ ਸਮਝਦੀ ਹਾਂ ਕਿ ਹੁਣ ਜਾਗਰੂਕਤਾ ਜ਼ਰੂਰ ਵਧ ਰਹੀ ਹੈ, ਪਰ ਫਿਰ ਵੀ ਰੁਕਾਵਟਾਂ ਮੌਜੂਦ ਹਨ ਅਤੇ ਇਹ ਕਹਿਣਾ ਕਿ ਅਜਿਹਾ ਨਹੀਂ ਹੈ, ਗ਼ਲਤ ਹੋਵੇਗਾ।"

ਉਨ੍ਹਾਂ ਨੇ ਕਿਹਾ ਕਿ ਅਜੇ ਵੀ ਕਈ ਸਮਾਜਿਕ ਅਤੇ ਸੱਭਿਆਚਾਰਕ ਰੁਕਾਵਟਾਂ ਹਨ ਜੋ ਏਸ਼ੀਆਈ ਮੂਲ ਦੇ ਲੋਕਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਤੋਂ ਰੋਕਦੀਆਂ ਹਨ।

ਉਨ੍ਹਾਂ ਨੇ ਇੱਕ ਮੁਸਲਮਾਨ ਫੁੱਟਬਾਲਰ ਦਾ ਜ਼ਿਕਰ ਕੀਤਾ ਜਿਸਨੂੰ ਸ਼ਾਰਟਸ ਦੀ ਬਜਾਏ ਟ੍ਰੈਕਸੂਟ ਪਹਿਨਣ ਕਾਰਨ ਖੇਡਣ ਦੀ ਇਜਾਜ਼ਤ ਨਹੀਂ ਮਿਲੀ।

ਇਸ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਕੇ ਨਾਗਰਾ ਨੇ ਕਿਹਾ ਕਿ ਉਹ ਉਮੀਦ ਰੱਖਦੀ ਹੈ ਕਿ ਉਹ ਨੌਜਵਾਨ ਕੁੜੀਆਂ ਲਈ ਇੱਕ ਰੋਲ ਮਾਡਲ ਬਣ ਸਕੇਗੀ, ਜਿਵੇਂ ਉਸ ਦੇ ਅੱਗੇ ਵਧਣ ਸਮੇਂ ਨਹੀਂ ਸੀ।

ਉਨ੍ਹਾਂ ਨੇ ਕਿਹਾ, "ਜੇ ਤੁਸੀਂ ਕੋਸ਼ਿਸ਼ ਨਹੀਂ ਕਰੋਗੇ ਤਾਂ ਤੁਹਾਨੂੰ ਕਦੇ ਪਤਾ ਨਹੀਂ ਲੱਗੇਗਾ। ਮੈਨੂੰ ਨਹੀਂ ਪਤਾ ਕਿ ਇਹ ਮੌਕਾ ਮੈਨੂੰ ਕਿੱਥੇ ਲੈ ਕੇ ਜਾਵੇਗਾ, ਪਰ ਇਹ ਕਾਫ਼ੀ ਰੋਮਾਂਚਕ ਹੈ।"

# ਭਾਰਤ-ਪਾਕਿਸਤਾਨ ਨਵੇਂ ਪਰਮਾਣੂ ਹਥਿਆਰਾਂ ਦੀ ਡਿਲੀਵਰੀ ਪ੍ਰਣਾਲੀਆਂ ਤਿਆਰ!

ਇੱਕ ਅੰਤਰਰਾਸ਼ਟਰੀ ਥਿੰਕ ਟੈਂਕ ਦੀ ਸੋਮਵਾਰ ਨੂੰ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਅਨੁਸਾਰ, ਭਾਰਤ ਅਤੇ ਪਾਕਿਸਤਾਨ ਨੇ 2025 ਵਿੱਚ ਨਵੇਂ ਕਿਸਮ ਦੇ ਪਰਮਾਣੂ ਹਥਿਆਰਾਂ ਦੀ ਡਿਲੀਵਰੀ ਪ੍ਰਣਾਲੀਆਂ ਨੂੰ ਵਿਕਸਤ ਕਰਨਾ ਜਾਰੀ ਰੱਖਿਆ ਹੈ ਅਤੇ ਦੋਵੇਂ ਬੈਲਿਸਟਿਕ ਮਿਜ਼ਾਈਲਾਂ 'ਤੇ ਕਈ ਵਾਰਹੈੱਡ ਤਾਇਨਾਤ ਕਰਨ ਦੀ ਸਮਰੱਥਾ ਹਾਸਲ ਕਰਨ ਵਿੱਚ ਲੱਗੇ ਹੋਏ ਹਨ।

ਇਸ ਦੌਰਾਨ, ਭਾਰਤ ਅਤੇ ਚੀਨ ਨੇ ਆਪਣੇ ਪਰਮਾਣੂ ਅਸਲੇ ਵਿੱਚ ਵਾਧਾ ਕੀਤਾ ਹੈ ਅਤੇ ਦੋਵਾਂ ਨੇ ਸ਼ਾਇਦ ਕਦੇ-ਕਦਾਈਂ ਉੱਚ ਸੰਚਾਲਨ ਅਲਰਟ 'ਤੇ ਵਾਰਹੈੱਡ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ ਹੋ ਸਕਦਾ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (SIPRI) ਦੇ ਅਨੁਸਾਰ, ਜਨਵਰੀ 2026 ਤੱਕ ਭਾਰਤ ਕੋਲ ਅੰਦਾਜ਼ਨ 190 ਪਰਮਾਣੂ ਹਥਿਆਰਾਂ ਦਾ ਵਧਦਾ ਭੰਡਾਰ ਸੀ, ਜੋ ਪਿਛਲੇ ਸਾਲ ਦੇ ਮੁਕਾਬਲੇ ਮਾਮੂਲੀ ਵਾਧਾ ਹੈ, ਜਦੋਂ ਕਿ ਚੀਨ ਦਾ ਭੰਡਾਰ ਪਿਛਲੇ ਸਾਲ ਦੇ 600 ਤੋਂ ਵੱਧ ਕੇ ਹੁਣ 620 ਹੋ ਗਿਆ ਹੈ।

ਇਹ ਖੋਜਾਂ ਸੋਮਵਾਰ ਨੂੰ ਜਾਰੀ ਕੀਤੀ ਗਈ SIPRI ਦੀ 'ਹਥਿਆਰ, ਨਿਸ਼ਸਤਰੀਕਰਨ ਅਤੇ ਅੰਤਰਰਾਸ਼ਟਰੀ ਸੁਰੱਖਿਆ ਦੀ ਸਥਿਤੀ' ਬਾਰੇ ਸਾਲਾਨਾ ਮੁਲਾਂਕਣ ਦਾ ਹਿੱਸਾ ਹਨ।

ਭਾਰਤ ਬਾਰੇ, ਰਿਪੋਰਟ ਕਹਿੰਦੀ ਹੈ ਕਿ "ਪਰਮਾਣੂ ਹਥਿਆਰਾਂ ਨੂੰ ਹਵਾਈ ਜਹਾਜ਼ਾਂ, ਜ਼ਮੀਨ-ਅਧਾਰਿਤ ਮਿਜ਼ਾਈਲਾਂ ਅਤੇ ਪਰਮਾਣੂ-ਸੰਚਾਲਿਤ ਪਣਡੁੱਬੀਆਂ (ਜਿਨ੍ਹਾਂ ਨੂੰ ਜਲ ਸੈਨਾ ਦੀ ਭਾਸ਼ਾ ਵਿੱਚ ਸ਼ਸ਼ਭੰਸ ਕਿਹਾ ਜਾਂਦਾ ਹੈ) ਦੇ ਇੱਕ ਪਰਿਪੱਕ ਪਰਮਾਣੂ ਤਿਕੋਣ ਨੂੰ ਸੌਂਪਿਆ ਗਿਆ ਸੀ।"SIPRI ਨੇ ਭਾਰਤ ਬਾਰੇ ਕਿਹਾ ਕਿ ਵਾਧੂ ਮਿਜ਼ਾਈਲਾਂ ਲਈ ਹੋਰ ਵਾਰਹੈੱਡ ਉਤਪਾਦਨ ਵਿੱਚ ਮੰਨੇ ਜਾ ਰਹੇ ਹਨ, ਅਤੇ ਦੇਸ਼ ਦੇ ਹਾਲੀਆ ਕਦਮ ਮਿਜ਼ਾਈਲਾਂ ਨੂੰ ਕੈਨਿਸਟਰਾਂ ਵਿੱਚ ਰੱਖਣ ਅਤੇ ਸਮੁੰਦਰੀ-ਅਧਾਰਿਤ ਡਿਟਰੈਂਸ ਕਰਨ ਵੱਲ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ "ਇਸ ਮੁਲਾਂਕਣ ਦੇ ਆਧਾਰ 'ਤੇ ਸ਼ੀਫ਼ੀ ਦਾ ਅਨੁਮਾਨ ਹੈ ਕਿ, ਜਨਵਰੀ 2026 ਤੱਕ ਭਾਰਤ ਨੇ ਸ਼ਾਇਦ ਇੱਕ SSBN 'ਤੇ ਕਈ ਪਰਮਾਣੂ ਵਾਰਹੈੱਡਾਂ ਨੂੰ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ ਹੋਵੇਗਾ ਜੋ ਕਦੇ-ਕਦਾਈਂ ਡਿਟਰੈਂਸ ਗਸ਼ਤ ਕਰ ਰਿਹਾ ਹੈ।''ਪਿਛਲੇ ਇੱਕ ਦਹਾਕੇ ਵਿੱਚ, ਭਾਰਤ ਦੀ ਪਰਮਾਣੂ ਯੋਜਨਾਬੰਦੀ ਨੇ ਲੰਬੀ ਦੂਰੀ ਦੀਆਂ ਹਥਿਆਰ ਪ੍ਰਣਾਲੀਆਂ ਵਿੱਚ ਵਧੇਰੇ ਸਰੋਤ ਨਿਵੇਸ਼ ਕਰਨ 'ਤੇ ਵਧੇਰੇ ਜ਼ੋਰ ਦਿੱਤਾ ਹੈ ਜੋ ਚੀਨ 'ਤੇ ਕੇਂਦ੍ਰਿਤ ਜਾਪਦੇ ਹਨ, ਪਰ ਇਸਦੀ ਯੋਜਨਾਬੰਦੀ ਅਜੇ ਵੀ ਪਾਕਿਸਤਾਨ ਨਾਲ ਇਸਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੁਸ਼ਮਣੀ ਤੋਂ ਬਹੁਤ ਪ੍ਰਭਾਵਿਤ ਹੈ, ਰਿਪੋਰਟ ਵਿੱਚ ਕਿਹਾ ਗਿਆ ਹੈ।

ਪਾਕਿਸਤਾਨ ਬਾਰੇ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸਲਾਮਾਬਾਦ ਦਾ ਪਰਮਾਣੂ ਵਾਰਹੈੱਡ ਭੰਡਾਰ ਜਨਵਰੀ 2026 ਤੱਕ ਲਗਪਗ 170 ਵਾਰਹੈੱਡਾਂ 'ਤੇ ਸਥਿਰ ਰਿਹਾ ਹੈ। ਹਾਲਾਂਕਿ, ਇਸ ਨੇ 2025 ਦੌਰਾਨ ਆਪਣਾ ਉਭਰਦਾ ਪਰਮਾਣੂ ਤਿਕੋਣ ਵਿਕਸਤ ਕਰਨਾ ਜਾਰੀ ਰੱਖਿਆ। ਜਦੋਂ ਕਿ ਪਾਕਿਸਤਾਨ ਦੀਆਂ ਜ਼ਮੀਨੀ ਅਤੇ ਹਵਾਈ ਸਮਰੱਥਾਵਾਂ ਚੰਗੀ ਤਰ੍ਹਾਂ ਸਥਾਪਿਤ ਹਨ, ਇਸ ਦੀ ਸਮੁੰਦਰੀ-ਅਧਾਰਿਤ ਸਮਰੱਥਾ ਅਜੇ ਵੀ ਵਿਕਾਸ ਅਤੇ ਜਾਂਚ ਦੇ ਪੜਾਅ ਵਿੱਚ ਹੈ।

ਪਾਕਿਸਤਾਨ ਦੇ ਕਈ ਨਵੇਂ ਡਿਲੀਵਰੀ ਸਿਸਟਮਾਂ ਦੇ ਵਿਕਾਸ ਅਤੇ ਵਿਖੰਡਨਯੋਗ ਸਮੱਗਰੀ ਦੇ ਇਕੱਠੇ ਹੋਣ ਤੋਂ ਪਤਾ ਲੱਗਦਾ ਹੈ ਕਿ ਇਸਦੇ ਪਰਮਾਣੂ ਹਥਿਆਰਾਂ ਦਾ ਅਸਲਾ ਅਤੇ ਸਮੱਗਰੀ ਦਾ ਭੰਡਾਰ ਅਗਲੇ ਦਹਾਕੇ ਵਿੱਚ ਵਧਣ ਦੀ ਸੰਭਾਵਨਾ ਹੈ, ਰਿਪੋਰਟ ਵਿੱਚ ਕਿਹਾ ਗਿਆ ਹੈ।


SIKH GAMES CANADA
A MEGA SPORTS EVENT IN CANADA
SIKH GAMES
CANADA 2026
July 1st to 5th, 2026
12601 64 AVE, TAMANAWIS PARK, SURREY BC
FREE ENTRY
LIVE TELECAST
18TH LIONS CUP
International Hockey Tournament
TRACK AND FIELD
WRESTLING
VOLLEYBALL
SMASHING
VOLLEYBALL
SHOOTING (MEDIUM)
LIONS
FIELD HOCKEY
LIONS CUP INTERNATIONAL
3 MATCH FIELD HOCKEY SERIES
CANADA VS USA
JUNE 29TH, JUNE 30TH & JULY 2ND 2026
TUG OF WAR
CULTURAL PROGRAM
LAMBORGHINI SHOW
OVER 65 RACE
GURU KA LANGAR
GATKA AKHARA
MOTORCYCLE CLUB
TRACTOR SHOW
JEEP CLUB SHOW
+1-604-621-3500
info@sikhgamescanada.com
www.sikhgamescanada.com

# ਜਲਵਾਯੂ ਤਬਦੀਲੀ ਲਈ ਮਨੁੱਖ ਖ਼ੁਦ ਜ਼ਿੰਮੇਵਾਰ

ਗਾਤਾਰ ਵਧ ਰਹੇ ਤਾਪਮਾਨ ਨੇ ਕੇਵਲ ਮਨੁੱਖੀ ਜੀਵਨ ਨੂੰ ਹੀ ਨਹੀਂ, ਬਲਕਿ ਪੰਛੀਆਂ, ਜਾਨਵਰਾਂ ਅਤੇ ਬਨਸਪਤੀ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲੰਘੇ ਸਰਦੀ ਦੇ ਮੌਸਮ ਵਿੱਚ ਮੀਂਹ ਨਾਂਹ ਦੇ ਬਰਾਬਰ ਪਿਆ। ਇੰਝ ਜਾਪਦਾ ਸੀ ਜਿਵੇਂ ਸਰਦੀਆਂ ਵਿੱਚ ਪੈਣ ਵਾਲਾ ਰਹਿਮਤ ਦਾ ਮੀਂਹ ਸਾਡੇ ਨਾਲ ਰੁੱਸ ਹੀ ਗਿਆ ਹੋਵੇ। ਖੇਤੀਬਾੜੀ ਲਈ ਇਹ ਬਾਰਸ਼ ਬੇਹੱਦ ਜ਼ਰੂਰੀ ਹੁੰਦੀ ਹੈ। ਜਦੋਂ ਲੰਬੇ ਸਮੇਂ ਤੱਕ ਬੱਦਲ ਨਹੀਂ ਵਰ੍ਹਦੇ ਤਾਂ ਕਿਸਾਨ ਆਸਮਾਨ ਵੱਲ ਟਿਕਟਿਕੀ ਲਗਾ ਕੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਕੁਦਰਤ ਦੇ ਇਸ ਬਦਲੇ ਮਿਜ਼ਾਜ ਦਾ ਕਾਰਨ ਕੀ ਹੈ? ਲੰਘੀ ਸਰਦੀ ਵਿੱਚ ਮੀਂਹ ਨਾ ਪੈਣ ਕਰਕੇ ਫ਼ਸਲਾਂ ਦਾ ਝਾੜ ਤਾਂ ਪ੍ਰਭਾਵਿਤ ਹੋਇਆ ਹੀ, ਪਰ ਬਾਅਦ ਵਿੱਚ ਕਈ ਥਾਵਾਂ 'ਤੇ ਹੋਈ ਬੇਮੌਸਮੀ ਬਾਰਸ਼ ਅਤੇ ਗੜ੍ਹੇਮਾਰੀ ਨੇ ਕਣਕ ਦੀ ਪੱਕੀ ਫ਼ਸਲ ਨੂੰ ਬਰਬਾਦ ਕਰਕੇ ਰੱਖ ਦਿੱਤਾ। ਹੁਣ ਭਾਵੇਂ ਮੁੜ ਮੀਂਹ ਪੈਣੇ ਸ਼ੁਰੂ ਹੋ ਗਏ ਹਨ, ਪਰ ਕਈ ਇਲਾਕਿਆਂ ਵਿੱਚ ਇੰਨੀ ਜ਼ਿਆਦਾ ਬਾਰਸ਼ ਅਤੇ ਗੜ੍ਹੇਮਾਰੀ ਹੋ ਰਹੀ ਹੈ ਕਿ ਇਸ ਨਾਲ ਫ਼ਾਇਦੇ ਨਾਲੋਂ ਨੁਕਸਾਨ ਵਧੇਰੇ ਹੋ ਰਿਹਾ ਹੈ।



ਜੇਕਰ ਪਿਛਲਝਾਤ ਮਾਰੀ ਜਾਵੇ ਤਾਂ ਸਾਫ਼ ਮਹਿਸੂਸ ਹੁੰਦਾ ਹੈ ਕਿ ਬੀਤੇ ਕੁਝ ਸਾਲਾਂ ਤੋਂ ਮੌਸਮ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਨਤੀਜੇ ਵਜੋਂ, ਹੁਣ ਬਹੁਤ ਜ਼ਿਆਦਾ ਠੰਢ ਅਤੇ ਬਹੁਤ ਜ਼ਿਆਦਾ ਗਰਮੀ ਪੈਣ ਲੱਗੀ ਹੈ- ਕਦੇ ਬੇਹਿਸਾਬ ਮੀਂਹ ਪੈਂਦਾ ਹੈ ਅਤੇ ਕਦੇ ਲੰਬਾ ਸੋਕਾ ਪੈ ਜਾਂਦਾ ਹੈ। ਇਸ ਅਣਕਿਆਸੇ ਬਦਲਾਅ ਕਾਰਨ ਧਰਤੀ 'ਤੇ ਰਹਿਣ ਵਾਲੇ ਮਨੁੱਖ, ਜੀਵ-ਜੰਤੂ, ਪੰਛੀ ਅਤੇ ਬਨਸਪਤੀ ਇਸ ਜਲਵਾਯੂ ਪਰਿਵਰਤਨ ਨਾਲ ਤਾਲਮੇਲ ਨਹੀਂ ਬਿਠਾ ਪਾ ਰਹੇ। ਇਸ ਜਲਵਾਯੂ ਪਰਿਵਰਤਨ ਦਾ ਮੁੱਖ ਕਾਰਨ 'ਗਲੋਬਲ ਵਾਰਮਿੰਗ' ਹੈ, ਜਿਸ ਦਾ ਸਰਲ ਅਰਥ ਹੈ- ਧਰਤੀ ਦੇ ਔਸਤ ਤਾਪਮਾਨ ਵਿੱਚ ਲਗਾਤਾਰ ਹੋ ਰਿਹਾ ਵਾਧਾ। ਕੁਝ ਕੁਦਰਤੀ ਕਾਰਨਾਂ ਅਤੇ ਜ਼ਿਆਦਾਤਰ ਮਨੁੱਖੀ ਗਤੀਵਿਧੀਆਂ ਕਰਕੇ ਧਰਤੀ ਦਾ ਤਾਪਮਾਨ ਨਿਰੰਤਰ ਵਧ ਰਿਹਾ ਹੈ। ਸ਼ਹਿਰਾਂ ਵੱਲ ਤੇਜ਼ੀ ਨਾਲ ਹੋ ਰਿਹਾ ਅੰਨ੍ਹੇਵਾਹ ਪਰਵਾਸ, ਉਦਯੋਗੀਕਰਨ, ਗੈਰ-ਯੋਜਨਾਬੱਧ ਵਿਕਾਸ ਅਤੇ ਵਾਹਨਾਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਅਤੇ ਗਲੋਬਲ ਵਾਰਮਿੰਗ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਦੇ ਨਾਲ ਹੀ ਰਸਾਇਣਿਕ ਪਦਾਰਥਾਂ, ਪ੍ਰਮਾਣੂ ਬੰਬਾਂ ਅਤੇ ਹਾਈਡ੍ਰੋਜਨ ਬੰਬਾਂ ਵਰਗੇ ਅਤਿ-ਵਿਨਾਸ਼ਕਾਰੀ ਹਥਿਆਰਾਂ ਦੀ ਅੰਨ੍ਹੀ ਦੌੜ ਨੇ ਮਨੁੱਖਤਾ, ਜਾਨਵਰਾਂ ਅਤੇ ਬਨਸਪਤੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਮੌਜੂਦਾ ਸਮੇਂ ਚੱਲ ਰਹੇ ਰੂਸ-ਯੂਕਰੇਨ ਅਤੇ ਇਜ਼ਰਾਈਲ-ਇਰਾਨ
ਯੁੱਧ ਕਾਰਨ ਨਾ ਸਿਰਫ਼ ਮਨੁੱਖੀ ਜਾਨਾਂ ਦਾ ਘਾਣ ਹੋ ਰਿਹਾ ਹੈ, ਬਲਕਿ ਕੁਦਰਤ, ਵਾਤਾਵਰਣ ਅਤੇ ਬਨਸਪਤੀ ਨੂੰ ਵੀ ਅਜਿਹਾ ਨੁਕਸਾਨ ਪਹੁੰਚ ਰਿਹਾ ਹੈ ਜਿਸ ਦੀ ਭਰਪਾਈ ਅਸੰਭਵ ਹੈ।

ਗਲੋਬਲ ਵਾਰਮਿੰਗ ਕਾਰਨ ਕੁਦਰਤ ਵਿੱਚ ਆ ਰਹੇ ਬਦਲਾਵਾਂ ਤੋਂ ਅੱਜ ਹਰ ਕੋਈ ਵਾਕਫ਼ ਹੈ। ਜਲਵਾਯੂ ਪਰਿਵਰਤਨ ਦਾ ਮਾਰੂ ਅਸਰ ਹੁਣ ਹਰ ਵਰਗ ਅਤੇ ਹਰ ਜੀਵ 'ਤੇ ਸਾਫ਼ ਦਿਖਾਈ ਦੇ ਰਿਹਾ ਹੈ। ਮੌਸਮ ਦੇ ਬਦਲਦੇ ਮਿਜ਼ਾਜ ਕਾਰਨ ਫ਼ਲਾਂ, ਅਨਾਜਾਂ ਅਤੇ ਫ਼ਸਲਾਂ ਦੀ ਉਤਪਾਦਕਤਾ ਲਗਾਤਾਰ ਘਟਦੀ ਜਾ ਰਹੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਸ ਤਬਦੀਲੀ ਕਾਰਨ ਫ਼ਲਾਂ, ਸਬਜ਼ੀਆਂ, ਅਨਾਜ ਅਤੇ ਹੋਰ ਜਿਣਸਾਂ ਦਾ ਕੁਦਰਤੀ ਸੁਹਜ, ਸਵਾਦ, ਮਹਿਕ ਅਤੇ ਪੌਸ਼ਟਿਕ ਗੁਣ ਹੁਣ ਪਹਿਲਾਂ ਵਰਗੇ ਨਹੀਂ ਰਹੇ। ਗਲੋਬਲ ਵਾਰਮਿੰਗ ਦਾ ਸਭ ਤੋਂ ਘਾਤਕ ਪ੍ਰਭਾਵ ਸਿਹਤ 'ਤੇ ਪੈ ਰਿਹਾ ਹੈ, ਜਿਸ ਕਾਰਨ ਮਨੁੱਖ ਨਿੱਤ ਨਵੀਆਂ ਅਤੇ ਨਾਮੁਰਾਦ ਬਿਮਾਰੀਆਂ ਦੀ ਜਕੜ ਵਿੱਚ ਆ ਰਿਹਾ ਹੈ। ਇਸ ਵਾਤਾਵਰਣਕ ਸੰਕਟ ਕਾਰਨ ਜੀਵ-ਜੰਤੂਆਂ ਅਤੇ ਬਨਸਪਤੀ ਦੀਆਂ ਕਈ ਦੁਰਲੱਭ ਪ੍ਰਜਾਤੀਆਂ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਗਈ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੁਦਰਤ ਨਾਲ ਹੋ ਰਹੇ ਇਸ ਖਿਲਵਾੜ ਲਈ ਆਖ਼ਰ ਜ਼ਿੰਮੇਵਾਰ ਕੌਣ ਹੈ? ਇਸ ਦਾ ਸਿੱਧਾ ਤੇ ਸਪੱਸ਼ਟ ਉੱਤਰ ਹੈ- ਮਨੁੱਖ। ਮਨੁੱਖ ਨੇ ਆਧੁਨਿਕਤਾ ਅਤੇ ਸ਼ਹਿਰੀਕਰਨ ਦੀ ਅੰਨ੍ਹੀ ਦੌੜ ਵਿੱਚ ਹਰੇ-ਭਰੇ ਦਰੱਖਤਾਂ ਦਾ ਬੇਦਰਦੀ ਨਾਲ ਉਜਾੜਾ ਕੀਤਾ ਹੈ। ਲਗਾਤਾਰ ਵਧ ਰਹੀ ਆਬਾਦੀ ਦੀਆਂ ਰਿਹਾਇਸ਼ੀ ਲੋੜਾਂ ਨੂੰ ਪੂਰਾ ਕਰਨ ਲਈ ਜੰਗਲਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਿਆ ਜਾ ਰਿਹਾ ਹੈ। ਖੇਤੀਬਾੜੀ ਵਿੱਚ ਵੱਧ ਪੈਦਾਵਾਰ ਲੈਣ ਦੀ ਹਵਸ ਨੇ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਹੈ, ਜਿਸ ਨੇ ਉਪਜਾਊ ਧਰਤੀ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ।

ਉਦਯੋਗੀਕਰਨ ਅਤੇ ਮੁਨਾਫ਼ਾਖ਼ੋਰੀ ਦੇ ਇਸ ਦੌਰ ਵਿੱਚ ਮਨੁੱਖ ਨੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬੁਰੀ ਤਰ੍ਹਾਂ ਗੰਧਲਾ ਕਰ ਦਿੱਤਾ ਹੈ। ਸਾਡੇ ਦਰਿਆਵਾਂ ਦਾ ਜੋ ਸ਼ੁੱਧ ਤੇ ਮਿੱਠਾ ਪਾਣੀ ਕਦੇ ਜੀਵਨ ਦਾ ਆਧਾਰ ਹੁੰਦਾ ਸੀ, ਉਹ ਅੱਜ ਖ਼ੁਦ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵੰਡ ਰਿਹਾ ਹੈ। ਸੜਕਾਂ ਚੌੜੀਆਂ ਕਰਨ ਅਤੇ ਨਹਿਰਾਂ ਨੂੰ ਪੱਕਾ ਕਰਨ ਦੇ ਨਾਂ 'ਤੇ ਲੱਖਾਂ ਰੁੱਖਾਂ ਦੀ ਬਲੀ ਦਿੱਤੀ ਜਾ ਰਹੀ ਹੈ। ਵਿਕਾਸ ਦੇ ਨਾਂ 'ਤੇ ਕੁਦਰਤੀ ਪਹਾੜਾਂ ਨਾਲ ਕੀਤੀ ਜਾ ਰਹੀ ਬੇਲੋੜੀ ਛੇੜਛਾੜ ਕਾਰਨ ਧਰਤੀ ਦਾ ਵਾਤਾਵਰਣਕ ਸੰਤੁਲਨ ਵਿਗੜ ਰਿਹਾ ਹੈ। ਸਮੁੱਚੇ ਰੂਪ ਵਿੱਚ ਦੇਖਿਆ ਜਾਵੇ ਤਾਂ ਮਨੁੱਖ ਨੇ ਕੁਦਰਤ ਦਾ ਅਜਿਹਾ ਕੋਈ ਹਿੱਸਾ ਨਹੀਂ ਛੱਡਿਆ, ਜਿੱਥੇ ਉਸ ਨੇ ਆਪਣੀ ਸਵਾਰਥੀ ਘੁਸਪੈਠ ਨਾ ਕੀਤੀ ਹੋਵੇ।

ਗਲੋਬਲ ਵਾਰਮਿੰਗ ਦੇ ਮਾਰੂ ਪ੍ਰਭਾਵ ਹੁਣ ਪੂਰੀ ਤਰ੍ਹਾਂ ਸਾਡੇ ਸਾਹਮਣੇ ਆਉਣ ਲੱਗੇ ਹਨ। ਧਰਤੀ ਦਾ ਜਲਵਾਯੂ ਚੱਕਰ ਤੇਜ਼ੀ ਨਾਲ ਬਦਲ ਰਿਹਾ ਹੈ; ਗਰਮੀ, ਸਰਦੀ ਅਤੇ ਬਰਸਾਤ ਦਾ ਰਵਾਇਤੀ ਸਮਾਂ ਅਤੇ ਮਿਜ਼ਾਜ ਪੂਰੀ ਤਰ੍ਹਾਂ ਗੜਬੜਾ ਚੁੱਕਾ ਹੈ। ਇਸ ਦਾ ਪ੍ਰਤੱਖ ਪ੍ਰਭਾਵ ਗਲੇਸ਼ੀਅਰਾਂ ਦੇ ਨਿਰੰਤਰ ਪਿਘਲਣ, ਬਰਫ਼ੀਲੇ ਖੇਤਰਾਂ ਦੇ ਸੁੰਗੜਨ, ਮੌਨਸੂਨ ਦੇ ਬਦਲਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ, ਵਾਤਾਵਰਣ ਪ੍ਰਣਾਲੀ ਵਿੱਚ ਆ ਰਹੀ ਖ਼ਤਰਨਾਕ ਤਬਦੀਲੀ ਅਤੇ ਲੂ ਦੀਆਂ ਮਾਰੂ ਲਹਿਰਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਅਜੋਕੇ ਦੌਰ ਵਿੱਚ ਮਨੁੱਖੀ ਜੀਵਨ ਦੀਆਂ ਵਧਦੀਆਂ ਸੁਖ-ਸਹੂਲਤਾਂ ਅਤੇ ਐਸ਼ੋ-ਆਰਾਮ ਦੀ ਭੁੱਖ ਨੇ ਸਾਡੀਆਂ ਲੋੜਾਂ ਨੂੰ ਬੇਅੰਤ ਵਧਾ ਦਿੱਤਾ ਹੈ। ਇਨ੍ਹਾਂ ਅੰਨ੍ਹੀਆਂ ਲੋੜਾਂ ਨੂੰ ਪੂਰਾ ਕਰਨ ਦੀ ਦੌੜ ਵਿੱਚ ਅਸੀਂ ਕੁਦਰਤ ਵੱਲੋਂ ਮੂੰਹ ਮੋੜ ਲਿਆ ਹੈ ਅਤੇ ਇਸ ਨਾਲ ਖਿਲਵਾੜ ਕਰਨ 'ਤੇ ਬਜ਼ਿੱਦ ਹਾਂ।

ਜੇਕਰ ਅਸੀਂ ਕੁਦਰਤ ਨਾਲ ਇਹ ਬੇਇਨਸਾਫ਼ੀ ਤੁਰੰਤ ਬੰਦ ਨਾ ਕੀਤੀ, ਤਾਂ ਉਹ ਦਿਨ ਦੂਰ ਨਹੀਂ ਜਦੋਂ ਭਵਿੱਖ ਵਿੱਚ ਸਾਡੇ ਕੋਲ ਪੀਣ ਲਈ ਸ਼ੁੱਧ ਪਾਣੀ ਅਤੇ ਖਾਣ ਲਈ ਸਾਫ਼-ਸੁਥਰਾ ਭੋਜਨ ਤਾਂ ਕੀ, ਸਾਹ ਲੈਣ ਲਈ ਸ਼ੁੱਧ ਹਵਾ ਵੀ ਨਸੀਬ ਨਹੀਂ ਹੋਵੇਗੀ। ਬੇਸ਼ੱਕ ਕੁਦਰਤ ਬਹੁਤ ਦਿਆਲੂ ਹੈ, ਇਹ ਇੱਕ ਹੱਦ ਤੱਕ ਮਨੁੱਖੀ ਗ਼ਲਤੀਆਂ ਨੂੰ ਬਰਦਾਸ਼ਤ ਕਰਦੀ ਹੈ ਅਤੇ ਸਭ ਜੀਵਾਂ ਨੂੰ ਬਰਾਬਰ ਸਮਝ ਕੇ ਵਿਹਾਰ ਕਰਦੀ ਹੈ। ਕੁਦਰਤ ਕਦੇ ਕਿਸੇ ਨਾਲ ਵਿਤਕਰਾ ਨਹੀਂ ਕਰਦੀ, ਪਰ ਜਦੋਂ ਇਸ ਦੇ ਸਬਰ ਦਾ ਬੰਨ੍ਹ ਟੁੱਟਦਾ ਹੈ ਤਾਂ ਵਿਨਾਸ਼ ਅਟੱਲ ਹੋ ਜਾਂਦਾ ਹੈ। ਇਸ ਭਿਆਨਕ ਸੰਕਟ ਤੋਂ ਬਚਣ ਲਈ ਸਾਨੂੰ ਅੱਜ ਹੀ ਸੁਚੇਤ ਹੋਣ ਦੀ ਲੋੜ ਹੈ। ਅਸੀਂ ਵੱਧ ਤੋਂ ਵੱਧ ਰੁੱਖ ਲਗਾ ਕੇ ਅਤੇ ਉਨ੍ਹਾਂ ਦੀ ਪੁੱਤਰਾਂ ਵਾਂਗ ਪਰਵਰਿਸ਼ ਕਰਕੇ ਕੁਦਰਤ ਨੂੰ ਬਚਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਸਕਦੇ ਹਾਂ। ਅੱਜ ਸਾਨੂੰ ਸਾਰਿਆਂ ਨੂੰ ਆਤਮ-ਚਿੰਤਨ ਕਰਨ ਦੀ ਲੋੜ ਹੈ ਕਿ ਸਾਡਾ ਫ਼ਰਜ਼ ਕੁਦਰਤ ਦੀ ਸੰਭਾਲ ਕਰਨਾ ਹੈ ਜਾਂ ਆਪਣੇ ਸਵਾਰਥ ਲਈ ਇਸ ਦਾ ਉਜਾੜਾ ਕਰਨਾ? ਇਸ ਸਵਾਲ ਦਾ ਸਹੀ ਜਵਾਬ ਹੀ ਮਨੁੱਖਤਾ ਦੇ ਸੁਨਹਿਰੀ ਭਵਿੱਖ ਦੀ ਤਕਦੀਰ ਤੈਅ ਕਰੇਗਾ।



# ਸਰਹੱਦ ਪਾਰਲੇ ਆਪਣੇ



ਅਣਵੰਡੇ ਪੰਜਾਬ ਵਿੱਚ ਬਹੁਤ ਸਾਰੇ ਲੋਕ ਸੁਨਹਿਰੀ ਭਵਿੱਖ ਦੀ ਭਾਲ ਵਿੱਚ ਪੂਰਬੀ ਪੰਜਾਬ ਤੋਂ ਪੱਛਮੀ ਹਿੱਸਿਆਂ ਵੱਲ ਹਿਜਰਤ ਕਰਦੇ ਸਨ ਕਿਉਂਕਿ ਉੱਥੋਂ ਦੀ ਜ਼ਮੀਨ ਬੇਹੱਦ ਜ਼ਰਖ਼ੇਜ਼ ਸੀ। ਲੋਕ ਲਾਇਲਪੁਰ, ਮੁਲਤਾਨ, ਬੂਰੇਵਾਲਾ ਅਤੇ ਖ਼ਾਨੇਵਾਲ ਵਰਗੇ ਖੇਤਰਾਂ ਵਿੱਚ ਖੇਤੀਬਾੜੀ ਜਾਂ ਕਾਰੋਬਾਰ ਕਰਨ ਜਾਂਦੇ ਸਨ। ਉਸ ਸਮੇਂ ਇਹ ਆਮ ਕਹਾਵਤ ਸੀ ਕਿ 'ਫਲਾਣੇ ਦਾ ਟੱਬਰ ਬਾਰ ਗਿਆ ਹੋਇਆ ਹੈ।' ਉਦੋਂ ਸਿੱਖ, ਮੁਸਲਮਾਨ, ਹਿੰਦੂ ਤੇ ਇਸਾਈ ਸਭ ਸਾਂਝੇ ਵਿਹੜਿਆਂ ਵਿੱਚ ਰਲ਼-ਮਿਲ ਕੇ ਰਹਿੰਦੇ ਸਨ। ਸਭ ਦੇ ਨਿਆਣੇ ਇਕੱਠੇ ਖੇਡਦੇ ਤੇ ਪਲਦੇ ਸਨ। ਕਦੇ ਮ੍ਹੀਦਾਂ ਖਾਲਾ ਦੇ ਚੁੱਲ੍ਹੇ 'ਤੇ ਰੋਟੀਆਂ ਖਾ ਲਈਆਂ, ਕਦੇ ਧੰਨੋ ਦੇ ਘਰੋਂ ਤੇ ਕਦੇ ਖੇਡਦੇ-ਖੇਡਦੇ ਕਮਲਾ ਤਾਈ ਦੇ ਤੰਦੂਰ 'ਤੇ ਜਾ ਬਹਿਣਾ। ਸਾਰੇ ਧਰਮਾਂ ਦੇ ਪਰਿਵਾਰਾਂ ਦੇ ਬੱਚੇ ਇਕੱਠੇ ਬੈਠ ਕੇ ਦੇਸੀ ਘਿਓ ਨਾਲ ਚੋਪੜੀਆਂ ਤੱਤੀਆਂ-ਤੱਤੀਆਂ ਰੋਟੀਆਂ ਉੱਤੇ ਸ਼ੱਕਰ ਰੱਖ ਕੇ ਸਵਾਦ ਨਾਲ ਛਕਦੇ। ਨਾ ਕੋਈ ਵੈਰ-ਵਿਰੋਧ ਸੀ ਅਤੇ ਨਾ ਹੀ ਧਰਮਾਂ ਕਰਕੇ ਆਪਸੀ ਰਿਸ਼ਤਿਆਂ ਵਿੱਚ ਕੋਈ ਵੱਡਾ ਪਾੜਾ ਸੀ।

ਫਿਰ ਧਰਮ ਦੇ ਆਧਾਰ 'ਤੇ ਪਾਕਿਸਤਾਨ ਬਣਨ ਦੀ ਚਰਚਾ ਨੇ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਵਿੱਚ ਅਜਿਹੀ ਵਿੱਥ ਪਾ ਦਿੱਤੀ ਕਿ ਸੰਨ '47 ਦੇ ਅੱਧ ਤੱਕ ਆਉਂਦਿਆਂ ਹੀ ਮੁਹੱਬਤ ਨਾਲ ਵੱਸਦੇ ਫ਼ਿਰਕਿਆਂ ਦਰਮਿਆਨ ਨਫ਼ਰਤ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ। ਸਿੱਖ ਤੇ ਹਿੰਦੂ ਚੜ੍ਹਦੇ ਪੰਜਾਬ ਵੱਲ ਅਤੇ ਮੁਸਲਮਾਨ ਲਹਿੰਦੇ ਪੰਜਾਬ ਵੱਲ ਹਿਜਰਤ ਕਰਨ ਲਈ ਮਜਬੂਰ ਹੋ ਗਏ। ਇਸ ਦੌਰਾਨ ਬੇਅੰਤ ਕਤਲੋਗ਼ਾਰਤ ਹੋਈ, ਘਰ-ਬਾਰ ਸਾੜ ਦਿੱਤੇ ਗਏ ਅਤੇ ਮਨੁੱਖੀ ਮਨਾਂ ਨੂੰ ਵਲੂੰਧਰਨ ਵਾਲੇ ਜਬਰ-ਜਨਾਹ ਹੋਏ। ਪੰਜਾਬੀਆਂ ਦੇ ਖ਼ੂਨ ਨਾਲ ਖ਼ੂਹਾਂ ਤੇ ਟੋਭਿਆਂ ਦਾ ਪਾਣੀ ਲਾਲ ਹੋ ਗਿਆ। ਜਾਇਦਾਦਾਂ ਲੁੱਟ ਲਈਆਂ ਗਈਆਂ। ਹਾਲਾਤ ਇੰਨੇ ਖ਼ੌਫ਼ਨਾਕ ਸਨ ਕਿ ਮਾਵਾਂ ਆਪਣੇ ਦੁੱਧ ਚੁੰਘਦੇ ਬੱਚਿਆਂ ਨੂੰ ਰਾਹਾਂ ਵਿੱਚ ਹੀ ਛੱਡਣ ਲਈ ਮਜਬੂਰ ਹੋ ਗਈਆਂ; ਸ਼ਾਇਦ ਇਸੇ ਲਈ ਕਿਹਾ ਜਾਂਦਾ ਹੈ ਕਿ 'ਉਸ ਵੇਲੇ ਮਾਵਾਂ ਤੋਂ ਪੁੱਤ ਨਹੀਂ ਸਨ ਸੰਭਾਲੇ ਗਏ'। ਸਿਆਸਤ ਨੇ ਅਜਿਹੀ ਲਕੀਰ ਖਿੱਚੀ ਕਿ ਪੁੱਤ ਮਾਪਿਆਂ ਤੋਂ, ਭੈਣਾਂ ਵੀਰਾਂ ਤੋਂ ਅਤੇ ਚਾਚੇ-ਭੂਆ ਆਪਣੇ ਭਤੀਜੇ-ਭਤੀਜੀਆਂ ਤੋਂ ਸਦਾ ਲਈ ਵਿਛੜ ਗਏ। ਵੰਡ ਦੇ ਦੁੱਖ ਹੰਢਾਉਣ ਵਾਲੀ ਉਸ ਪੀੜ੍ਹੀ ਦੇ ਲੋਕ ਤਕਰੀਬਨ ਪੌਣੀ ਸਦੀ ਬੀਤ ਜਾਣ ਮਗਰੋਂ ਹੁਣ ਬਹੁਤ ਘੱਟ ਰਹਿ ਗਏ ਹਨ, ਪਰ ਫਿਰ ਵੀ ਕਿਧਰੇ ਨਾ ਕਿਧਰੇ ਖ਼ੂਨ ਦੇ ਨੇੜਲੇ ਰਿਸ਼ਤੇ ਅਜੇ ਵੀ ਮਿਲ ਜਾਂਦੇ ਹਨ। ਅਜੋਕੀ ਤਕਨਾਲੋਜੀ (ਫੇਸਬੁੱਕ, ਵਟਸਐਪ ਅਤੇ ਐਕਸ/ਟਵਿੱਟਰ ਆਦਿ) ਸਦਕਾ ਹੁਣ ਦੂਜੀ ਜਾਂ ਤੀਜੀ ਪੀੜ੍ਹੀ ਦੇ ਬੱਚੇ ਆਪਣੇ ਉਨ੍ਹਾਂ ਵਿਛੜੇ ਰਿਸ਼ਤਿਆਂ ਨੂੰ ਲੱਭ ਰਹੇ ਹਨ, ਜੋ ਅੱਜ ਵੀ ਖ਼ੂਨ ਦੀ ਸਾਂਝ ਨੂੰ ਪਛਾਣਦੇ ਹਨ। ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਅਜਿਹੀਆਂ ਕਈ ਸੰਸਥਾਵਾਂ (ਤਨਜ਼ੀਮਾਂ) ਸਰਗਰਮ ਹਨ, ਜੋ ਸਰਹੱਦ ਦੇ ਦੋਵੇਂ ਪਾਸੇ ਵਿਛੜੇ ਰਿਸ਼ਤੇਦਾਰਾਂ ਨੂੰ ਮਿਲਾਉਣ ਦਾ ਉਪਰਾਲਾ ਕਰਦੀਆਂ ਹਨ। ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨਾਲ ਜਿੱਥੇ ਸੰਗਤ ਗੁਰਧਾਮ ਦੇ ਦਰਸ਼ਨ ਕਰ ਰਹੀ ਹੈ, ਉੱਥੇ ਹੀ ਕਈ ਵਿਛੜੇ ਪਰਿਵਾਰਾਂ ਦਾ ਮਿਲਾਪ ਵੀ ਹੋ ਰਿਹਾ ਹੈ। ਪਰ ਅਫ਼ਸੋਸ ਕਿ ਸਰਹੱਦ ਪਾਰ ਜਾ ਕੇ ਆਪਣਿਆਂ ਨੂੰ ਮਿਲਣਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ ਕਿਉਂਕਿ ਦੋਵਾਂ ਮੁਲਕਾਂ ਦੇ ਸਿਆਸੀ ਸਬੰਧ ਸੁਖਾਵੇਂ ਨਹੀਂ ਅਤੇ ਹਕੂਮਤਾਂ ਵੀਜ਼ੇ ਦੇਣ ਵਿੱਚ ਬਹੁਤ ਸਖ਼ਤੀ ਵਰਤਦੀਆਂ ਹਨ।

ਮੈਂ ਸਾਲ 1979 ਵਿੱਚ ਪਹਿਲੀ ਵਾਰ ਜਥੇ ਨਾਲ ਲਾਹੌਰ ਗਿਆ ਸਾਂ ਅਤੇ ਉੱਥੇ ਆਪਣੀ ਸਕੀ ਭੂਆ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਭੂਆ ਵੱਲੋਂ ਤੋਹਫ਼ੇ ਵਜੋਂ ਦਿੱਤਾ ਹੋਇਆ 'ਡੱਬੀਆਂ ਵਾਲਾ ਖੇਸ' ਮੇਰੀ ਲੇਖਣੀ ਦਾ ਇੱਕ ਬਹੁਤ ਹੀ ਮਕਬੂਲ ਕਿੱਸਾ ਬਣ ਗਿਆ। ਇਸ ਤੋਂ ਬਾਅਦ 1991 ਵਿੱਚ ਜਦੋਂ ਮੈਂ ਲਾਹੌਰ ਦੇ 'ਅਲਹਮਰਾ ਆਰਟ ਸੈਂਟਰ' ਵਿੱਚ ਇੱਕ ਕਾਨਫਰੰਸ ਦੌਰਾਨ ਲੈਕਚਰ ਦੇਣ ਗਿਆ ਤਾਂ ਉੱਥੇ ਆਪਣੀ ਮਾਸੀ ਸੱਸ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲ ਕੇ ਆਇਆ। ਸਾਲ 2023 ਵਿੱਚ ਜਦੋਂ ਵਿਸਾਖੀ ਦੇ ਜਥੇ ਲਈ ਸਾਡਾ ਵੀਜ਼ਾ ਲੱਗਾ ਤਾਂ ਮੈਂ ਅਤੇ ਮੇਰੀ ਪਤਨੀ ਇੰਦਰਜੀਤ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਸੱਚਾ ਸੌਦਾ (ਚੂਹੜਕਾਣਾ), ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਅਤੇ ਲਾਹੌਰ ਦੇ ਗੁਰਧਾਮਾਂ ਦੇ ਦਰਸ਼ਨ ਕੀਤੇ। ਇਨ੍ਹਾਂ ਦਰਸ਼ਨਾਂ ਦੇ ਨਾਲ-ਨਾਲ ਸਾਨੂੰ ਖ਼ੂਨ ਦੇ ਰਿਸ਼ਤਿਆਂ ਨੂੰ ਰੀਝ ਨਾਲ ਮਿਲਣ ਦਾ ਮੌਕਾ ਵੀ ਮਿਲਿਆ। ਚੰਡੀਗੜ੍ਹ ਤੋਂ ਰਵਾਨਾ ਹੋਣ ਵੇਲੇ ਜਦੋਂ ਵਟਸਐਪ ਕਾਲ 'ਤੇ ਭੂਆ ਦੇ ਪੋਤਰੇ ਅਨਵਰ ਨੇ ਬੜੇ ਮੋਹ ਨਾਲ ਪੁੱਛਿਆ, "ਚਾਚਾ ਕੀ ਹਾਲ ਆ...? ਸਭ ਖ਼ੈਰੀਅਤ? ਚਾਚੀ ਨੂੰ ਵੀ ਨਾਲ ਹੀ ਲੈ ਕੇ ਆਵੀਂ," ਤਾਂ ਮਨ ਖ਼ੁਸ਼ੀ ਨਾਲ ਭਰ ਗਿਆ। ਮੈਂ ਵੀ ਦੱਸ ਦਿੱਤਾ ਕਿ ਅਸੀਂ ਦੋਵੇਂ ਹੀ ਆ ਰਹੇ ਹਾਂ। ਉਨ੍ਹਾਂ ਦੇ ਪੂਰੇ ਪਰਿਵਾਰ ਦੀ ਖ਼ੁਸ਼ੀ ਦਾ ਅੰਦਾਜ਼ਾ ਮੈਂ ਫ਼ੋਨ 'ਤੇ ਹੁੰਦੀਆਂ ਗੱਲਾਂ ਤੋਂ ਸਹਿਜੇ ਹੀ ਲਾ ਸਕਦਾ ਸਾਂ।

"ਜਥੇ ਨੇ ਵਾਹਗਾ ਬਾਰਡਰ ਤੋਂ ਏਸੀ ਬੱਸਾਂ ਰਾਹੀਂ ਸਿੱਧਾ ਨਨਕਾਣਾ ਸਾਹਿਬ ਜਾਣਾ ਹੈ। ਵਾਪਸੀ 'ਤੇ ਲਾਹੌਰ ਵਿੱਚ ਤਿੰਨ ਦਿਨਾਂ ਦਾ ਪ੍ਰੋਗਰਾਮ ਹੈ, ਉਦੋਂ ਹੀ ਤਸੱਲੀ ਨਾਲ ਮਿਲਾਂਗੇ..."। ਚੰਡੀਗੜ੍ਹ ਤੋਂ ਅੰਮ੍ਰਿਤਸਰ ਪੁੱਜ ਕੇ ਮੈਂ ਫ਼ੋਨ 'ਤੇ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ ਕਿਉਂਕਿ ਸਰਹੱਦ ਪਾਰ ਕਰਨ ਤੋਂ ਬਾਅਦ ਮੋਬਾਈਲ ਨੈੱਟਵਰਕ ਜਾਂ ਵਟਸਐਪ ਕੰਮ ਨਹੀਂ ਕਰਦੇ। ਅਸੀਂ ਰਾਤ ਕੁਵੇਲੇ ਨਨਕਾਣਾ ਸਾਹਿਬ ਪੁੱਜੇ ਅਤੇ ਸਾਡੇ ਰਹਿਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਸੀ। ਅਗਲੇ ਦਿਨ ਜਥੇ ਦੇ ਨਾਲ ਬੱਸਾਂ ਰਾਹੀਂ ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ (ਫ਼ਾਰੂਕਾਬਾਦ) ਦੇ ਦਰਸ਼ਨ ਕੀਤੇ। ਸ਼ਾਮ ਪੰਜ ਵਜੇ ਦੇ ਕਰੀਬ ਜਦੋਂ ਅਸੀਂ ਵਾਪਸ ਨਨਕਾਣਾ ਸਾਹਿਬ ਪਹੁੰਚੇ ਤਾਂ ਪਤਾ ਲੱਗਾ ਕਿ ਗੁਰਦੁਆਰਾ ਜਨਮ ਅਸਥਾਨ ਦੇ ਮੁੱਖ ਗੇਟ ਦੇ ਬਾਹਰ ਅਨਵਰ ਆਪਣੇ ਪਰਿਵਾਰ ਸਮੇਤ ਸਾਡੀ ਉਡੀਕ ਕਰ ਰਿਹਾ ਸੀ। ਅਨਵਰ ਨੂੰ ਮੈਂ ਤਕਰੀਬਨ 40 ਸਾਲ ਪਹਿਲਾਂ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਦੇ ਬਾਹਰ ਮਿਲਿਆ ਸਾਂ। ਉਦੋਂ ਉਹ ਅਜੇ ਲੂੰਆਂ ਜਿਹਾ (ਬਾਲ ਉਮਰ) ਸੀ, ਜਿਸ ਦਾ ਜ਼ਿਕਰ ਮੇਰੇ ਲੇਖ "ਡੱਬੀਆਂ ਵਾਲਾ ਖੇਸ" ਵਿੱਚ ਵੀ ਮਿਲਦਾ ਹੈ। ਅੱਜ ਉਸ ਨੇ ਵਟਸਐਪ ਅਤੇ ਫੇਸਬੁੱਕ ਦੀਆਂ ਤਸਵੀਰਾਂ ਸਦਕਾ ਸਾਨੂੰ ਦੋਵਾਂ ਨੂੰ ਪਛਾਣ ਲਿਆ। ਇੱਕ-ਦੂਜੇ ਨੂੰ ਦੇਖਦਿਆਂ ਹੀ ਦਿਲ ਦੀਆਂ ਧੜਕਣਾਂ ਤੇਜ਼ ਹੋ ਗਈਆਂ ਅਤੇ ਅੱਖਾਂ ਵਿੱਚ ਗਲੇਡੂ (ਖ਼ੁਸ਼ੀ ਦੇ ਹੰਝੂ) ਭਰ ਆਏ। ਚਾਚੇ-ਭਤੀਜੇ ਨੇ ਇੱਕ-ਦੂਜੇ ਨੂੰ ਘੁੱਟ ਕੇ ਜੱਫੀਆਂ ਪਾਈਆਂ। ਅਨਵਰ ਦੀ ਬੇਗ਼ਮ ਰਜ਼ੀਆ ਅਤੇ ਮੇਰੀ ਪਤਨੀ ਇੰਦਰਜੀਤ ਵੀ ਬੜੀ ਗਰਮਜੋਸ਼ੀ ਨਾਲ ਗ਼ਲਵਕੜੀ ਪਾ ਕੇ ਮਿਲੀਆਂ। ਗੁਰਦੁਆਰਾ ਸਾਹਿਬ ਦੀ ਕੰਧ ਕੋਲ ਸਾਨੂੰ ਖ਼ੁਸ਼ਆਮਦੀਦ ਕਹਿਣ ਲਈ ਅਨਵਰ ਨੇ ਮੇਰੇ ਅਤੇ ਰਜ਼ੀਆ ਨੇ ਇੰਦਰਜੀਤ ਦੇ ਗਲ਼ ਵਿੱਚ ਫੁੱਲ-ਮਾਲਾਵਾਂ ਪਾਈਆਂ। "ਅਨਵਰ..., ਤੁਸੀਂ ਐਨੀ ਖੇਚਲ ਕਿਉਂ ਕੀਤੀ? ਲਾਹੌਰ ਤੋਂ ਚੱਲ ਕੇ ਇੱਥੇ ਆ ਗਏ, ਅਸੀਂ ਚਾਰ-ਪੰਜ ਦਿਨਾਂ ਬਾਅਦ ਉੱਥੇ ਆ ਹੀ ਜਾਣਾ ਸੀ...?" ਮੈਂ ਭਰਿਆ ਗਲਾ ਸਾਫ਼ ਕਰਦਿਆਂ ਕਿਹਾ। ਅਨਵਰ ਦਾ ਜਵਾਬ ਬਹੁਤ ਭਾਵੁਕ ਸੀ, "ਚਾਚਾ, ਸਾਡੇ ਕੋਲੋਂ ਚਾਰ-ਪੰਜ ਦਿਨਾਂ ਦਾ ਇੰਤਜ਼ਾਰ ਨਹੀਂ ਹੋਇਆ, ਮਨ ਨੇ ਸਬਰ ਹੀ ਨਹੀਂ ਕੀਤਾ। ਅਸੀਂ ਦੁਪਹਿਰ ਦੋ ਵਜੇ ਤੋਂ ਇੱਥੇ ਰਾਹਾਂ 'ਤੇ ਨਜ਼ਰਾਂ ਵਿਛਾਈ ਬੈਠੇ ਸਾਂ। ਮੇਰਾ ਖ਼ੁਦਾ ਬੜਾ ਮਿਹਰਬਾਨ ਹੈ ਕਿ ਤੁਸੀਂ ਮਿਲ ਗਏ, ਨਹੀਂ ਤਾਂ ਸਾਨੂੰ ਮਾਯੂਸ ਹੋ ਕੇ ਵਾਪਸ ਮੁੜਨਾ ਪੈਣਾ ਸੀ ਅਤੇ ਲਾਹੌਰ ਵਿੱਚ ਹੋਰ ਪੰਜ ਦਿਨ ਉਡੀਕਣਾ ਪੈਣਾ ਸੀ।"

ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਜਥੇ ਸਮੇਤ ਅਸੀਂ ਸ੍ਰੀ ਪੰਜਾ ਸਾਹਿਬ ਗਏ ਅਤੇ ਫਿਰ ਲਾਹੌਰ ਪਹੁੰਚੇ। ਗੁਰਦੁਆਰਾ ਡੇਰਾ ਸਾਹਿਬ ਵਿਖੇ ਠਹਿਰਾਅ ਦੌਰਾਨ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ, ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਸਮਾਧਾਂ ਅਤੇ ਸ਼ਾਹੀ ਕਿਲ੍ਹਾ ਵੇਖਿਆ। ਇਹ ਉਹੀ ਇਤਿਹਾਸਕ ਕਿਲ੍ਹਾ ਹੈ, ਜਿਸ ਦੀ ਕੰਧ ਉੱਤੋਂ ਬਾਬਾ ਬਿਧੀ ਚੰਦ ਜੀ ਨੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਟਪਾ ਕੇ ਰਾਵੀ ਵਿੱਚ ਛਾਲ ਮਾਰੀ ਸੀ। ਇਨ੍ਹਾਂ ਇਤਿਹਾਸਕ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕਰਨ ਦੇ ਨਾਲ-ਨਾਲ ਅਸੀਂ ਚਾਰ-ਪੰਜ ਘੰਟੇ ਅਨਵਰ ਦੇ ਪਰਿਵਾਰ ਨਾਲ ਬਿਤਾਏ। ਭੂਆ ਦੇ ਪਿੰਡ 'ਰੋਸੇ-ਭੈਲ' (ਜ਼ਿਲ੍ਹਾ ਕਸੂਰ) ਤੋਂ ਬਾਕੀ ਭਰਾ ਵੀ ਆਪਣੇ ਪਰਿਵਾਰਾਂ ਸਮੇਤ ਲਾਹੌਰ ਆਏ ਹੋਏ ਸਨ। ਉੱਥੇ ਮਾਹੌਲ ਕਿਸੇ ਵਿਆਹ ਵਰਗਾ ਬਣ ਗਿਆ ਸੀ। ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਹੋਇਆ, ਖ਼ੁਸ਼ੀਆਂ ਸਾਂਝੀਆਂ ਕੀਤੀਆਂ, ਸੈਲਫ਼ੀਆਂ ਲਈਆਂ ਅਤੇ ਵੀਡੀਓਗ੍ਰਾਫੀ ਤੋਂ ਬਾਅਦ ਸਭ ਨੇ ਮਿਲ ਕੇ ਦੁਪਹਿਰ ਦਾ ਖਾਣਾ ਖਾਧਾ। ਅਖ਼ੀਰ ਹੰਝੂ ਭਰੀਆਂ ਅੱਖਾਂ ਨਾਲ ਇੱਕ-ਦੂਜੇ ਤੋਂ ਵਿਦਾਇਗੀ ਲਈ। ਇਸੇ ਤਰ੍ਹਾਂ ਅਗਲੇ ਦਿਨ ਪਤਨੀ ਇੰਦਰਜੀਤ ਦੀ ਸਕੀ ਮਾਸੀ ਆਸੋ (ਧਰਮ ਪਰਿਵਰਤਨ ਤੋਂ ਬਾਅਦ ਅਫ਼ਸ਼ਾਂ) ਦੇ ਤਿੰਨਾਂ ਪੁੱਤਰਾਂ ਨੂੰ ਲਾਹੌਰ ਵਿੱਚ ਮਿਲਣ ਦਾ ਸਬੱਬ ਬਣਿਆ। ਮਾਸੀ ਦੇ ਇਹ ਤਿੰਨੇ ਪੁੱਤਰ ਸਾਲ 2019 ਵਿੱਚ ਸਾਨੂੰ ਕਰਤਾਰਪੁਰ ਸਾਹਿਬ ਵੀ ਮਿਲਣ ਆਏ ਸਨ। ਇਸ ਵਾਰ ਅਸੀਂ ਵੱਡੇ ਦੋ ਪੁੱਤਰਾਂ ਨੂੰ ਉਨ੍ਹਾਂ ਦੇ ਪਿੰਡ ਸ਼ਰਕਪੁਰ (ਜ਼ਿਲ੍ਹਾ ਸ਼ੇਖ਼ੂਪੁਰਾ) ਵਿਖੇ ਹੀ ਮਿਲ ਲਿਆ ਸੀ। ਉੱਥੇ ਵੀ ਫੁੱਲਾਂ ਦੀ ਬਰਸਾਤ ਨਾਲ ਸਾਡਾ ਸਵਾਗਤ ਹੋਇਆ। ਉਹ ਪਲ ਬਹੁਤ ਹੀ ਭਾਵੁਕ ਸਨ। ਮੈਂ ਸਾਲ 1991 ਵਿੱਚ ਅਲਹਮਰਾ ਆਰਟ ਸੈਂਟਰ ਵਿੱਚ ਹੋਈ ਪੈਥਾਲੋਜੀ ਦੀ ਕਾਨਫਰੰਸ ਵੇਲੇ ਮਾਸੀ ਨੂੰ ਪਹਿਲੀ ਤੇ ਆਖ਼ਰੀ ਵਾਰ ਮਿਲਿਆ ਸਾਂ; ਹੁਣ ਉਹ ਇਸ ਜਹਾਨੋਂ ਕੂਚ ਕਰ ਚੁੱਕੀ ਹੈ। ਉਸ ਵੇਲੇ ਮਾਸੀ ਨੇ ਮੈਨੂੰ ਇੱਕ ਪੁਰਾਣੀ ਗੱਲ ਦੱਸੀ ਸੀ, "ਸਾਲ 1959 ਵਿੱਚ ਜਦੋਂ ਭੈਣ ਸੰਮੋ (ਮੇਰੀ ਸਵਰਗਵਾਸੀ ਸੱਸ ਦਲੀਪ ਕੌਰ) ਪਰਿਵਾਰ ਸਮੇਤ ਇੱਥੇ ਆਈ ਸੀ, ਤਾਂ ਮੈਂ ਕਿਹਾ ਸੀ- ਭੈਣੇ, ਤੇਰੇ ਕੋਲ ਤਿੰਨ ਧੀਆਂ ਨੇ ਤੇ ਮੇਰੇ ਕੋਲ ਕੋਈ ਨਹੀਂ, ਆਹ ਵਿਚਕਾਰਲੀ ਕੁੜੀ ਮੈਨੂੰ ਦੇ ਜਾ...।" ਤਦ ਸੰਮੋ ਨੇ ਜਵਾਬ ਦਿੱਤਾ ਸੀ, "ਜੇ ਤੂੰ ਹਿੰਦੁਸਤਾਨ ਹੁੰਦੀ ਤਾਂ ਮੈਂ ਤੈਨੂੰ ਆਪਣੀ ਧੀ ਬਿਨਾਂ ਝਿਜਕ ਦੇ ਦਿੰਦੀ, ਪਰ ਮੈਂ ਆਪਣੇ ਜਿਗਰ ਦਾ ਟੁਕੜਾ ਪਾਕਿਸਤਾਨ ਵਿੱਚ ਛੱਡ ਕੇ ਨਹੀਂ ਜਾ ਸਕਦੀ।" ਇਸੇ ਤਰ੍ਹਾਂ ਚੀਚਾ ਵਤਨੀ ਰਹਿੰਦਾ ਸਭ ਤੋਂ ਛੋਟਾ ਮਾਮਾ ਸੁਰਜਣ (ਹੁਣ ਗ਼ੁਲਾਮ ਰਸੂਲ) ਆਪਣੀ ਵਡੇਰੀ ਉਮਰ ਅਤੇ ਸਿਹਤ ਕਾਰਨ ਲਾਹੌਰ ਆ ਕੇ ਸਾਨੂੰ ਨਹੀਂ ਮਿਲ ਸਕਿਆ, ਪਰ ਫੋਨ 'ਤੇ ਗੱਲਬਾਤ ਹੋਈ। ਜਦੋਂ ਉਸ ਨੇ ਇੰਦਰਜੀਤ ਨਾਲ ਗੱਲ ਕੀਤੀ ਤਾਂ ਕਹਿਣ ਲੱਗਾ, "ਧੀਏ, ਮੈਨੂੰ ਤਾਂ ਇੰਝ ਲੱਗ ਰਿਹੈ ਜਿਵੇਂ ਮੈਂ ਸੰਮੋ ਨਾਲ ਈ ਗੱਲ ਕਰਨ ਡਿਆਂ।"

ਵਾਹਗੇ ਵਾਲੀ ਲਕੀਰ ਖਿੱਚਣ ਵਾਲੇ ਰੈੱਡਕਲਿਫ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਬਾਸ਼ਿੰਦਿਆਂ ਦੇ ਇਸ ਗੁੰਝਲਦਾਰ ਤਾਣੇ-ਪੇਟੇ ਵਾਲੇ ਰਿਸ਼ਤਿਆਂ ਬਾਰੇ ਕੋਈ ਇਲਮ ਨਹੀਂ ਸੀ। ਕਹਿੰਦੇ ਨੇ ਕਿ ਕੁਝ ਸਾਲਾਂ ਬਾਅਦ ਜਦੋਂ ਉਸ ਨੂੰ ਇਸ ਵੰਡ ਦੇ ਭਿਆਨਕ ਨਤੀਜਿਆਂ ਅਤੇ ਲੋਕਾਂ ਦੇ ਉੱਜੜਨ ਦਾ ਪਤਾ ਲੱਗਾ ਤਾਂ ਉਹ ਆਪਣੇ ਮੱਥੇ 'ਤੇ ਹੱਥ ਮਾਰ ਕੇ ਕਹਿੰਦਾ ਸੀ, "ਮੈਥੋਂ ਬਹੁਤ ਵੱਡੀ ਭੁੱਲ ਹੋ ਗਈ।" ਅੱਲਾ ਦੀਆਂ ਰੁਸ਼ਨਾਈਆਂ ਸਭ ਲਈ ਸਾਂਝੀਆਂ ਹਨ। ਜੇ ਇਹ ਸਾਰੀ ਧਰਤੀ ਰੱਬ ਦੀ ਹੈ ਤਾਂ ਫਿਰ ਮਨੁੱਖਾਂ ਵਿਚਾਲੇ ਇਹ ਨਫ਼ਰਤ ਦੀਆਂ ਲਕੀਰਾਂ ਕਿਸ ਨੇ ਵਾਹੀਆਂ ਨੇ?



# ਹੈਨਰੀ ਨੋਵਾਕ ਕਤਲ ਮਾਮਲਾ: ਜੇਡੀ ਵੈਂਸ ਦੀ ਪੋਸਟ 'ਤੇ ਯੂਕੇ ਦਾ ਗੁੱਸਾ!



ਹੈਨਰੀ ਨੋਵਾਕ ਦੇ ਕਤਲ ਬਾਰੇ ਜੇਡੀ ਵੈਂਸ ਦੀਆਂ ਟਿੱਪਣੀਆਂ ਤੋਂ ਬਾਅਦ, ਯੂਕੇ ਵਿੱਚ ਡਾਊਨਿੰਗ ਸਟ੍ਰੀਟ ਵੱਲੋਂ ਕਿਹਾ ਗਿਆ ਹੈ ਕਿ “ਅਸੀਂ ਉਨ੍ਹਾਂ ਲੋਕਾਂ ਦੀ ਆਲੋਚਨਾ ਕਰਦੇ ਹਾਂ ਜੋ ਸਾਡੇ ਲੋਕਤੰਤਰ ਵਿੱਚ ਦਖ਼ਲ ਦੇਣ ਅਤੇ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।"

ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ 18 ਸਾਲਾ ਬ੍ਰਿਟਿਸ਼ ਵਿਦਿਆਰਥੀ ਦੀ ਮੌਤ ਲਈ "ਪਰਵਾਸੀਆਂ ਦੀ ਵੱਡੇ ਪੱਧਰ 'ਤੇ ਆਮਦ" ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਹੈਨਰੀ ਨੋਵਾਕ ਦੀ ਪਿਛਲੇ ਸਾਲ ਦਸੰਬਰ ਵਿੱਚ ਸਾਊਥਹੈਂਪਟਨ ਵਿੱਚ ਵਿਕਰਮ ਦਿਗਵਾ ਨੇ ਚਾਕੂ ਮਾਰ ਕੇ ਕਤਲ ਕਰ ਦਿੱਤੀ ਸੀ। ਵੈਂਸ ਨੇ ਕਿਹਾ ਕਿ ਇਸ ਦਾ "ਇੱਕੋ-ਇੱਕ ਜਵਾਬ" "ਸਹੀ ਗੁੱਸਾ" ਹੈ।

ਐਕਸ 'ਤੇ ਕੀਤੀ ਗਈ ਪੋਸਟ ਤੋਂ ਬਾਅਦ, ਡਾਊਨਿੰਗ ਸਟ੍ਰੀਟ (ਯੂਕੇ ਦੇ ਪ੍ਰਧਾਨ ਮੰਤਰੀ ਦੀ ਰਿਹਾਇਸ਼) ਦੇ ਇੱਕ ਬੁਲਾਰੇ ਨੇ ਕਿਹਾ ਕਿ ਨੋਵਾਕ ਦੇ ਪਰਿਵਾਰ ਨੇ ਕਿਹਾ ਹੈ ਕਿ "ਉਹ ਨਹੀਂ ਚਾਹੁੰਦੇ ਕਿ ਉਸ ਦੀ ਮੌਤ ਨੂੰ ਹੋਰ ਫੁੱਟ ਪਾਉਣ ਲਈ ਵਰਤਿਆ ਜਾਵੇ।"

ਬਿਆਨ ਵਿੱਚ ਕਿਹਾ ਗਿਆ, "ਸਾਡੀ ਰਾਜਨੀਤੀ ਸਭ ਤੋਂ ਮਾੜੇ ਹਾਲਾਤ ਵਿੱਚ ਵੀ ਲੋਕਾਂ ਨੂੰ ਇਕੱਠਾ ਰੱਖਣ ਵਾਲੀ ਹੋਣੀ ਚਾਹੀਦੀ ਹੈ। ਇੱਕ ਦੇਸ਼ ਵਜੋਂ ਅਸੀਂ ਅਜਿਹੇ ਹੀ ਹਾਂ।"

ਮੰਗਲਵਾਰ ਨੂੰ ਸਾਊਥਹੈਂਪਟਨ ਵਿੱਚ ਹਿੰਸਕ ਪ੍ਰਦਰਸ਼ਨ ਹੋਏ। ਇਹ ਪ੍ਰਦਰਸ਼ਨ ਉਸ ਵੇਲੇ ਸ਼ੁਰੂ ਹੋਏ ਜਦੋਂ ਬਾਡੀਕੈਮ ਫੁਟੇਜ ਜਾਰੀ ਹੋਈ, ਜਿਸ ਵਿੱਚ ਪੁਲਿਸ ਨੋਵਾਕ ਨੂੰ ਹੱਥਕੜੀਆਂ ਪਾਉਂਦੀ ਨਜ਼ਰ ਆ ਰਹੀ ਸੀ, ਜਦਕਿ ਉਹ ਜ਼ਿੰਦਗੀ ਅਤੇ ਮੌਤ ਨਾਲ ਲੜ ਰੜੇ ਸਨ। ਦਿਗਵਾ ਨੇ ਝੂਠਾ ਦਾਅਵਾ ਕੀਤਾ ਸੀ ਕਿ ਉਹ ਨਸਲੀ ਹਮਲੇ ਦਾ ਸ਼ਿਕਾਰ ਹੋਇਆ ਹੈ।

ਦਿਗਵਾ ਨੂੰ ਉਮਰ ਕੈਦ ਦੀ ਸਜ਼ਾ (ਘੱਟੋ-ਘੱਟ 21 ਸਾਲ) ਸੁਣਾਈ ਗਈ ਹੈ। ਉਸ ਨੇ ਨੋਵਾਕ ਦੀ ਹੱਤਿਆ ਲਈ 21 ਸੈਂਟੀਮੀਟਰ (8 ਇੰਚ) ਲੰਬੇ ਬਲੇਡ ਦੀ ਵਰਤੋਂ ਕੀਤੀ ਸੀ। ਉਸ ਨੇ ਕਿਹਾ ਸੀ ਕਿ ਉਹ ਆਪਣੀ ਸਿੱਖ ਆਸਥਾ ਦੇ ਤਹਿਤ ਇਹ ਬਲੇਡ ਰੱਖਦਾ ਸੀ।

ਇਹ ਘਟਨਾ ਉਸ ਵੇਲੇ ਵਾਪਰੀ ਸੀ ਜਦੋਂ ਨੋਵਾਕ 3 ਦਸੰਬਰ ਨੂੰ ਆਪਣੇ ਦੋਸਤਾਂ ਨਾਲ ਸ਼ਾਮ ਬਿਤਾਉਣ ਤੋਂ ਬਾਅਦ ਇੱਕਲੇ ਘਰ ਵਾਪਸ ਜਾ ਰਹੇ ਸਨ।

**ਜੇਡੀ ਵੈਂਸ ਨੇ ਕੀ ਕਿਹਾ**

ਆਪਣੀ ਪੋਸਟ ਵਿੱਚ ਜੇਡੀ ਵੈਂਸ ਨੇ ਕਿਹਾ ਕਿ ਨੋਵਾਕ ਦੀ ਮੌਤ "ਬਿਲਕੁਲ ਉਸੇ ਤਰ੍ਹਾਂ ਹੋਈ ਜਿਵੇਂ ਕੋਈ ਸੱਭਿਅਤਾ ਮਰਦੀ ਹੈ- ਅਧਿਕਾਰੀਆਂ ਵੱਲੋਂ ਇਕੱਲਾ ਛੱਡ ਦਿੱਤਾ ਜਾਣਾ ਅਤੇ ਹੱਥਕੜੀਆਂ ਲਗਾ ਦਿੱਤਾ ਜਾਣਾ, ਜਿਨ੍ਹਾਂ ਨੇ ਨਾ ਤਾਂ ਉਨ੍ਹਾਂ 'ਤੇ ਭਰੋਸਾ ਕੀਤਾ ਅਤੇ ਨਾ ਹੀ ਉਨ੍ਹਾਂ ਦੀ ਪਰਵਾਹ ਕੀਤੀ।"

ਉਨ੍ਹਾਂ ਕਿਹਾ ਕਿ ਇਹ ਹੱਤਿਆ "ਜਿੰਨੀ ਦੁਖਦਾਈ ਹੈ, ਓਨੀ ਹੀ ਗੁੱਸਾ ਦਿਵਾਉਣ ਵਾਲੀ ਵੀ ਹੈ।"

ਉਨ੍ਹਾਂ ਕਿਹਾ, “ਨੋਵਾਕ ਅੱਜ ਵੀ ਜ਼ਿੰਦਾ ਹੁੰਦਾ "ਜੇ ਯੂਰਪੀਅਨ ਕੁਲੀਨ ਵਰਗ ਦੀਆਂ ਪਿਛਲੀਆਂ ਕੁਝ ਪੀੜ੍ਹੀਆਂ ਸਵੈ-ਨਫ਼ਰਤ ਦੀ ਰਾਜਨੀਤੀ ਅਤੇ ਪਰਵਾਸੀਆਂ ਦੇ ਸਮੂਹਿਕ ਹਮਲੇ ਦੇ ਵਿਰੁੱਧ ਖੜ੍ਹੀਆਂ ਹੁੰਦੀਆਂ।"

ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ ਨੇ ਪੁਸ਼ਟੀ ਕੀਤੀ ਹੈ ਕਿ ਦਿਗਵਾ ਬ੍ਰਿਟਿਸ਼ ਮੂਲ ਦਾ ਸੀ।

**ਯੂਕੇ ਵੱਲੋਂ ਤਿੱਖੀ ਆਲੋਚਨਾ**

ਬੱਚੇ ਅਤੇ ਪਰਿਵਾਰ ਸਬੰਧੀ ਮੰਤਰਾਲੇ ਦੇ ਮੰਤਰੀ ਜੋਸ਼ ਮੈਕਐਲਿਸਟਰ ਨੇ ਵੀ ਬੀਬੀਸੀ ਰੇਡੀਓ 4 ਦੇ 'ਐਨੀ ਕੁਐਸ਼ਚਨਜ਼' ਪ੍ਰੋਗਰਾਮ ਵਿੱਚ ਵੈਂਸ ਦੀ ਆਲੋਚਨਾ ਕੀਤੀ।

ਉਨ੍ਹਾਂ ਕਿਹਾ, "ਕੁਝ ਲੋਕ ਇਸ ਤਰ੍ਹਾਂ ਦੀ ਜ਼ਹਿਰੀਲੀ ਰਾਜਨੀਤੀ ਨੂੰ ਇੱਥੇ ਯੂਕੇ ਵਿੱਚ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਮੈਂ ਇਸ ਦਾ ਕਿਸੇ ਵੀ ਤਰ੍ਹਾਂ ਹਿੱਸਾ ਨਹੀਂ ਬਣਨਾ ਚਾਹੁੰਦਾ।"

ਉਨ੍ਹਾਂ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਸਾਨੂੰ ਅਮਰੀਕੀ ਆਗੂਆਂ ਤੋਂ ਇਹ ਸਲਾਹ ਲੈਣ ਦੀ ਲੋੜ ਹੈ ਕਿ ਇੱਥੇ ਯੂਕੇ ਵਿੱਚ ਪ੍ਰਭਾਵਸ਼ਾਲੀ ਪੁਲਿਸਿੰਗ ਕਿਵੇਂ ਕੀਤੀ ਜਾਵੇ।"

ਸ਼ੁੱਕਰਵਾਰ ਨੂੰ ਕਨਜ਼ਰਵੇਟਿਵ ਪਾਰਟੀ ਦੀ ਆਗੂ ਕੇਮੀ ਬੇਡਨੋਕ ਨੇ ਨੋਵਾਕ ਦੀ ਮੌਤ ਨਾਲ ਜੁੜੇ ਹਾਲਾਤਾਂ ਦੀ "ਸੁਤੰਤਰ ਅਤੇ ਤੇਜ਼ ਸਮੀਖਿਆ" ਦੀ ਮੰਗ ਕੀਤੀ।

ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੂੰ ਲਿਖੇ ਇੱਕ ਪੱਤਰ ਵਿੱਚ ਉਨ੍ਹਾਂ ਕਿਹਾ, "ਇਸ ਘਟਨਾ ਤੋਂ ਬਾਅਦ ਜੋ ਕੁਝ ਹੋਇਆ, ਉਸ ਬਾਰੇ ਉੱਠੇ ਸਵਾਲ ਜਨਤਾ ਲਈ ਬਹੁਤ ਹੀ ਮਾਅਨੇ ਰੱਖਦੇ ਹਨ।"

"ਇਹ ਸਵਾਲ ਸਿਰਫ਼ ਹੈਨਰੀ ਨਾਲ ਹੋਈ ਘਟਨਾ ਨਾਲ ਹੀ ਨਹੀਂ ਜੁੜੇ, ਸਗੋਂ ਪੁਲਿਸ 'ਤੇ ਲੋਕਾਂ ਦੇ ਭਰੋਸੇ ਅਤੇ ਸਾਡੇ ਸੰਸਥਾਨਾਂ ਦੀ ਉਸ ਸਮਰੱਥਾ ਨਾਲ ਵੀ ਜੁੜੇ ਹਨ, ਜਿਸ ਲਈ ਉਹ ਬਣਾਏ ਗਏ ਹਨ - ਅਰਥਾਤ ਲੋਕਾਂ ਦੀ ਸੁਰੱਖਿਆ ਕਰਨਾ।"

**ਮਸਕ ਦੀ ਪੋਸਟ 'ਤੇ ਯੂਕੇ ਦੇ ਪੀਐੱਮ ਦੀ ਪ੍ਰਤੀਕਿਰਿਆ**

ਇੰਡਿਪੈਂਡੈਂਟ ਆਫ਼ਿਸ ਫ਼ਾਰ ਪੁਲਿਸ ਕੰਡਕਟ' ਪਹਿਲਾਂ ਹੀ ਮਾਮਲੇ 'ਚ ਸ਼ਾਮਲ ਪੁਲਿਸ ਅਧਿਕਾਰੀਆਂ ਦੇ ਵਿਵਹਾਰ ਦੀ ਜਾਂਚ ਕਰ ਰਿਹਾ ਹੈ। ਇਸ ਤੋਂ ਇਲਾਵਾ, ਅਗਲੇ ਸਾਲ ਇੱਕ ਜਾਂਚ ਜੂਰੀ ਇਸ ਗੱਲ 'ਤੇ ਵਿਚਾਰ ਕਰੇਗੀ ਕਿ ਕੀ "ਪੁਲਿਸ ਅਧਿਕਾਰੀਆਂ ਦੀ ਕਿਸੇ ਕਾਰਵਾਈ ਜਾਂ ਲਾਪਰਵਾਹੀ" ਜਾਂ ਇਲਾਜ ਵਿੱਚ ਦੇਰੀ ਕਾਰਨ ਨੋਵਾਕ ਦੀ ਮੌਤ ਹੋਈ ਜਾਂ ਉਸ ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਸੀ।

ਇਸ ਹਫ਼ਤੇ ਦੀ ਸ਼ੁਰੂਆਤ ਵਿੱਚ, ਸਰ ਕੀਰ ਸਟਾਰਮਰ ਨੇ ਟੈਕ ਅਰਬਪਤੀ ਇਲੋਨ ਮਸਕ 'ਤੇ ਨੋਵਾਕ ਦੀ ਹੱਤਿਆ ਨੂੰ ਲੈ ਕੇ "ਲੋਕਾਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼" ਕਰਨ ਦਾ ਇਲਜ਼ਾਮ ਲਗਾਇਆ ਸੀ।

ਮੰਗਲਵਾਰ ਨੂੰ ਐਕਸ 'ਤੇ ਪੋਸਟ ਕਰਦੇ ਹੋਏ ਮਸਕ ਨੇ ਲਿਖਿਆ ਸੀ, "ਇਹ ਵੀਡੀਓ ਉਨ੍ਹਾਂ ਸਾਰੇ ਲੋਕਾਂ ਨੂੰ ਭੇਜੋ, ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ। ਇਸ ਵਿੱਚ ਦਿਖਾਇਆ ਗਿਆ ਹੈ ਕਿ ਮਰਦੇ ਸਮੇਂ ਨੋਵਾਕ ਨਾਲ ਪੁਲਿਸ ਨੇ ਕਿੰਨਾ ਮਾੜਾ ਵਿਵਹਾਰ ਕੀਤਾ ਅਤੇ ਪੁਲਿਸ ਨੇ ਕਾਇਰਤਾ ਦਿਖਾਉਂਦੇ ਹੋਏ ਉਸ ਦੇ ਕਾਤਲ ਅੱਗੇ ਕਿਵੇਂ ਗੋਡੇ ਟੇਕ ਦਿੱਤੇ।"

ਉਨ੍ਹਾਂ ਮੇਨ-ਸਟ੍ਰੀਮ ਮੀਡੀਆ 'ਤੇ ਵੀ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੇ ਜਾਰਜ ਫ਼ਲੌਇਡ ਬਾਰੇ "ਲੱਖਾਂ ਵਾਰ" ਲਿਖਿਆ, ਪਰ ਉਹ "ਨੋਵਾਕ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਚੁੱਪ" ਰਹੇ।

ਵੈਂਸ ਦੀ ਟਿੱਪਣੀ ਦੇ ਕੀ ਮਾਅਨੇ ਹੋ ਸਕਦੇ ਹਨ

ਮਈ 2020 ਵਿੱਚ ਅਮਰੀਕਾ ਵਿੱਚ ਇੱਕ ਪੁਲਿਸ ਅਧਿਕਾਰੀ ਨੇ ਜਾਰਜ ਫ਼ਲੌਇਡ ਨੂੰ ਹੱਥਕੜੀਆਂ ਪਹਿਨਾਈਆਂ ਅਤੇ ਉਨ੍ਹਾਂ ਦੀ ਗਰਦਨ 'ਤੇ ਗੋਡਾ ਰੱਖ ਦਿੱਤਾ ਸੀ, ਜਿਸ ਕਾਰਨ ਜਾਰਜ ਨੂੰ ਕਾਰਡੀਐਕ ਅਰੈਸਟ (ਦਿਲ ਦਾ ਦੁਆਰਾ) ਹੋ ਗਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਹੱਤਿਆ ਤੋਂ ਬਾਅਦ ਨਸਲਵਾਦ ਅਤੇ ਪੁਲਿਸ ਦੀ ਬੇਰਹਿਮੀ ਦੇ ਵਿਰੁੱਧ ਦੁਨੀਆ ਭਰ ਵਿੱਚ ਪ੍ਰਦਰਸ਼ਨ ਹੋਏ।

ਵੈਂਸ ਦੀਆਂ ਟਿੱਪਣੀਆਂ ਕੁਝ ਹੱਦ ਤੱਕ ਅਮਰੀਕੀ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਗਈਆਂ ਲੱਗਦੀਆਂ ਹਨ। ਆਪਣੇ ਦੂਜੇ ਕਾਰਜਕਾਲ ਦੌਰਾਨ, ਡੋਨਲਡ ਟਰੰਪ ਨੇ ਬਿਨਾਂ ਦਸਤਾਵੇਜ਼ਾਂ ਵਾਲੇ ਪਰਵਾਸੀਆਂ ਨੂੰ ਦੇਸ਼ ਤੋਂ ਕੱਢਣ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਹਨ - ਇਹ ਚੋਣਾਂ ਦੌਰਾਨ ਕੀਤਾ ਗਿਆ ਇੱਕ ਮਹੱਤਵਪੂਰਨ ਵਾਅਦਾ ਸੀ, ਜਿਸ ਨੂੰ ਮੁਹਿੰਮ ਦੌਰਾਨ ਲੋਕਾਂ ਦਾ ਭਾਰੀ ਸਮਰਥਨ ਵੀ ਮਿਲਿਆ ਅਤੇ ਆਲੋਚਨਾ ਵੀ ਝੱਲਣੀ ਪਈ।

ਅਮਰੀਕੀ ਰਾਸ਼ਟਰਪਤੀ ਨੇ ਅਕਸਰ ਪਰਵਾਸੀਆਂ ਦੇ ਆਉਣ ਨੂੰ ਰਾਸ਼ਟਰੀ ਪਛਾਣ ਦੇ ਕਮਜ਼ੋਰ ਹੋਣ ਨਾਲ ਵੀ ਜੋੜਿਆ ਹੈ। ਭਾਵ, ਉਨ੍ਹਾਂ ਦਾ ਕਹਿਣਾ ਹੈ ਕਿ ਪਰਵਾਸੀਆਂ ਦੇ ਆਉਣ ਨਾਲ ਰਾਸ਼ਟਰੀ ਪਛਾਣ ਕਮਜ਼ੋਰ ਹੁੰਦੀ ਹੈ।

ਟਰੰਪ ਪ੍ਰਸ਼ਾਸਨ ਦੇ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ ਨੇ ਵਾਰ-ਵਾਰ ਬ੍ਰਿਟੇਨ ਦੇ ਘਰੇਲੂ ਮਸਲਿਆਂ 'ਤੇ ਆਪਣੀ ਰਾਇ ਦਿੱਤੀ ਹੈ।

ਇਸ ਵਿੱਚ ਰਾਸ਼ਟਰਪਤੀ ਵੱਲੋਂ ਊਰਜਾ ਨੀਤੀ ਅਤੇ ਇਮੀਗ੍ਰੇਸ਼ਨ 'ਤੇ ਸ਼ਾਬਦਿਕ ਹਮਲੇ, ਅਤੇ "ਰੇਪ ਗੈਂਗਜ਼" ਨਾਲ ਨਜਿੱਠਣ ਦੇ ਤਰੀਕੇ ਨੂੰ ਲੈ ਕੇ ਯੂਕੇ ਨੂੰ ਦਿੱਤੀ ਗਈ ਰਸਮੀ ਚੇਤਾਵਨੀ ਸ਼ਾਮਲ ਹੈ।

**"ਟੂ-ਟੀਅਰ ਪੁਲਿਸਿੰਗ" ਵਾਲਾ ਦਾਅਵਾ**

ਯੂਕੇ ਦੀ ਸਿਆਸਤ ਵਿੱਚ ਜ਼ਿਆਦਾਤਰ ਲੋਕਾਂ ਨੂੰ ਉਮੀਦ ਸੀ ਕਿ ਮੰਗਲਵਾਰ ਨੂੰ ਸਾਊਥਹੈਂਪਟਨ ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਮਾਹੌਲ ਸ਼ਾਂਤ ਹੋ ਜਾਵੇਗਾ।

ਡਾਊਨਿੰਗ ਸਟ੍ਰੀਟ ਵੱਲੋਂ ਇੰਨੀ ਤੇਜ਼ੀ ਨਾਲ ਅਤੇ ਸਿੱਧੇ ਤੌਰ 'ਤੇ ਆਲੋਚਨਾ ਕਰਨ ਦਾ ਇੱਕ ਕਾਰਨ ਇਹ ਵੀ ਹੈ ਕਿ ਕਿਸੇ ਹੋਰ ਸਿਆਸੀ ਤੂਫ਼ਾਨ ਨੂੰ ਰੋਕਿਆ ਜਾ ਸਕੇ।

ਜਦੋਂ ਤੋਂ ਈਰਾਨ ਜੰਗ ਸ਼ੁਰੂ ਹੋਈ ਹੈ, ਡਾਊਨਿੰਗ ਸਟ੍ਰੀਟ ਅਸਹਿਮਤੀ ਵਾਲੇ ਮੁੱਦਿਆਂ 'ਤੇ ਖੁੱਲ੍ਹ ਕੇ ਗੱਲ ਕਰਨ ਵਿੱਚ ਵਧੇਰੇ ਸਹਿਜ ਰਿਹਾ ਹੈ।

ਇਸ ਦੇ ਬਾਵਜੂਦ, ਯੂਕੇ ਸਰਕਾਰ ਨੇ ਨਾਲ ਹੀ ਇਸ ਗੱਲ 'ਤੇ ਜ਼ੋਰ ਦੇਣਾ ਜਾਰੀ ਰੱਖਿਆ ਹੈ ਕਿ ਸੁਰੱਖਿਆ ਦੇ ਮਾਮਲਿਆਂ ਵਿੱਚ ਲਗਾਤਾਰ ਅਤੇ ਡੂੰਘਾ ਸਹਿਯੋਗ ਬਣਿਆ ਹੋਇਆ ਹੈ।

ਵੈਂਸ ਦੀਆਂ ਇਹ ਟਿੱਪਣੀਆਂ ਇੱਕ ਅਜਿਹੇ ਹਫ਼ਤੇ ਤੋਂ ਬਾਅਦ ਆਈਆਂ ਹਨ ਜਿਸ ਵਿੱਚ ਪੁਲਿਸ ਦੀ ਕਾਰਵਾਈ ਦੀ ਗਹਿਰੀ ਜਾਂਚ-ਪੜਤਾਲ ਹੋਈ ਹੈ।

ਬੁੱਧਵਾਰ ਨੂੰ ਫੰਥਸ (ਪ੍ਰਧਾਨ ਮੰਤਰੀ ਨਾਲ ਸਵਾਲ-ਜਵਾਬ ਸੈਸ਼ਨ) ਦੌਰਾਨ ਇਸ ਮਾਮਲੇ 'ਤੇ ਬਹਿਸ ਹੋਰ ਵੀ ਤਿੱਖੀ ਹੋ ਗਈ, ਜਦੋਂ ਸਰ ਕੀਅਰ ਸਟਾਰਮਰ ਨੇ 'ਰਿਫਾਰਮ ਯੂਕੇ' ਦੇ ਆਗੂ ਨਾਈਜਲ ਫੈਰੇਜ 'ਤੇ ਇਲਜ਼ਾਮ ਲਗਾਇਆ ਕਿ ਉਹ ਨੋਵਾਕ ਦੀ ਮੌਤ ਦਾ ਫਾਇਦਾ ਚੁੱਕ ਕੇ ਲੋਕਾਂ ਵਿੱਚ "ਨਾਰਾਜ਼ਗੀ ਅਤੇ ਵੰਡ" ਪੈਦਾ ਕਰ ਰਹੇ ਹਨ।

ਫੈਰੇਜ, ਜਿਨ੍ਹਾਂ ਨੇ ਬਿਨਾਂ ਕਿਸੇ ਟਿੱਪਣੀ ਦੇ ਵੈਂਸ ਦੀਆਂ ਗੱਲਾਂ ਨੂੰ ਰੀਪੋਸਟ ਕੀਤਾ ਸੀ, ਨੇ ਦਲੀਲ ਦਿੱਤੀ ਸੀ ਕਿ ਇਹ ਘਟਨਾ "ਟੂ-ਟੀਅਰ ਪੁਲਿਸਿੰਗ" (ਦੋ ਤਰ੍ਹਾਂ ਦੀ ਪੁਲਿਸਿੰਗ) ਦਾ ਨਤੀਜਾ ਸੀ। ਉਨ੍ਹਾਂ ਨੇ ਇਸਦੇ ਲਈ ਪੁਲਿਸ ਅਧਿਕਾਰੀਆਂ ਵੱਲੋਂ ਜਾਰੀ ਨਸਲਵਾਦ-ਵਿਰੋਧੀ ਦਿਸ਼ਾ-ਨਿਰਦੇਸ਼ਾਂ ਦਾ ਹਵਾਲਾ ਦਿੱਤਾ।

"ਟੂ-ਟੀਅਰ ਪੁਲਿਸਿੰਗ" - ਇਹ ਦਾਅਵਾ ਹੈ ਕਿ ਘੱਟਗਿਣਤੀ ਭਾਈਚਾਰਿਆਂ ਨਾਲ ਖ਼ਾਸ ਵਿਵਹਾਰ ਕੀਤਾ ਜਾਂਦਾ ਹੈ ਕਿਉਂਕਿ ਅਧਿਕਾਰੀਆਂ ਨੂੰ ਨਸਲਵਾਦ ਦੇ ਇਲਜ਼ਾਮ ਲੱਗਣ ਦਾ ਡਰ ਹੁੰਦਾ ਹੈ।

ਵੈਸਟ ਮਿਡਲੈਂਡਜ਼ ਪੁਲਿਸ ਦੇ ਕਾਰਜਕਾਰੀ ਮੁਖੀ ਕਾਂਸਟੇਬਲ ਸਕਾਟ ਗ੍ਰੀਨ ਨੇ ਅਜਿਹੀ ਕਿਸੇ ਵੀ ਵਿਵਸਥਾ ਦੇ ਮੌਜੂਦ ਹੋਣ ਤੋਂ ਇਨਕਾਰ ਕੀਤਾ ਹੈ।

ਲਿਬਰਲ ਡੈਮੋਕ੍ਰੈਟਸ ਦੇ ਆਗੂ ਐਡ ਡੇਵੀ ਨੇ ਕਿਹਾ, "ਸਾਨੂੰ ਹੈਨਰੀ ਨੋਵਾਕ ਦੀ ਮੌਤ ਦਾ ਸਿਆਸੀਕਰਨ ਕਰਨ ਅਤੇ ਸਾਡੇ ਦੇਸ਼ ਨੂੰ ਵੰਡਣ ਦੀਆਂ ਅਜਿਹੀਆਂ ਕੋਸ਼ਿਸ਼ਾਂ ਦਾ ਵਿਰੋਧ ਕਰਨਾ ਚਾਹੀਦਾ ਹੈ - ਭਾਵੇਂ ਉਹ ਵੈਂਸ ਵਰਗੇ ਅਘਅ (ਮੇਕ ਅਮੇਰਿਕਾ ਗ੍ਰੇਟ ਅਗੇਨ) ਸਿਆਸਤਦਾਨਾਂ ਵੱਲੋਂ ਹੋਣ ਜਾਂ ਯੂਕੇ ਵਿੱਚ ਉਨ੍ਹਾਂ ਦੇ ਸਾਥੀਆਂ ਵੱਲੋਂ।"




# ਪੰਜਾਬ ’ਚ ਖੇਤੀ–ਘਾਟੇ ਦਾ ਸੌਦਾ!



ਲੋਕਾਂ ਦਾ ਢਿੱਡ ਭਰਨ ਵਾਲਾ ਅੰਨਦਾਤਾ ਇਸ ਵੇਲੇ ਰੋਟੀ ਤੋਂ ਵੀ ਅਵਾਜ਼ਾਰ ਹੈ ਕਿਉਂਕਿ ਕਿਸਾਨ ਦੀਆਂ ਫ਼ਸਲਾਂ ਜਿੱਥੇ ਕੁਦਰਤੀ ਕਰੋਪੀ ਦੀ ਮਾਰ ਹੇਠ ਹਨ, ਉੱਥੇ ਕਾਰਪੋਰੇਟ ਘਰਾਣਿਆਂ ਤੇ ਸਰਕਾਰਾਂ ਦੁਆਰਾ ਸ਼ੁਰੂ ਕੀਤੀਆਂ ਜੰਗਾਂ ਨੇ ਉਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਹਾਲਾਤ ਇਹ ਹਨ ਕਿ ਕਿਸਾਨ ਇਸ ਵੇਲੇ ਖੇਤੀ ਛੱਡਣ ਲਈ ਮਜਬੂਰ ਹੈ ਕਿਉਂਕਿ ਉਹਦੇ ਪੱਲੇ ਕੁਝ ਨਹੀਂ ਪੈ ਰਿਹਾ। ਜਿੱਥੇ ਫੈਕਟਰੀਆਂ, ਕਾਰਖਾਨੇ ਅਤੇ ਸ਼ੌਪਿੰਗ ਮਾਲਜ਼ ਕਿਸਾਨਾਂ ਦਾ ਉਜਾੜਾ ਕਰ ਰਹੇ ਨੇ, ਉੱਥੇ ਨਾਲ ਹੀ ਪਾਣੀ, ਹਵਾ ਅਤੇ ਧਰਤੀ ਦਾ ਵੀ ਨੁਕਸਾਨ ਹੋ ਰਿਹਾ ਹੈ।

ਪੰਜਾਬ ਦੇ ਵੱਖ–ਵੱਖ ਹਿੱਸਿਆਂ ਵਿੱਚ ਪਿਛਲੇ ਕਈ ਸਾਲਾਂ ਤੋਂ ਭਾਰੀ ਮੀਂਹ ਤੇ ਗੜਿਆਂ ਸਮੇਤ ਹੜ੍ਹਾਂ ਕਾਰਨ ਹੋਈ ਤਬਾਹੀ ਨਾਲ ਜਿੱਥੇ ਕਿਸਾਨਾਂ ਦਾ ਵੱਡੇ ਪੱਧਰ ’ਤੇ ਨੁਕਸਾਨ ਹੋਇਆ ਹੈ, ਉੱਥੇ ਫ਼ਸਲਾਂ ਦੀ ਪੈਦਾਵਾਰ ਵਿੱਚ ਵੀ ਵੱਡੀ ਪੱਧਰ ’ਤੇ ਗਿਰਾਵਟ ਆਈ ਹੈ। ਬੇਸ਼ੱਕ, ਸਰਕਾਰਾਂ ਅਤੇ ਖੇਤੀਬਾੜੀ ਵਿਭਾਗ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਫ਼ਸਲਾਂ ਦਾ ਝਾੜ ਪਿਛਲੇ ਚਾਰ ਪੰਜ ਸਾਲਾਂ ਦੌਰਾਨ ਵਧਿਆ ਹੈ, ਪਰ ਅਸਲੀਅਤ ਇਸ ਤੋਂ ਉਲਟ ਹੈ। ਪੰਜਾਬ ਵਿੱਚ 2023 ਅਤੇ 2025 ਦੌਰਾਨ ਆਏ ਹੜ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਇੰਨੀ ਬੁਰੀ ਤਰ੍ਹਾਂ ਝੰਬਿਆ ਕਿ ਉਹ ਦੁਬਾਰਾ ਪੈਰਾਂ ਸਿਰ ਨਹੀਂ ਹੋ ਸਕੇ। ਇਸ ਵੇਲੇ ਹਾਲਾਤ ਇਹ ਹਨ ਕਿ ਗੜਿਆਂ ਨੇ ਕਿਸਾਨਾਂ ਦੀ ਫ਼ਸਲ ਦਾ ਵੱਡੇ ਪੱਧਰ ’ਤੇ ਨੁਕਸਾਨ ਕੀਤਾ ਹੈ ਅਤੇ ਇਜ਼ਰਾਈਲ–ਅਮਰੀਕਾ ਤੇ ਇਰਾਨ ਵਿਚਾਲੇ ਜੰਗ ਨੇ ਕਿਸਾਨਾਂ ਦੇ ਸਾਹ ਸੁਕਾ ਦਿੱਤੇ। ਭਾਵੇਂ ਸਰਕਾਰ ਵੱਲੋਂ ਕਿਸਾਨਾਂ ਨਾਲ ਵਾਅਦਾ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਫ਼ਸਲ ਦਾ ਪੂਰਾ ਮੁੱਲ ਦਿੱਤਾ ਜਾਵੇਗਾ, ਪਰ ਇਸ ਵਾਅਦੇ ਦੇ ਵਫ਼ਾ ਹੋਣ ਬਾਰੇ ਭਵਿੱਖ ਹੀ ਦੱਸੇਗਾ। ਕਿਸਾਨਾਂ ਨੂੰ ਮੰਡੀਆਂ ਵਿੱਚ ਵੱਡੀ ਕਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਣਕ ਦਾ ਝਾੜ ਘਟਣ ਕਾਰਨ ਉਹ ਚਿੰਤਾ ਵਿੱਚ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਮਾਰਚ ਮਹੀਨੇ ਅਤੇ ਅਪਰੈਲ ਦੇ ਪਹਿਲੇ ਹਫ਼ਤੇ ਪਏ ਬੇਮੌਸਮੀ ਮੀਂਹ ਅਤੇ ਗੜਿਆਂ ਨੇ ਕਿਸਾਨਾਂ ਦੀਆਂ ਆਸਾਂ ’ਤੇ ਪਾਣੀ ਫੇਰ ਦਿੱਤਾ ਹੈ। ਕਿਸਾਨ ਪਹਿਲਾਂ ਹੀ ਹੜ੍ਹਾਂ ਦੇ ਝੰਬੇ ਹੋਏ ਸਨ ਅਤੇ ਇਸ ਕੁਦਰਤੀ ਮਾਰ ਨੇ ਉਨ੍ਹਾਂ ਨੂੰ ਆਰਥਿਕ ਪੱਖੋਂ ਹੋਰ ਮਧੋਲ ਦਿੱਤਾ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਇਸ ਸਾਲ ਕਣਕ ਦਾ ਝਾੜ ਕਾਫ਼ੀ ਘੱਟ ਹੈ। ਖੇਤੀਬਾੜੀ ਵਿਭਾਗ ਦੀ ਮੰਨੀਏ ਤਾਂ ਇਸ ਵਿੱਤੀ ਵਰ੍ਹੇ ਦੌਰਾਨ ਦੋ ਕੁਇੰਟਲ ਪ੍ਰਤੀ ਏਕੜ ਝਾੜ ਘੱਟ ਨਿਕਲਿਆ ਹੈ, ਜਦੋਂਕਿ ਕਿਸਾਨਾਂ ਦਾ ਦਾਅਵਾ ਹੈ ਕਿ ਐਤਕੀਂ ਤਕਰੀਬਨ ਸਾਢੇ ਤਿੰਨ ਕੁਇੰਟਲ ਪ੍ਰਤੀ ਏਕੜ ਝਾੜ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਹੈ। ਅੰਦਾਜ਼ਨ ਐਤਕੀਂ ਕਿਸਾਨਾਂ ਨੂੰ ਤਕਰੀਬਨ ਸੱਤ ਤੋਂ ਅੱਠ ਹਜ਼ਾਰ ਰੁਪਏ ਦਾ ਨੁਕਸਾਨ ਪ੍ਰਤੀ ਏਕੜ ਹੋਇਆ ਹੈ।

ਪੰਜਾਬ ਵਿੱਚ ਕਣਕ ਦੀ ਵਾਢੀ ਦਾ ਕੰਮ ਲਗਭਗ ਪੂਰਾ ਹੋ ਚੁੱਕਿਆ ਹੈ, ਪਰ ਜਿਹੜੇ ਕਿਸਾਨਾਂ ਦੀ ਬਰਬਾਦੀ ਖੇਤਾਂ ਵਿੱਚ ਹੋਈ ਹੈ, ਉਸ ਦਾ ਮੁਆਵਜ਼ਾ ਕਿਸਾਨਾਂ ਨੂੰ ਕਦੋਂ ਮਿਲੇਗਾ? ਗੜਿਆਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਮੁੱਖ ਮੰਤਰੀ ਨੇ ਟੀਮਾਂ ਕਾਇਮ ਕੀਤੀਆਂ ਅਤੇ ਗਿਰਦਾਵਰੀ ਦੇ ਹੁਕਮ ਵੀ ਦਿੱਤੇ, ਪਰ ਪੰਜਾਬ ਦੇ ਹਜ਼ਾਰਾਂ ਕਿਸਾਨ ਹਾਲੇ ਵੀ ਮੁਆਵਜ਼ੇ ਤੋਂ ਵਾਂਝੇ ਹਨ।

ਇੱਥੇ ਹੀ ਬੱਸ ਨਹੀਂ। ਪਿਛਲੇ ਸਾਲ ਆਏ ਹੜ੍ਹਾਂ ਦਾ ਸਰਹੱਦੀ ਇਲਾਕੇ ਦੇ ਬਹੁਗਿਣਤੀ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲ ਸਕਿਆ, ਜਿਸ ਕਾਰਨ ਪਹਿਲਾਂ ਹੀ ਮੁਸੀਬਤ ’ਚ ਘਿਰੇ ਕਿਸਾਨਾਂ ਨੂੰ ਫ਼ਸਲਾਂ ਦੇ ਘੱਟ ਝਾੜ ਕਾਰਨ ਹੋਰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨਾਂ ਦੀ ਮੰਨੀਏ ਤਾਂ ਇਸ ਵੇਲੇ ਹਾਲਾਤ ਇਹ ਹਨ ਕਿ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਤਾਂ ਹੋ ਰਹੀ ਹੈ, ਪਰ ਅਦਾਇਗੀ ਵਿੱਚ ਸਮੱਸਿਆ ਆ ਰਹੀ ਹੈ। ਪਿਛਲੇ ਸਾਲਾਂ ਦੌਰਾਨ ਕੁਝ ਪ੍ਰਾਈਵੇਟ ਫਰਮਾਂ ਵੱਡੇ ਪੱਧਰ ’ਤੇ ਕਿਸਾਨਾਂ ਤੋਂ ਫ਼ਸਲਾਂ ਦੀ ਖ਼ਰੀਦ ਕਰਦੀਆਂ ਆ ਰਹੀਆਂ ਸਨ, ਪਰ ਹੁਣ ਉਨ੍ਹਾਂ ਵਿੱਚੋਂ ਕਈ ਫਰਮਾਂ ਨੇ ਵੀ ਖ਼ਰੀਦ ਤੋਂ ਮੂੰਹ ਫੇਰ ਲਿਆ ਹੈ।

ਪ੍ਰਾਈਵੇਟ ਫਰਮਾਂ ਦਾ ਕਹਿਣਾ ਹੈ ਕਿ ਇੱਕ ਤਾਂ ਕਣਕ ਦੀ ਕੁਆਲਿਟੀ ਵਿੱਚ ਕਾਫ਼ੀ ਫ਼ਰਕ ਹੈ। ਇਜ਼ਰਾਈਲ–ਅਮਰੀਕਾ ਅਤੇ ਇਰਾਨ ਜੰਗ ਕਾਰਨ ਇਨ੍ਹਾਂ ਫਰਮਾਂ ਨੂੰ ਇਹ ਡਰ ਵੀ ਸਤਾ ਰਿਹਾ ਹੈ ਕਿ ਜੇਕਰ ਉਨ੍ਹਾਂ ਫ਼ਸਲ ਖ਼ਰੀਦ ਕੇ ਰੱਖ ਲਈ ਤਾਂ ਉਹ ਅੱਗੇ ਸਪਲਾਈ ਕਿੱਥੇ ਕਰਨਗੀਆਂ?

ਜਾਣਕਾਰੀ ਮੁਤਾਬਿਕ ਬੇਸ਼ੱਕ ਜੰਗ ਵਾਲਾ ਇਹ ਖਿੱਤਾ ਸਾਡੇ ਮੁਲਕ ਦੇ ਬਹੁਤਾ ਨੇੜੇ ਨਹੀਂ, ਪਰ ਇਸ ਦਾ ਅਸਰ ਖਾਣ–ਪੀਣ ਵਾਲੀਆਂ ਵਸਤਾਂ ’ਤੇ ਪੈ ਰਿਹਾ ਹੈ ਅਤੇ ਨਾਲ ਹੀ ਤੇਲ ਦੇ ਭਾਅ ਵਿੱਚ ਉਤਰਾਅ–ਚੜ੍ਹਾਅ ਦੇਖਣ ਨੂੰ ਮਿਲ ਰਹੇ ਹਨ। ਹੋਰ ਵਸਤਾਂ ਦੇ ਭਾਅ ਵਿੱਚ ਤਾਂ ਵਾਧਾ ਦਰਜ ਕੀਤਾ ਜਾ ਰਿਹਾ ਹੈ, ਪਰ ਕਿਸਾਨ ਦੀ ਫ਼ਸਲ ਤੇ ਸਬਜ਼ੀਆਂ ਦੇ ਭਾਅ ਪਹਿਲਾਂ ਵਾਲੇ ਹੀ ਹਨ। ਕਿਸਾਨਾਂ ਕੋਲੋਂ ਮੰਡੀਆਂ ’ਚ ਸਸਤੇ ਭਾਅ ਵਸਤਾਂ ਖ਼ਰੀਦ ਕੇ ਵਪਾਰੀ ਅੱਗੇ ਮਹਿੰਗੇ ਭਾਅ ਬਾਜ਼ਾਰਾਂ ਵਿੱਚ ਵੇਚ ਰਹੇ ਹਨ। ਇੱਕ ਜਾਣਕਾਰੀ ਮੁਤਾਬਿਕ ਪਿਛਲੇ ਸਾਲ ਬਾਜ਼ਾਰ ਵਿੱਚ ਕਣਕ ਦੇ ਭਾਅ ਡਿੱਗ ਗਏ ਸਨ, ਜਿਸ ਕਾਰਨ ਵਪਾਰੀਆਂ ਨੂੰ ਨੁਕਸਾਨ ਹੋਇਆ ਸੀ ਅਤੇ ਇਸ ਸਾਲ ਤਾਂ ਕਣਕ ਦੀ ਗੁਣਵੱਤਾ ਥੋੜ੍ਹੀ ਘੱਟ ਹੈ ਅਤੇ ਭਾਅ ਸਥਿਰ ਹੈ, ਪਰ ਫਿਰ ਵੀ ਵਪਾਰੀਆਂ ਨੇ ਕਣਕ ਖ਼ਰੀਦਣ ਤੋਂ ਮੂੰਹ ਮੋੜ ਲਿਆ ਹੈ।

ਰੂਸ–ਯੂਕਰੇਨ ਜੰਗ ਦੌਰਾਨ ਵੀ ਵਪਾਰੀਆਂ ਨੂੰ ਆਸ ਸੀ ਕਿ ਇਨ੍ਹਾਂ ਪ੍ਰਭਾਵਿਤ ਮੁਲਕਾਂ ਵਿੱਚ ਕਣਕ ਅਤੇ ਹੋਰ ਖਾਣ ਵਾਲੀਆਂ ਵਸਤਾਂ ਪਹੁੰਚਾਈਆਂ ਜਾਣਗੀਆਂ ਤਾਂ ਭਾਅ ਵਧ ਜਾਣਗੇ, ਜਿਸ ਨਾਲ ਉਨ੍ਹਾਂ ਦੀਆਂ ਜੇਬਾਂ ਭਰ ਜਾਣਗੀਆਂ, ਪਰ ਅਜਿਹਾ ਨਹੀਂ ਹੋਇਆ। ਵਪਾਰੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਭਾਰੀ ਘਾਟਾ ਪੈ ਰਿਹਾ ਹੈ, ਪਰ ਕਿਸਾਨ ਦਾ ਹਾਲ ਤਾਂ ਸਭਨਾਂ ਨਾਲੋਂ ਮਾੜਾ ਹੈ। ਮਾਲਵੇ ਅਤੇ ਮਾਝੇ ਦੇ ਬਹੁਗਿਣਤੀ ਹਿੱਸਿਆਂ ਵਿੱਚ ਇਸ ਵਾਰ ਗੜਿਆਂ ਨੇ 40 ਤੋਂ 50 ਫ਼ੀਸਦੀ ਫ਼ਸਲਾਂ ਤਬਾਹ ਕਰ ਦਿੱਤੀਆਂ ਹਨ, ਜਿਸ ਕਾਰਨ ਕਿਸਾਨਾਂ ਦੀਆਂ ਉਮੀਦਾਂ ਬਿਲਕੁਲ ਟੁੱਟ ਚੁੱਕੀਆਂ ਹਨ।

ਦੇਖਿਆ ਜਾਵੇ ਤਾਂ ਇਹ ਘਾਟੇ ਦਾ ਸੌਦਾ ਕੋਈ ਅੱਜ ਦਾ ਨਹੀਂ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਕਿਸਾਨਾਂ ਨਾਲ ਇਸੇ ਤਰ੍ਹਾਂ ਹੀ ਹੁੰਦਾ ਆ ਰਿਹਾ ਹੈ। ਜਦੋਂ ਦੁਨੀਆ ਵਿੱਚ ਕਿਤੇ ਵੀ ਬਿਪਤਾ ਪੈਂਦੀ ਹੈ ਤਾਂ ਸਭ ਤੋਂ ਵੱਧ ਕਿਸਾਨ ਪ੍ਰਭਾਵਿਤ ਹੁੰਦਾ ਹੈ। ਕਿਸਾਨ ਨੇ ਭਾਵੇਂ ਕਰੋਨਾ ਕਾਲ ਦੌਰਾਨ ਅਤੇ ਹੋਰਨਾਂ ਮਹਾਮਾਰੀਆਂ ਵੇਲੇ ਲੋਕਾਂ ਦਾ ਢਿੱਡ ਭਰਨ ਵਿੱਚ ਪੂਰੀ ਵਾਹ ਲਾਈ, ਪਰ ਕਿਸਾਨ ਦੀ ਹਾਲਤ ਵੱਲ ਕੋਈ ਨਹੀਂ ਦੇਖਦਾ। ਹਰ ਕੋਈ ਆਪਣਾ ਫ਼ਾਇਦਾ ਉਠਾਉਂਦਾ ਹੈ। ਕਿਸਾਨ ਦੀ ਫ਼ਸਲ ਦਾ ਮੁੱਲ ਕਦੇ ਵੀ ਉਸ ਨੂੰ ਨਹੀਂ ਮਿਲਦਾ। ਪਿਛਲੇ ਦਿਨੀਂ ਆਲੂਆਂ ਦੀ ਫ਼ਸਲ ਬਹੁਗਿਣਤੀ ਕਿਸਾਨਾਂ ਨੂੰ ਖੇਤਾਂ ਵਿੱਚ ਹੀ ਵਾਹੁਣੀ ਪਈ ਸੀ। ਇਸ ਦਾ ਵੱਡਾ ਕਾਰਨ ਇਹ ਸਾਹਮਣੇ ਆਇਆ ਸੀ ਕਿ ਕਿਸਾਨਾਂ ਨੂੰ ਆਲੂਆਂ ਦੀ ਫ਼ਸਲ ਦਾ ਸਹੀ ਭਾਅ ਨਹੀਂ ਮਿਲਿਆ ਸੀ, ਪਰ ਦੂਜੇ ਪਾਸੇ ਆਲੂਆਂ ਤੋਂ ਚਿਪਸ ਅਤੇ ਹੋਰ ਚੀਜ਼ਾਂ ਬਣਾਉਣ ਵਾਲੀਆਂ ਕੰਪਨੀਆਂ ਅੱਜ ਕਰੋੜਾਂ ਵਿੱਚ ਖੇਡ ਰਹੀਆਂ ਹਨ। ਕਿਸਾਨ ਦੀ ਹਾਲਤ ਦਿਨ–ਬ–ਦਿਨ ਮਾੜੀ ਹੁੰਦੀ ਜਾ ਰਹੀ ਹੈ, ਪਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਕੇਂਦਰ ਸਰਕਾਰ ਨੇ ਕਿਸਾਨਾਂ ਦੀ ਆਮਦਨ 2023 ਤੱਕ ਦੁੱਗਣੀ ਕਰਨ ਦਾ ਦਾਅਵਾ ਕੀਤਾ ਸੀ, ਪਰ ਇਸ ਵੇਲੇ ਹਾਲਾਤ ਇਹ ਹਨ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਤਾਂ ਕੀ, ਇੱਕ ਹਿੱਸਾ ਵੀ ਨਹੀਂ ਬਚੀ। ਕਿਸਾਨਾਂ ਦੇ ਉੱਪਰ ਵੱਧ ਕਰਜ਼ੇ ਦੇ ਬੋਝ ਅਤੇ ਮਹਿੰਗੀਆਂ ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ ਨੇ ਕਿਸਾਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।

ਉਪਰੋਂ ਕੁਦਰਤੀ ਮਾਰਾਂ ਨੇ ਕਿਸਾਨਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਗ਼ਲਤੀ ਕੋਈ ਹੋਰ ਕਰਦਾ ਹੈ, ਪਰ ਭੁਗਤਣੀ ਕਿਸਾਨ ਨੂੰ ਪੈਂਦੀ ਹੈ। ਕਿਸਾਨ ਦੀ ਖੇਤੀ ਦੀ ਅਜਿਹੇ ਲੋਕਾਂ ਨੂੰ ਕੋਈ ਕਦਰ ਨਹੀਂ ਹੁੰਦੀ, ਜਿਹੜੇ ਕਿਸਾਨਾਂ ਨੂੰ ਹਮੇਸ਼ਾ ਟਿੱਚਰਾਂ ਕਰਦੇ ਰਹਿੰਦੇ ਹਨ।

ਖ਼ੈਰ, ਕਿਸਾਨਾਂ ਨਾਲ ਇਹ ਕੋਈ ਪਹਿਲੀ ਵਾਰੀ ਤਾਂ ਹੋ ਨਹੀਂ ਰਿਹਾ, ਹਰ ਸੀਜ਼ਨ ਹੀ ਕਿਸਾਨਾਂ ਨੂੰ ਇਸੇ ਤਰੀਕੇ ਬੁਰੇ ਹਾਲਾਤ ਵਿੱਚੋਂ ਗੁਜ਼ਰਨਾ ਪੈਂਦਾ ਹੈ। ਪਿਛਲੇ ਸਾਲ ਪੰਜਾਬ ਨੂੰ ਹੜ੍ਹਾਂ ਨੇ ਮਾਰਿਆ ਅਤੇ ਕਿਸਾਨ ਬੁਰੀ ਤਰ੍ਹਾਂ ਝੰਬਿਆ ਗਿਆ।

ਐਤਕੀਂ ਕਿਸਾਨਾਂ ਨੂੰ ਉਮੀਦ ਸੀ ਕਿ ਕਣਕ ਦੀ ਫ਼ਸਲ ਚੰਗੀ ਹੋਵੇਗੀ ਅਤੇ ਉਹ ਮੁਨਾਫ਼ਾ ਕਮਾ ਕੇ ਆਪਣੇ ਬੈਂਕ ਕਰਜ਼ੇ ਲਾਹੁਣਗੇ ਅਤੇ ਧੀਆਂ–ਪੁੱਤਾਂ ਦੇ ਵਿਆਹ–ਸ਼ਾਦੀਆਂ ਕਰ ਲੈਣਗੇ, ਪਰ ਹਾਲਾਤ ਸਭ ਨੂੰ ਪਤਾ ਹਨ। ਬਹੁਗਿਣਤੀ ਕਿਸਾਨ ਤਾਂ ਇਸ ਵੇਲੇ ਖੇਤੀ ਛੱਡਣ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਉਨ੍ਹਾਂ ਮੁਤਾਬਿਕ ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ।




## ਬੁੱਧ ਚਿੰਤਨ

# ਪੰਜਾਬ ਵਿੱਚ ਬਦਲਾਅ ਬੌਂਦਲਿਆ ਫਿਰਦਾ ਹੈ!



ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹੁਣ ਗਿਣਤੀ ਦੇ ਮਹੀਨੇ ਰਹਿ ਗਏ ਹਨ। ਸਿਆਸੀ ਪਾਰਟੀਆਂ ਦੇ ਚਿਹਰਿਆਂ ਤੋਂ ਨਕਾਬ ਉਤਰ ਰਹੇ ਹਨ ਅਤੇ ਅਸਲੀ ਰੂਪ ਸਾਹਮਣੇ ਆ ਰਿਹਾ ਹੈ। ਜਿਹੜੇ ਲੋਕ ਕਦੇ "ਬਦਲਾਅ" ਦੇ ਨਾਂ ਉੱਤੇ ਸੱਤਾ ਵਿੱਚ ਆਏ ਸਨ, ਅੱਜ ਉਹ ਖੁਦ ਉਸੇ ਸੱਤਾ ਦੇ ਨਸ਼ੇ ਵਿੱਚ ਚੂਰ ਦਿਖਾਈ ਦੇ ਰਹੇ ਹਨ ਜਿਸਨੂੰ ਉਹ ਕਦੇ ਲੋਕਾਂ ਦਾ ਦੁਸ਼ਮਣ ਦੱਸਦੇ ਸਨ। ਖ਼ੁਦ ਦੁਸ਼ਮਣੀਆਂ ਕੱਢਣ ਲੱਗੇ ਹੋਏ ਹਨ।

ਸੱਤਾ ਦਾ ਸਭ ਤੋਂ ਖ਼ਤਰਨਾਕ ਰੂਪ ਉਹ ਹੁੰਦਾ ਹੈ ਜਦੋਂ ਉਹ ਲੋਕਾਂ ਦੀ ਆਵਾਜ਼ ਨੂੰ ਸੁਣਨ ਦੀ ਬਜਾਏ ਉਸਨੂੰ ਕੁਚਲਣ ਲੱਗ ਪੈਂਦੀ ਹੈ। ਪੰਜਾਬ ਵਿੱਚ ਅੱਜ ਇਹੀ ਹੋ ਰਿਹਾ ਹੈ। ਬੇਰੁਜ਼ਗਾਰ ਨੌਜਵਾਨ ਨੌਕਰੀਆਂ ਮੰਗਦੇ ਹਨ ਤਾਂ ਉਹਨਾਂ ਨੂੰ ਲਾਠੀਆਂ ਮਿਲਦੀਆਂ ਹਨ। ਕਿਸਾਨ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਤਾਂ ਉਹਨਾਂ ਨੂੰ ਰੋਕਾਂ ਤੇ ਨਾਕਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁਲਾਜ਼ਮ ਆਪਣੀਆਂ ਮੰਗਾਂ ਰੱਖਦੇ ਹਨ ਤਾਂ ਉਹਨਾਂ ਨੂੰ ਖ਼ਜ਼ਾਨਾ ਖਾਲੀ ਹੋਣ ਦੀ ਕਹਾਣੀ ਸੁਣਾਈ ਜਾਂਦੀ ਹੈ।

ਪਟਿਆਲਾ ਵਿੱਚ ਬੇਰੁਜ਼ਗਾਰ ਨੌਜਵਾਨਾਂ ਉੱਤੇ ਹੋਇਆ ਲਾਠੀਚਾਰਜ ਸਿਰਫ਼ ਇੱਕ ਘਟਨਾ ਨਹੀਂ ਸੀ, ਸਗੋਂ ਉਸ ਮਾਨਸਿਕਤਾ ਦਾ ਪ੍ਰਗਟਾਵਾ ਸੀ ਜੋ ਲੋਕਤੰਤਰ ਨੂੰ ਸਿਰਫ਼ ਚੋਣਾਂ ਤੱਕ ਸੀਮਿਤ ਸਮਝਦੀ ਹੈ। ਜਿਹੜੇ ਨੌਜਵਾਨ ਕੱਲ੍ਹ ਵੋਟਰ ਸਨ, ਅੱਜ ਉਹਨਾਂ ਨਾਲ ਅਪਰਾਧੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਡੰਡੇ ਦੀ ਭਾਸ਼ਾ ਹਮੇਸ਼ਾ ਕਮਜ਼ੋਰ ਸਰਕਾਰਾਂ ਦੀ ਭਾਸ਼ਾ ਹੁੰਦੀ ਹੈ, ਮਜ਼ਬੂਤ ਸਰਕਾਰਾਂ ਦੀ ਨਹੀਂ।

ਪੰਜਾਬ ਪੁਲਿਸ ਦੀ ਵੱਡੀ ਨਫ਼ਰੀ ਦਾ ਢੋਲ ਬਹੁਤ ਪਿੱਟਿਆ ਜਾਂਦਾ ਹੈ। ਪਰ ਸਵਾਲ ਇਹ ਹੈ ਕਿ ਜਦੋਂ ਨਸ਼ਾ ਪਿੰਡਾਂ ਤੱਕ ਪਹੁੰਚ ਜਾਂਦਾ ਹੈ, ਗੈਂਗਸਟਰ ਖੁੱਲ੍ਹੇ ਘੁੰਮਦੇ ਹਨ, ਲੁੱਟਾਂ ਅਤੇ ਕਤਲ ਹੁੰਦੇ ਹਨ, ਉਦੋਂ ਇਹ ਸਾਰਾ ਪ੍ਰਬੰਧ ਕਿੱਥੇ ਹੁੰਦਾ ਹੈ? ਪਰ ਜਦੋਂ ਕੋਈ ਨੌਜਵਾਨ ਆਪਣਾ ਹੱਕ ਮੰਗਣ ਸੜਕ 'ਤੇ ਆਉਂਦਾ ਹੈ ਤਾਂ ਪੂਰਾ ਸਰਕਾਰੀ ਤੰਤਰ ਉਸਦੇ ਸਾਹਮਣੇ ਖੜ੍ਹਾ ਹੋ ਜਾਂਦਾ ਹੈ। ਇਹ ਇਨਸਾਫ਼ ਨਹੀਂ, ਸੱਤਾ ਦੀ ਚੋਣਵੀਂ ਸਖ਼ਤੀ ਹੈ।

ਅੱਜ ਦਾ ਸਭ ਤੋਂ ਵੱਡਾ ਦੁੱਖ ਇਹ ਨਹੀਂ ਕਿ ਸਰਕਾਰ ਬਦਲ ਗਈ ਹੈ, ਦੁੱਖ ਇਹ ਹੈ ਕਿ ਸਰਕਾਰ ਦਾ ਚਾਲ–ਚਲਣ ਨਹੀਂ ਬਦਲਿਆ। ਕੁਰਸੀਆਂ ਉੱਤੇ ਬੈਠੇ ਚਿਹਰੇ ਨਵੇਂ ਹਨ ਪਰ ਰਾਜ ਕਰਨ ਦਾ ਢੰਗ ਪੁਰਾਣਾ ਹੈ। "ਆਮ" ਦੇ ਨਾਂ ਉੱਤੇ ਬਣੀ ਪਾਰਟੀ ਹੌਲੀ–ਹੌਲੀ "ਖਾਸ" ਲੋਕਾਂ ਦਾ ਕਲੱਬ ਬਣਦੀ ਜਾ ਰਹੀ ਹੈ। ਲੋਕਾਂ ਨਾਲ ਕੀਤਾ ਗਿਆ ਬਦਲਾਅ ਦਾ ਵਾਅਦਾ ਹੁਣ ਇਸ਼ਤਿਹਾਰਾਂ, ਸਮਾਗਮਾਂ ਅਤੇ ਸਿਆਸੀ ਪ੍ਰਚਾਰ ਦੇ ਢੇਰ ਹੇਠਾਂ ਦੱਬਦਾ ਨਜ਼ਰ ਆ ਰਿਹਾ ਹੈ।

ਦੂਜੇ ਪਾਸੇ ਵਿਰੋਧੀ ਧਿਰਾਂ ਵੀ ਲੋਕਾਂ ਦੇ ਦਰਦ ਨਾਲੋਂ ਸੱਤਾ ਦੀ ਗਿਣਤੀ ਵਿੱਚ ਜ਼ਿਆਦਾ ਦਿਲਚਸਪੀ ਰੱਖਦੀਆਂ ਹਨ। ਕੋਈ ਧਰਮ ਦੀ ਸਿਆਸਤ ਕਰ ਰਿਹਾ ਹੈ, ਕੋਈ ਜਾਤ ਦੀ, ਕੋਈ ਡਰ ਦੀ ਅਤੇ ਕੋਈ ਝੂਠੀਆਂ ਉਮੀਦਾਂ ਦੀ। ਪੰਜਾਬ ਦਾ ਅਸਲ ਮੁੱਦਾ, ਬੇਰੁਜ਼ਗਾਰੀ, ਪਲਾਇਨ, ਨਸ਼ਾ, ਸਿੱਖਿਆ, ਸਿਹਤ ਅਤੇ ਕਿਸਾਨੀ, ਅਜੇ ਵੀ ਸਿਆਸੀ ਭਾਸ਼ਣਾਂ ਦੇ ਹਾਸ਼ੀਏ ਉੱਤੇ ਪਿਆ ਹੈ।

ਬਦਲਾਅ ਅੱਜ ਪੰਜਾਬ ਦੀਆਂ ਗਲੀਆਂ ਵਿੱਚ ਬੌਂਦਲਿਆ ਫਿਰਦਾ ਹੈ। ਉਹ ਲੋਕਾਂ ਨੂੰ ਪੁੱਛ ਰਿਹਾ ਹੈ ਕਿ ਜਿਸਦੇ ਨਾਂ ਉੱਤੇ ਤੁਸੀਂ ਵੋਟਾਂ ਪਾਈਆਂ ਸਨ, ਉਹ ਕਿੱਥੇ ਹੈ? ਕੀ ਉਹ ਸੱਤਾ ਦੇ ਦਰਬਾਰਾਂ ਵਿੱਚ ਕੈਦ ਹੋ ਗਿਆ ਹੈ ਜਾਂ ਸਰਕਾਰੀ ਇਸ਼ਤਿਹਾਰਾਂ ਵਿੱਚ ਗੁੰਮ ਹੋ ਗਿਆ ਹੈ?

ਬੁੱਧ ਬਾਣ

"ਜਦੋਂ ਹਕੂਮਤ ਲੋਕਾਂ ਦੇ ਸਵਾਲਾਂ ਤੋਂ ਡਰਨ ਲੱਗ ਪਵੇ, ਸਮਝ ਲਵੋ ਕਿ ਉਸਦਾ ਵਿਸ਼ਵਾਸ ਖ਼ਤਮ ਹੋ ਚੁੱਕਾ ਹੈ। ਜਿਹੜੀ ਸਰਕਾਰ ਬੇਰੁਜ਼ਗਾਰਾਂ ਨੂੰ ਨੌਕਰੀ ਨਹੀਂ ਦੇ ਸਕਦੀ ਪਰ ਲਾਠੀਆਂ ਦੇ ਸਕਦੀ ਹੈ, ਉਹ ਬਦਲਾਅ ਨਹੀਂ, ਸਿਰਫ਼ ਸੱਤਾ ਦਾ ਨਵਾਂ ਚਿਹਰਾ ਹੁੰਦੀ ਹੈ। ਲੋਕਾਂ ਦੀ ਚੁੱਪ ਨੂੰ ਆਪਣੀ ਜਿੱਤ ਨਾ ਸਮਝੋ; ਇਤਿਹਾਸ ਗਵਾਹ ਹੈ ਕਿ ਜਦੋਂ ਲੋਕ ਬੋਲਦੇ ਹਨ ਤਾਂ ਤਖ਼ਤ ਹਿੱਲ ਜਾਂਦੇ ਹਨ।"

— ਬੁੱਧ ਸਿੰਘ ਨੀਲੋਂ
9464370823

# ਵਿਸ਼ਵ ਅਮਨ ਦਾ ਹੋਕਾ- ਬਰਦਾਰ ਸੀ ਪੰਜਾਬੀ ਲੇਖਕ ਸ. ਤੇਰਾ ਸਿੰਘ ਚੰਨ

ਨਵੀਂ ਦਿੱਲੀ ਦੇ ਬਾਰਾਂਖੰਭਾ ਰੋਡ ਤੇ ਪਹਿਲੀ ਵਾਰ ਸ. ਪਿਆਰਾ ਸਿੰਘ ਸਹਿਰਾਈ ਤੇ ਸ. ਗੁਰਬਚਨ ਸਿੰਘ ਭੁੱਲਰ ਜੀ ਦੇ ਮੂੰਹੋ ਪਹਿਲੀ ਵਾਰ "ਚੰਨ ਜੀ" ਸ਼ਬਦ ਸੁਣਿਆ। ਨਾਲ ਹੀ ਦਰਸ਼ਨ ਕੀਤੇ। ਦਰਸ਼ਨੀ ਚਿਹਰਾ ਵੇਖ ਕੇ ਪੁੱਛਿਆ ਕਿ ਇਹ ਕੌਣ ਨੇ?

ਸਹਿਰਾਈ ਜੀ ਨੇ ਦੱਸਿਆ ਕਿ ਇਹ ਪੰਜਾਬ ਵਿੱਚ ਵਿਸ਼ਵ ਅਮਨ ਲਹਿਰ ਦੇ ਨਾਇਕ ਤੇਰਾ ਸਿੰਘ ਚੰਨ ਹਨ, ਇਪਟਾ ਲਹਿਰ ਦੇ ਆਗੂ। ਮੇਰੀ ਇਹ ਮੁਲਾਕਾਤ 1975-76 ਦੀ ਹੈ। ਜਾਗੀਰ ਸਿੰਘ ਕਾਹਲੋਂ ਤੇ ਮੈਂ ਇਕੱਠੇ ਗਏ ਸਾਂ ਸਹਿਰਾਈ ਜੀ ਤੇ ਭੁੱਲਰ ਸਾਹਿਬ ਨੂੰ ਮਿਲਣ। ਉਹ ਉਦੋਂ 4, ਅਸ਼ੋਕਾ ਰੋਡ ਤੇ ਏ ਕੇ ਗੋਪਾਲਨ ਜੀ ਦੀ ਕੋਠੀ ਵਿੱਚ ਰਹਿ ਕੇ ਪੀਜੈਂਟ ਐਂਡ ਲੇਬਰ ਮੈਗਜ਼ੀਨ ਲਈ ਕੰਮ ਕਰਦਾ ਹੁੰਦਾ ਸੀ। ਬਾਲ ਸਖਾ ਸਾਥੀ ਹੋਣ ਕਾਰਨ ਜਾਗੀਰ ਸਾਡੀ ਸਰਬ ਸਾਂਝੀ ਜਾਗੀਰ ਸੀ।

ਬਚਪਨ ਵਿੱਚ ਅਮਰਜੀਤ ਗੁਰਦਾਸਪੁਰੀ ਜੀ ਦੇ ਕੰਠ ਤੋਂ ਅਸੀਂ ਚੰਨ ਜੀ ਦਾ ਗੀਤ" ਕਾਂਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ " ਅਕਸਰ ਸੁਣਦੇ ਸਾਂ। "ਹੇ ਪਿਆਰੀ ਭਾਰਤ ਮਾਂ" ਸਕੂਲ ਵਿੱਚ ਸਵੇਰ ਦੀ ਪ੍ਰਾਰਥਨਾ ਵਾਂਗ ਗਾਉਂਦੇ ਸਾਂ।

ਯੁਵਕ ਕੇਂਦਰ ਦੀ ਪ੍ਰਕਾਸ਼ਨਾ " ਬੋਲ ਸ਼ਹੀਦਾਂ ਦੇ" ਵਿੱਚ ਸ਼ਹੀਦ ਭਗਤ ਸਿੰਘ ਦੀ ਵਾਰ

ਅਜੇ ਕੱਲ੍ਹ ਦੀ ਗੱਲ ਹੈ ਸਾਥੀਓ, ਕੋਈ ਨਹੀਂ ਪੁਰਾਣੀ।
ਜਦ ਜਕੜੀ ਸੀ ਪਰਦੇਸੀਆਂ ਇਹ ਹਿੰਦ ਨਿਮਾਣੀ।
ਤੇ ਘਰ ਘਰ ਗੋਰੇ ਜ਼ੁਲਮ ਦੀ ਤੁਰ ਪਈ ਕਹਾਣੀ।
ਉਦੋਂ ਉੱਠਿਆਂ ਸ਼ੇਰ ਪੰਜਾਬ ਦਾ ਸੰਗ ਲੈ ਕੇ ਹਾਣੀ।

ਵੀ ਤੇਰਾ ਸਿੰਘ ਚੰਨ ਜੀ ਦੀ ਹੀ ਅਮਰ ਰਚਨਾ ਸੀ।

ਉਨ੍ਹਾਂ ਬਾਰੇ ਹੋਰ ਜਾਨਣ ਦੀ ਭੁੱਖ ਜਾਗੀ ਤਾਂ ਪਤਾ ਲੱਗਾ ਕਿ ਗਿਆਨੀ ਹੀਰਾ ਸਿੰਘ ਦਰਦ, ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਦੇ ਨਾਲ 1954 ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸੰਗਠਨ ਕਰਨ ਵਾਲਿਆਂ ਵਿੱਚ ਉਹ ਵੀ ਆਗੂ ਵਜੋਂ ਸ਼ਾਮਲ ਸਨ। ਉਦੋਂ ਉਹ ਜਲੰਧਰ ਰਹਿੰਦੇ ਸਨ।

1986 ਵਿੱਚ ਇਪਟਾ ਲਹਿਰ ਦੀ ਗੋਲਡਨ ਜੁਬਲੀ ਵੇਲੇ ਪੰਜਾਬੀ ਭਵਨ ਲੁਧਿਆਣਾ ਦੇ ਬਲਰਾਜ ਸਾਹਨੀ ਓਪਨ ਏਅਰ ਥੀਏਟਰ ਵਿੱਚ ਤੇਰਾ ਸਿੰਘ ਚੰਨ ਤੇ ਅਮਰਜੀਤ ਗੁਰਦਾਸਪੁਰੀ ਜੀ ਦੇ ਇਕੱਠਿਆਂ ਦਰਸ਼ਨ ਕੀਤੇ। ਮਨ ਧੰਨ ਧੰਨ ਹੋ ਗਿਆ।

ਚੰਨ ਜੀ ਕੌਣ ਤੇ ਕਿੱਥੋਂ ਸਨ, ਵਿਕੀਪੀਡੀਆ ਮੂੰਹੋਂ ਸੁਣੋ।

ਤੇਰਾ ਸਿੰਘ ਚੰਨ' ਜੀ ਦਾ ਜਨਮ 6 ਜਨਵਰੀ 1921 ਨੂੰ ਹੋਇਆ ਤੇ 9 ਜੁਲਾਈ 2009 ਨੂੰ ਆਖਰੀ ਫਤਹਿ ਬੁਲਾ ਗਏ।

ਉਹ ਪੰਜਾਬੀ ਸੱਭਿਆਚਾਰ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਲੇਖਕ,ਅਨੁਵਾਦਕ ਅਤੇ ਕਮਿਊਨਿਸਟ ਕਾਰਕੁਨ ਸਨ। ਉਹ ਲੋਕ ਲਹਿਰਾਂ ਵਿੱਚ ਹਰਮਨਪਿਆਰੇ ਹੋਏ ਕਈ ਅਮਰ ਗੀਤਾਂ ਦੇ ਲੇਖਕ ਸਨ।

ਤੇਰਾ ਸਿੰਘ ਚੰਨ ਦਾ ਪਿੰਡ ਬਿਲਾਵਲ, ਤਹਿਸੀਲ ਫਤਿਹ ਜੰਗ, ਜ਼ਿਲ੍ਹਾ ਕੈਂਬਲਪੁਰ (ਹੁਣ ਪਾਕਿਸਤਾਨ) ਸੀ।

ਉਨ੍ਹਾਂ ਦਾ ਜਨਮ ਸਥਾਨ ਵਾਲਾ ਪਿੰਡ ਬਿਲਾਵਲ ਤਿੰਨ ਪਾਸਿਓਂ ਸੁਹਾਂ ਨਦੀ ਦੇ



ਕਲ-ਕਲ ਕਰਦੇ ਸ਼ੀਤਲ ਜਲ ਨਾਲ ਘਿਰਿਆ ਕੁਦਰਤੀ ਖ਼ੂਬਸੂਰਤੀ ਨਾਲ ਲਬਰੇਜ਼ ਸੀ।

ਇਸੇ ਸੁਹਾਂ ਬਾਰੇ ਹੀ ਤਾਂ ਪ੍ਰੋ. ਮੋਹਨ ਸਿੰਘ ਲਿਖਦੇ ਹਨ, ਸੀਸ ਨੂੰ ਕਦੇ ਮੁਹੰਮਦ ਸਦੀਕ ਨੇ ਗਾਇਆ ਸੀ

ਬੈਠ ਸੁਹਾਂ ਦੀ ਉੱਚੀ ਕੰਧੀ
ਹੋਸ਼ ਨਾ ਰਹਿੰਦੀ ਦੁਨੀਆਂ ਸੰਦੀ
ਮੁੜ ਮੁੜ ਯਾਦਾਂ ਆਵਣ
ਪਿਆਰੀ ਤੇਰੀਆਂ।

ਚੰਨ ਜੀ ਦੇ ਜਨਮ ਤੋਂ ਪਹਿਲਾਂ ਉਨ੍ਹਾਂ ਦੇ ਪਰਿਵਾਰ ਵਿੱਚ ਕੋਈ ਬੱਚਾ ਬਚਦਾ ਨਹੀਂ ਸੀ।

ਇਸ ਲਈ ਮਾਂ ਬਾਪ ਨੇ ਸਤਿਗੁਰ ਦੇ ਸ਼ੁਕਰਾਨੇ ਵਜੋਂ ਉਹਨਾਂ ਦਾ ਨਾਂ 'ਤੇਰਾ' ਭਾਵ ਸਤਿਗੁਰ ਦਾ ਕਹਿ ਕੇ ਹੀ ਤੇਰਾ ਸਿੰਘ ਰੱਖਿਆ। ਬਚਪਨ ਤੋਂ ਹੀ ਸੁੰਦਰ ਦਿੱਖ ਦਾ ਮਾਲਕ ਹੋਣ ਕਾਰਨ ਵੀ ਮਾਂ ਉਹਨਾਂ ਨੂੰ 'ਚੰਨ ਪੁੱਤ' ਕਹਿ ਕੇ ਬੁਲਾਉਂਦੀ ਸੀ ਤੇ ਮਾਂ ਦਾ ਸੁਘੜ ਸਿਆਣਾ ਪੁੱਤ ਝੱਟ ਪੱਟ ਮਾਂ ਦੀ ਤਾਬਿਆ ਵਿੱਚ ਹਾਜ਼ਰ ਹੋ ਜਾਂਦਾ ਸੀ। ਇੰਜ ਬਚਪਨ ਵਿੱਚ ਹੀ ਮਾਂ ਵੱਲੋਂ ਉਹਨਾਂ ਨੂੰ ਚੰਨ ਕਹਿਣ ਤੇ ਉਹਨਾਂ ਦੇ ਨਾਂ ਨਾਲ 'ਚੰਨ' ਜੁੜ ਗਿਆ ਪਰ ਮਾਂ ਦਾ ਸੁੱਖ ਚੰਨ ਜੀ ਦੇ ਹਿੱਸੇ ਜ਼ਿਆਦਾ ਦੇਰ ਨਾ ਰਿਹਾ ਤੇ ਉਹਨਾਂ ਦੀ ਮਾਤਾ ਉਹਨਾਂ ਨੂੰ ਬਿਲਾਵਲ ਵਿੱਚ ਹੀ ਬਚਪਨ ਦੀ ਅਣਭੋਲ ਉਮਰੇ ਵਿਲਕਦੇ ਛੱਡ ਅਕਾਲ ਚਲਾਣਾ ਕਰ ਗਈ।

ਤੇਰਾ ਸਿੰਘ ਚੰਨ ਦੇ ਬਾਬਾ ਜੀ ਤੇ ਪਿਤਾ ਜੀ ਪਹਿਲਾਂ ਚੂਹੜਕਾਣਾ ਨੇੜੇ ਸੱਚਾ ਸੌਦਾ ਗੁਰਦੁਆਰਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ ਵਿੱਚ ਰਹਿੰਦੇ ਸਨ ,ਜਿਥੇ ਚੰਨ ਜੀ ਨੇ ਮੁੱਢਲੀ ਸਕੂਲੀ ਵਿਦਿਆ ਪਾਈ। ਫੇਰ ਉਹ ਅੰਮ੍ਰਿਤਸਰ ਆ ਕੇ ਫੁੱਫੜ ਸਰਦਾਰ ਸਰੂਪ ਸਿੰਘ ਕੋਲ ਰਹਿਣ ਲੱਗੇ ਤੇ ਉਹਨਾਂ ਨੂੰ ਸੁਘੜ ਸਿਆਣੀ ਭੂਆ ਭਾਗਵੰਤੀ ਤੋਂ ਮਾਂ ਵਰਗਾ ਪਿਆਰ ਮਿਲਿਆ। ਉਹਨਾਂ ਦੇ ਪਿਤਾ ਪਿੰਡਾਂ ਵਿੱਚ ਭਾਂਡੇ ਤੇ ਕੱਪੜੇ ਵੇਚਣ ਜਾਂਦੇ ਤਾਂ ਬਹੁਤ ਦਿਨਾਂ ਪਿੱਛੋਂ ਘਰ ਪਰਤਦੇ।

ਉਹਨਾਂ ਦੇ ਫੁੱਫੜ ਅਕਾਲੀ ਨੇਤਾ ਕਰਮ ਸਿੰਘ ਗੰਗਵਾਲ ਤੇ ਥੇਦਾਰ ਤੇਜਾ ਸਿੰਘ ਚੂਹੜਕਾਣਾ ਦੀ ਅਗਵਾਈ ਵਿੱਚ ਅੰਗਰੇਜ਼ ਸਰਕਾਰ ਖ਼ਿਲਾਫ ਜੰਗ-ਏ-ਆਜ਼ਾਦੀ ਲੜ ਰਹੇ ਸੀ। ਅੰਗਰੇਜ਼ੀ ਕੱਪੜਿਆਂ ਦਾ ਤਿਆਗ ਕਰਨਾ, ਕੱਪੜੇ ਸਾੜਨਾ ਸ਼ਾਮਲ ਸੀ।

1919 ਵਿਸਾਖੀ ਵੇਲੇ ਵਾਪਰਿਆ ਜਲ੍ਹਿਆਂਵਾਲੇ ਬਾਗ ਦਾ ਸਾਕਾ ਭਾਵੇਂ ਜਨਮ ਤੋਂ ਪਹਿਲਾਂ ਵਾਪਰ ਚੁੱਕਾ ਸੀ ਪਰ ਬਚਪਨ ਵਿੱਚ ਇਸ ਬਾਰੇ ਸੁਣਿਆ ਵੇਰਵਾ ਚੰਨ ਜੀ ਦੇ ਸੰਵੇਦਨਸ਼ੀਲ ਤੇ ਕੋਮਲ ਹਿਰਦੇ ਉੱਤੇ ਬਹੁਤ ਗਹਿਰਾ ਅਸਰ ਕਰ ਗਿਆ ਤੇ ਉਹ ਵੀ ਜੰਗ-ਏ-ਆਜ਼ਾਦੀ ਵਿੱਚ ਸ਼ਾਮਲ ਹੋ ਗਏ।

ਚੰਨ ਜੀ ਨੇ ਬਚਪਨ ਵਿੱਚ ਵੇਖਿਆ ਸੀ ਕਿ ਪਿੰਡ ਬਿਲਾਵਲ ਵਿੱਚ ਸੁਹਾਂ ਸੁਹਾਂ ਕੰਢੇ ਰੇਤ ਦੇ ਟਿੱਬਿਆਂ ਉਤੇ-ਢੱਕੀ ਉੱਤੇ ਖੇਡਾਂ ਹੁੰਦੀਆਂ। ਨਾਚ, ਗਾਣੇ ਅਤੇ ਨਾਟ ਹੁੰਦੇ। ਸੱਸੀ ਪੁੰਨੂੰ, ਹੀਰ ਰਾਂਝਾ ਅਤੇ ਹੋਰਨਾਂ ਲੋਕ ਗਾਥਾਵਾਂ ਉੱਤੇ ਅਧਾਰਤ ਨਾਟਕ ਜਾਂ ਕਾਵਿ ਓਪੇਰੇ ਖੇਡੇ ਜਾਂਦੇ। ਪੁੰਨੂ ਦੇ ਰੋਲ ਵਾਲਾ ਕਲਾਕਾਰ ਊਠ ਉੱਤੇ ਬੈਠ ਕੇ ਹੀ ਅਦਾਕਾਰੀ ਕਰਦਾ ਉਚੀ ਹੇਕ ਲਾ ਕੇ ਗੀਤ ਗਾਉਂਦਾ। ਕਲਾਕਾਰ ਹੀਰ ਗਾਉਂਦਾ ਜੋ ਦੂਰ ਦੂਰ ਤੱਕ ਸੁਣਾਈ ਦਿੰਦੀ। ਇਨ੍ਹਾਂ ਲੋਕ ਗੀਤਾਂ, ਨਾਟਕਾਂ, ਸਾਂਗਾਂ ਤੇ ਨਾਚਾਂ ਨੇ ਉਹਨਾਂ ਦੇ ਮਨ ਵਿੱਚ ਘਰ ਕਰ ਲਿਆ ਤੇ ਉਹ ਵੀ ਸਾਹਿਤ ਵੱਲ ਪ੍ਰੇਰਿਤ ਹੋਏ। ਉਹਨਾਂ ਕਵਿਤਾ



ਗੁਰਭਜਨ ਗਿੱਲ

ਦੀ ਐਸੀ ਬਾਂਹ ਫੜੀ ਕਿ ਸਾਹਿਤ ਖੇਤਰ ਵਿੱਚ ਅਮਿੱਟ ਛਾਪ ਛੱਡਦੇ ਹੋਏ ਸਦੀਵੀ ਗੌਲਣਯੋਗ ਤੇ ਮਹੱਤਵਪੂਰਨ ਕਵਿਤਾਵਾਂ, ਗ਼ਜ਼ਲਾਂ, ਓਪੇਰੇ, ਨਾਟਕ ਗੀਤ ਤੇ ਨਾਟਕ ਲਿਖੇ ਤੇ ਸਾਹਿਤਕ ਖੇਤਰ ਵਿੱਚ ਨਿੱਗਰ ਹਾਜ਼ਰੀ ਲਵਾਈ।

ਉਹਨਾਂ ਦੀਆਂ ਕਾਵਿ ਰਚਨਾਵਾਂ ਵਿੱਚ ਸਿਸਕੀਆਂ (1943, ਦੇਵ ਦੀਪਕ ਮੰਡਲ ਨੇ ਹਮਦਰਦ ਸਟੀਮ ਪ੍ਰੈਸ ਰਾਵਲਪਿੰਡੀ ਤੋਂ ਛਪਵਾਈ। ਜੈ ਹਿੰਦ 1945 ਵਿੱਚ ਤੇ ਸਮੇਂ ਸਮੇਂ ਦੀਆਂ ਗੱਲਾਂ 1954 ਵਿੱਚ ਮੀਤ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਨੇ ਛਾਪੀ।

ਕਾਗ ਸਮੇਂ ਦਾ ਬੋਲਿਆ 1995, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ ਵੱਲੋਂ ਸ, ਗੁਰਸ਼ਰਨ ਸਿੰਘ ਦੀ ਨੇ ਛਾਪੀ। ਇਸ ਨੂੰ ਉਨ੍ਹਾਂ ਦੇ ਦਾਮਾਦ ਡਾ. ਰਘਬੀਰ ਸਿੰਘ ਸਿਰਜਣਾ ਨੇ ਸੰਪਾਦਿਤ ਕੀਤਾ। ਉਨ੍ਹਾਂ ਦੀਆਂ ਨਾਟ ਰਚਨਾਵਾਂ ਵਿੱਚ

ਅਮਰ ਪੰਜਾਬ,ਸਾਂਝਾ ਵਿਹੜਾ

ਲੱਕੜ ਦੀ ਲੱਤ ਪ੍ਰਮੁੱਖ ਹਨ।

ਲੱਕੜ ਦੀ ਲੱਤ' ਅਜਿਹੇ ਸੈਨਿਕਾਂ ਦੇ ਦੁੱਖੜਿਆ ਬਾਰੇ ਹੈ ਜਿਹਨਾਂ ਨੇ ਜੰਗ ਦੇ ਮੁਹਾਜ਼ ਤੇ ਆਪਣੀਆਂ ਲੱਤਾਂ ਬਾਹਾਂ ਗੁਆ ਲਈਆਂ ਸਨ।

ਤੇਰਾ ਸਿੰਘ ਚੰਨ ਜੀ ਬਾਰੇ ਹੋਰ ਵਧੇਰੇ ਜਾਨਣ ਲਈ ਪੰਜਾਬੀ ਸਾਹਿੱਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ ਵੱਲੋਂ ਉਨ੍ਹਾਂ ਦੀ ਜਨਮ ਸ਼ਤਾਬਦੀ ਵੇਲੇ ਪ੍ਰਕਾਸ਼ਿਤ ਪੁਸਤਕ ਨੂੰ ਪੜ੍ਹ ਸਕਦੇ ਹੋ।

ਵੰਨਗੀ ਮਾਤਰ ਉਨ੍ਹਾਂ ਦੀਆਂ ਦੋ ਲਿਖਤਾਂ ਪੇਸ਼ ਹਨ।

1.

ਹੇ ਪਿਆਰੀ ਭਾਰਤ ਮਾਂ
ਹੇ ਪਿਆਰੀ ਭਾਰਤ ਮਾਂ,
ਅਸੀਂ ਤੈਨੂੰ ਸੀਸ ਨਿਵਾਂਦੇ ਹਾਂ
ਤੇਰੇ ਤੋਂ ਸਦਕੇ ਜਾਂਦੇ ਹਾਂ ।

ਸਾਨੂੰ ਲੋਰੀਆਂ ਦਿੱਤੀਆਂ ਮਾਂ,
ਤੇਰੇ ਗਿੱਧਿਆਂ ਦੀ ਬੋਲੀ ਨੇ।
ਸਾਨੂੰ ਹੱਸਣਾ ਦੱਸਿਆ ਮਾਂ,
ਤੇਰੇ ਭੰਗੜੇ ਦੀ ਟੋਲੀ ਨੇ ।
ਅਸੀਂ ਡਿੱਗ ਡਿੱਗ ਹੋਏ ਜਵਾਨ,
ਨਾ ਸਮਝੇ ਸਾਨੂੰ ਕੋਈ ਨਾਦਾਨ,
ਅਗਾਂਹ ਨੂੰ ਕਦਮ ਵਧਾਂਦੇ ਹਾਂ ।

ਸਾਨੂੰ ਟੁਰਨਾ ਦੱਸਿਆ ਮਾਂ,
ਤੇਰੇ ਵਗਦੇ ਦਰਿਆਵਾਂ ਨੇ।
ਸਾਨੂੰ ਨੱਚਣਾ ਦੱਸਿਆ ਮਾਂ, ਲਹਿਰਾਂ ਦੀਆਂ ਸ਼ੋਖ ਅਦਾਵਾਂ ਨੇ।
ਤੇਰੀ ਮਿੱਠੜੀ ਮਸਤ ਹਵਾ,
ਸਾਨੂੰ ਅਰਸ਼ੀਂ ਦਏ ਪੁਚਾ,
ਸੁਰਗ ਨੂੰ ਕੋਲ ਬੁਲਾਂਦੇ ਹਾਂ ।

ਸਾਨੂੰ ਹਿੰਮਤ ਦਿੱਤੀ ਮਾਂ,
ਤੇਰੇ ਇਸ ਉੱਚ ਹਿਮਾਲੇ ਨੇ।
ਸਾਨੂੰ ਦਿੱਤਾ ਸੱਚ ਨਿਆਂ,
ਗੰਗਾ ਦੇ ਇੱਕ ਉਛਾਲੇ ਨੇ।
ਤੇਰੇ ਹਰੇ-ਭਰੇ ਨੇ ਖੇਤ,
ਕਿ ਤੇਰੀ ਸੋਨੇ ਵਰਗੀ ਰੇਤ
ਮੱਥੇ 'ਤੇ ਧੂੜੀ ਲਾਂਦੇ ਹਾਂ ।

ਸਾਨੂੰ ਜਿਉਣਾ ਦੱਸਿਆ ਮਾਂ, ਤੇਰੀਆਂ ਮਸਤ ਬਹਾਰਾਂ ਨੇ।
ਸਾਨੂੰ ਮਰਨਾ ਦੱਸਿਆ ਮਾਂ,
ਭਗਤ ਸਿੰਘ ਜਹੇ ਸਰਦਾਰਾਂ ਨੇ।
ਸਾਨੂੰ ਬੁੱਧ ਵਰਗੇ ਭਗਵਾਨ,
ਤੇ ਸਾਡੇ ਗਾਂਧੀ ਜਹੇ ਇਨਸਾਨ
ਉਹਨਾਂ ਤੋਂ ਸਿੱਖਿਆ ਪਾਂਦੇ ਹਾਂ ।

ਅਸੀਂ ਸਹੁੰ ਖਾਂਦੇ ਹਾਂ ਮਾਂ,
ਭਗਤ ਸਿੰਘ ਦੀ ਕੁਰਬਾਨੀ ਦੀ।
ਅਸੀਂ ਸਹੁੰ ਖਾਂਦੇ ਹਾਂ ਮਾਂ,
ਤੇਰੀ ਝਾਂਸੀ ਦੀ ਰਾਣੀ ਦੀ।
ਵੱਲ ਤੇਰੇ ਜਿਹੜਾ ਤੱਕੇਗਾ,
ਉਹ ਸਾਥੋਂ ਬਚ ਨਹੀਂ ਸਕੇਗਾ,
ਅਸੀਂ ਇਹ ਕਸਮਾਂ ਖਾਂਦੇ ਹਾਂ ।

2.

ਕਾਗ ਸਮੇਂ ਦਾ ਬੋਲਿਆ

ਕਾਗ ਸਮੇਂ ਦਾ ਬੋਲਿਆ
ਅਮਨਾਂ ਦੀ ਬੋਲੀ।
ਮਾਖਿਓਂ ਵਰਗੀ ਮਸਤੀ
ਜਿਸ ਕਣ-ਕਣ ਵਿੱਚ ਘੋਲੀ।

ਸ਼ੁੱਧ ਕੁੰਦਨ ਦੇ ਵਿਚ ਨੀ ਇਹਦੀ ਚੁੰਝ ਮੜ੍ਹਾਵੋ।
ਮੋਰ ਤੇ ਤਿੱਤਰ ਇਹਦਿਆਂ ਖੰਭਾਂ 'ਤੇ ਪਾਵੋ।
ਬੰਨ੍ਹੋ ਨੀ ਇਹਦੇ ਪਹੁੰਚਿਆਂ ਵਿਚ ਕੋਈ ਰੱਤੀ ਮੌਲੀ।

ਪਾਵੋ ਨੀ ਇਹਦਿਆਂ ਨੈਣਾਂ ਵਿਚ ਕੋਈ ਸੁਰਮ ਸਲਾਈਆਂ।
ਧਰਤੀ ਉਤੇ ਏਸ ਨੇ ਮਿਹਰਾਂ ਬਰਸਾਈਆਂ।
ਜਿਵੇਂ ਫੁਲੇਰਾ ਉਲਟ ਦਏ
ਫੁੱਲਾਂ ਦੀ ਝੋਲੀ।

ਦੇਸ ਦੇਸ ਵਿਚ ਦਿੱਤਾ ਨੀ
ਇਸ ਅਮਨ ਸੁਨੇਹਾ।
ਮੂੰਹ ਲੋਕਾਂ ਦਾ ਲਿਸ਼ਕਿਆ
ਸੁਣ ਸੋਨੇ ਜੇਹਾ।
ਪਿੱਤਲ ਵਰਗੀ ਹੋ ਗਈ ਲਹੂ ਪੀਣੀ ਟੋਲੀ।

ਕੱਢ ਲਿਆਵੋ ਅੰਦਰੋਂ ਨੀ ਮੱਖਣਾਂ ਦੇ ਪੇੜੇ।
ਕੁੱਟ-ਕੁੱਟ ਪਾਵੋ ਚੂਰੀਆਂ ਨੀ ਇਹ ਪੰਧ ਨਬੇੜੇ।
ਝਬਦੇ ਲਿਆਵੋ ਧਰਤ 'ਤੇ ਸ਼ਗਨਾਂ ਦੀ ਡੋਲੀ।

ਪਾ ਲਏ ਅੰਦਰੋਂ ਕੱਢ ਕੇ ਵਿਧਵਾ ਨੇ ਗਹਿਣੇ।
ਖੁਸ਼ ਹੈ ਹੁਣ ਨਹੀਂ ਕਦੇ ਵੀ ਤਨ ਉਤੋਂ ਲਹਿਣੇ।
ਵਰੀ ਸੂਹੀ ਦੀ ਪੋਟਲੀ
ਉਸ ਵਿਹੜੇ ਵਿਚ ਖੋਲ੍ਹੀ।

ਫੜ ਲਈ ਬੁੱਢੇ ਪਿਓ ਨੇ ਹੱਥ ਫੇਰ ਡੰਗੋਰੀ।
ਹੁਣ ਨਹੀਂ ਹੋਣੀ ਕਦੇ ਵੀ ਇਹ ਪੋਰੀ ਪੋਰੀ।
ਪਿੱਪਲਾਂ ਥੱਲੇ ਨੱਚ ਪਈ ਗਿੱਧੇ ਦੀ ਬੋਲੀ।

ਪਲਕਾਂ ਨਾਲ ਜਹਾਨ ਦੀ ਇਸ ਕਾਲਖ ਚੁੱਗੀ।
ਇਸ ਦੀ ਨਜ਼ਰੋਂ ਰਹੀ ਨਾ ਇਕ ਵਿਥ ਵੀ ਲੁੱਗੀ।
ਟੁਰ ਟੁਰ ਪੱਬਾਂ ਭਾਰ ਏਸ ਹਰ ਨੁੱਕਰ ਫੋਲੀ।
ਕਾਗ ਸਮੇਂ ਦਾ ਬੋਲਿਆ
ਅਮਨਾਂ ਦੀ ਬੋਲੀ।

---

## ਇਕ ਦਿਨ ਦਾ ਅਫਸਰ

ਸ਼ੁਰੂ ਤੋਂ ਹੀ ਪੁਲੀਸ ਜਾਂ ਫੌਜ ਵਿੱਚ ਜਾਣ ਦੀ ਇਛਾ ਸੀ। ਬੀਐੱਸਸੀ ਕਰਦੇ ਸਮੇਂ ਪੰਜਾਬ ਪੁਲੀਸ ਵਿੱਚ ਏਐੱਸਆਈ ਦੀਆਂ ਪੋਸਟਾਂ ਨਿਕਲੀਆਂ। ਅਰਜ਼ੀ ਦਿੱਤੀ, ਕੁਝ ਦਿਨਾਂ ਪਿੱਛੋਂ ਇੰਟਰਵਿਊ ਆ ਗਈ, ਜੋ ਪੀਏਪੀ ਗਰਾਊਂਡ ਜਲੰਧਰ ਵਿੱਖੇ ਸੀ। ਇੰਟਰਵਿਊ ਵਾਲੇ ਦਿਨ ਪੀਏਪੀ ਗਰਾਊਂਡ ਜਲੰਧਰ ਪਹੁੰਚੇ ਤਾਂ ਪਤਾ ਲੱਗਾ ਕਿ ਇੰਟਰਵਿਊ ਰੱਦ ਹੋ ਗਈ ਹੈ। ਐੱਮਐੱਸਸੀ ਦੌਰਾਨ ਫੌਜ ਵਿੱਚ ਸੈਕਿੰਡ ਲੈਫਟੀਨੈਂਟ ਲਈ ਅਪਲਾਈ ਕੀਤਾ। ਇੰਟਰਵਿਊ ’ਤੇ ਬੁਲਾਇਆ ਗਿਆ, ਪਰ ਤਿਆਰੀ ਪੂਰੀ ਨਹੀਂ ਸੀ, ਇੰਟਰਵਿਊ ’ਤੇ ਨਹੀਂ ਗਿਆ। ਸੋਚਿਆ, ਅਗਲੀ ਇੰਟਰਵਿਊ ਲਈ ਜਾਵਾਂਗਾ, ਇੰਟਰਵਿਊ ਲਈ ਦੂਜਾ ਮੌਕਾ ਵੀ ਸੀ। ਕੁਝ ਦਿਨਾਂ ਬਾਅਦ ਦੂਜੀ ਇੰਟਰਵਿਊ ਦੀ ਚਿੱਠੀ ਆਈ। ਇੰਟਰਵਿਊ ਬੰਗਲੌਰ ਸੀ। ਕਿਸੇ ਕਾਰਨ ਇੰਟਰਵਿਊ ਦੀ ਚਿੱਠੀ ਲੇਟ ਪਹੁੰਚੀ, ਜਿਸ ਕਾਰਨ ਦੂਜੀ ਇੰਟਰਵਿਊ ਵੀ ਰਹਿ ਗਈ।

ਖਾੜਕੂਵਾਦ ਦਾ ਦੌਰ ਸੀ। ਸਰਕਾਰੀ ਭਰਤੀਆਂ ਲਗਭਗ ਬੰਦ ਸਨ। ਕੁਝ ਮਹੀਨੇ ਬਾਅਦ ਇਕ ਪਬਲਿਕ ਸਕੂਲ ਵਿੱਚ ਪੀਜੀਟੀ (ਪੋਸਟ ਗਰੈਜੂਏਟ ਟੀਚਰ) ਦੀ ਨੌਕਰੀ ਮਿਲ ਗਈ। ਬਹੁਤ ਵਧੀਆ ਸਕੂਲ, ਕਮਾਲ ਦੇ ਵਿਦਿਆਰਥੀ, ਬਹੁਤ ਕਾਬਿਲ ਪ੍ਰਿੰਸੀਪਲ ਤੇ ਚੰਗੀ ਤਨਖਾਹ।ਸਕੂਲ ਵਿੱਚ ਚੰਗਾ ਜੀਅ ਲੱਗਾ। ਕੁਝ ਸਾਲ ਨੌਕਰੀ ਕਰਨ ਤੋਂ ਬਾਅਦ ਸਰਕਾਰੀ ਅਧਿਆਪਕ ਵਜੋਂ ਨੌਕਰੀ ਕਰਨ ਬਾਰੇ ਸੋਚਿਆ। ਸਰਕਾਰੀ ਕਾਲਜ ਵਿੱਚ ਜਾਣ ਲਈ ਐੱਮਫਿਲ ਲਾਜ਼ਮੀ ਸੀ, ਪਰ ਐੱਮਫਿਲ ਕਰਨ ਲਈ ਮਨ ਤਿਆਰ ਨਹੀਂ ਸੀ। ਸਰਕਾਰੀ ਸਕੂਲ ਵਿੱਚ ਜਾਣ ਲਈ ਬੀਐੱਡ ਜ਼ਰੂਰੀ ਸੀ, ਮਨ ਬੇਸ਼ਕ ਤਿਆਰ ਨਹੀਂ ਸੀ, ਪਰ ਬੀਐੱਡ ਕਰਨੀ ਪਈ। ਇਸ ਤੋਂ ਸਾਲ ਕੁ ਬਾਅਦ ਪੰਜਾਬ ਦੇ ਸਰਕਾਰੀ ਸਕੂਲਾਂ ਲਈ ਲੈਕਚਰਾਰਾਂ ਦੀਆਂ ਪੋਸਟਾਂ ਨਿਕਲੀਆਂ। ਅਪਲਾਈ ਕੀਤਾ, ਇੰਟਰਵਿਊ ਦਿਤੀ ਅਤੇ ਬਤੌਰ ਲੈਕਚਰਾਰ ਚੋਣ ਹੋ ਗਈ।

ਪਹਿਲੇ ਹੀ ਦਿਨ ਜਦੋਂ ਸਰਕਾਰੀ ਸਕੂਲ ਵਿੱਚ ਹਾਜ਼ਰੀ ਦਿਤੀ ਤਾਂ ਸਾਥੀ ਅਧਿਆਪਕ ਕਹਿੰਦੇ:‘ਪ੍ਰਿੰਸੀਪਲਾਂ ਦੀਆਂ ਬਹੁਤ ਪੋਸਟਾਂ ਖਾਲੀ ਪਈਆਂ ਤੇ ਲੰਮੇ ਸਮੇਂ ਤੋਂ ਤਰੱਕੀਆਂ ਨਹੀਂ ਹੋਈਆਂ। ਬੱਸ ਛੇਤੀ ਦਾਅ ਲੱਗ ਜਾਣਾ।’ ਸੋਚਿਆ, ਪੁਲੀਸ ਜਾਂ ਫੌਜ ਵਿੱਚ ਤਾਂ ਅਫਸਰ ਨਹੀਂ ਲੱਗ ਸਕਿਆ, ਪ੍ਰਿੰਸੀਪਲ ਬਣ ਕੇ ਅਫਸਰ ਬਣਨ ਦੀ ਰੀਝ ਪੂਰੀ ਹੋ ਜਾਵੇਗੀ 12-13 ਸਾਲ ਪ੍ਰਿੰਸੀਪਲਾਂ ਵਾਲੀਆਂ ਤਰੱਕੀਆਂ ਰੁਕੀਆਂ ਰਹੀਆਂ। ਫਿਰ ਜਦੋਂ ਤਰੱਕੀਆਂ ਸ਼ੁਰੂ ਹੋਈਆਂ, ਕਈ ਸਾਲ ਮੇਰਾ ਨੰਬਰ ਹੀ ਨਾ ਆਇਆ; ਸੀਨੀਆਰਟੀ ਲਿਸਟ ਵਿੱਚ ਮੇਰਾ ਨੰਬਰ ਦੂਰ ਸੀ। ਫਿਰ ਕਰੋਨਾ ਕਾਰਨ ਇਕ ਵਾਰ ਤਰੱਕੀਆਂ ਰੁਕ ਗਈਆਂ ਸਨ।

ਅਸਲ ਵਿੱਚ ਪਬਲਿਕ ਸਕੂਲ ’ਚ 7 ਸਾਲ ਨੌਕਰੀ ਕਰਨ ਕਰ ਕੇ ਸਰਕਾਰੀ ਨੌਕਰੀ ’ਚ ਆਉਣ ਤੋਂ ਮੈਂ ਪਛੜ ਗਿਆ। ਮੇਰੇ ਨਾਲ ਦੇ ਮੈਥੋਂ 7-8 ਸਾਲ ਪਹਿਲਾਂ ਸਰਕਾਰੀ ਸਕੂਲਾਂ ’ਚ ਲੈਕਚਰਾਰ ਆ ਚੁੱਕੇ ਸਨ। ਉਨ੍ਹਾਂ ਨੂੰ ਪ੍ਰਿੰਸੀਪਲ ਬਣਿਆਂ ਵੀ ਕਈ ਸਾਲ ਹੋ ਗਏ ਸਨ; ਮੈਥੋਂ ਕਈ ਸਾਲ ਜੂਨੀਅਰ ਵੀ ਪ੍ਰਿੰਸੀਪਲ ਬਣ ਗਏ ਸਨ, ਪਰ ਪੱਚੀ ਸਾਲ ਬਤੌਰ ਲੈਕਚਰਾਰ ਸੇਵਾ ਨਿਭਾਉਣ ਤੋਂ ਬਾਅਦ ਵੀ ਮੇਰਾ ਨੰਬਰ ਨਹੀਂ ਆਇਆ।

ਸੇਵਾ ਮੁਕਤੀ ਵਿੱਚ ਕੁਝ ਮਹੀਨੇ ਰਹਿ ਗਏ ਸਨ। ਇਸ ਲਈ ਅਫਸਰ ਬਣਨ ਦੀ ਆਖ਼ਰੀ ਆਸ ਧੁੰਦਲੀ ਜਾਪਦੀ ਸੀ, ਪਰ ਸੇਵਾ ਮੁਕਤੀ ਤੋਂ ਚਾਰ ਮਹੀਨੇ ਪਹਿਲਾਂ ਇੱਕ ਸ਼ਾਮ ਪ੍ਰਿੰਸੀਪਲਾਂ ਦੀ ਤਰੱਕੀ ਵਾਲੀ ਲਿਸਟ ਆ ਗਈ, ਜਿਸ ਵਿੱਚ ਮੇਰਾ ਨਾਮ ਸੀ। ਅਗਲੇ ਦਿਨ ਜ਼ਿਲ੍ਹਾ ਸਿੱਖਿਆ ਦਫਤਰ ਵਿੱਚ ਜਾ ਹਾਜ਼ਰੀ ਦਿੱਤੀ। ਜ਼ਿਲ੍ਹਾ ਸਿੱਖਿਆ ਅਫਸਰ ਨੇ ਦੱਸਿਆ ਕਿ ਸਟੇਸ਼ਨ ਅਲਾਟਮੈਂਟ ਕੁਝ ਦਿਨ ਬਾਅਦ ਡੀਪੀਆਈ ਨੇ ਮੁਹਾਲੀ ਵਿਖੇ ਕਰਨੀ ਹੈ। ਉਦੋਂ ਤਕ ਪਹਿਲੇ ਸਕੂਲ ਵਿੱਚ ਹੀ ਪਹਿਲਾਂ ਵਾਲੀ ਡਿਊਟੀ ਦੇਣੀ ਹੋਵੇਗੀ।

ਸੱਤ ਸਾਲ ਬਤੌਰ ਪੀਜੀਟੀ ਤੇ ਪੱਚੀ ਸਾਲ ਬਤੌਰ ਲੈਕਚਰਾਰ ਮੈਂ ਹਰ ਡਿਊਟੀ ਪੂਰੀ ਜ਼ਿੰਮੇਵਾਰੀ ਨਾਲ ਨਿਭਾਈ; ਇਹ ਭਾਵੇਂ ਬੋਰਡ ਇਮਤਿਹਾਨਾਂ ਦੀ ਡਿਊਟੀ ਹੋਵੇ, ਚੋਣ ਡਿਊਟੀ ਜਾਂ ਮਹਿਕਮੇ ਵਲੋਂ ਲਾਈ ਕੋਈ ਹੋਰ ਡਿਊਟੀ। ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਬਤੌਰ ਪ੍ਰਿੰਸੀਪਲ ਜੁਆਇਨ ਕੀਤਿਆਂ ਕਈ ਹਫਤੇ ਲੰਘ ਗਏ, ਪਰ ਸਟੇਸ਼ਨ ਅਲਾਟਮੈਂਟ ਨਹੀਂ ਹੋਈ। ਇੰਝ ਉਡੀਕਦਿਆਂ ਚਾਰ ਮਹੀਨੇ ਲੰਘ ਗਏ। ਪਤਾ ਲੱਗਾ ਕਿ ਸਟੇਸ਼ਨ ਅਲਾਟਮੈਂਟ ਵਿੱਚ ਦੇਰੀ ਦਾ ਕਾਰਨ ਕੋਈ ਕੋਰਟ ਕੇਸ ਹੈ।

ਮੇਰੀ ਰਿਟਾਇਰਮੈਂਟ ਵਿੱਚ ਸਿਰਫ ਇੱਕ ਦਿਨ ਬਚਿਆ ਸੀ। ਅਚਾਨਕ ਸ਼ਾਮ ਨੂੰ ਸਟੇਸ਼ਨ ਅਲਾਟਮੈਂਟ ਦੀ ਚਿੱਠੀ ਆ ਗਈ। ਸਟੇਸ਼ਨ ਅਲਾਟਮੈਂਟ ਲਈ ਅਗਲੇ ਦਿਨ ਮੀਟਿੰਗ ਹਾਲ ਬੋਰਡ ਦਫਤਰ ਮੁਹਾਲੀ ਸੱਦਿਆ ਸੀ। ਸੋ, ਅਗਲੇ ਦਿਨ ਦਿੱਤੇ ਸਮੇਂ ’ਤੇ ਉਥੇ ਪਹੁੰਚ ਕੇ ਹਾਜ਼ਰੀ ਦਿੱਤੀ। ਵਾਰੀ ਆਉਣ ’ਤੇ ਆਪਣੇ ਹੀ ਜ਼ਿਲ੍ਹੇ ਦਾ ਸਕੂਲ ਅਲਾਟ ਹੋ ਗਿਆ। ਇਹ ਮੇਰੀ ਸਰਵਿਸ ਦਾ ਆਖ਼ਰੀ ਦਿਨ ਸੀ। ਇੱਕੋ ਦਿਨ ਮੇਰੀ ਬਤੌਰ ਪ੍ਰਿੰਸੀਪਲ ਜੁਆਇਨਿੰਗ ਅਤੇ ਰਿਟਾਇਰਮੈਂਟ ਤੈਅ ਸੀ। ਅਲਾਟ ਹੋਏ ਸਕੂਲ ਵਿੱਚ ਪਹੁੰਚੇ ਤਾਂ ਉਸ ਸਮੇਂ ਸਕੂਲ ਦੀ ਛੁੱਟੀ ਵਿੱਚ ਦੋ ਘੰਟੇ ਬਾਕੀ ਸਨ; ਭਾਵ, ਮੇਰੀ ਰਿਟਾਇਰਮੈਂਟ ਵਿੱਚ ਵੀ ਦੋ ਘੰਟੇ ਬਾਕੀ ਸਨ।ਸਕੂਲ ਬਹੁਤ ਸਾਫ ਸਥਰਾ ਤੇ ਹਰਿਆ-ਭਰਿਆ ਸੀ। ਵੀਹ ਕੁ ਸਟਾਫ ਮੈਂਬਰ ਸਨ। ਸਟਾਫ ਨੇ ਨਿੱਘਾ ਸਵਾਗਤ ਕੀਤਾ।ਸਕੂਲ ਦੀਆਂ ਸ਼ਾਨਦਾਰ ਲੈਬਾਰਟਰੀਆ, ਕੰਪਿਊਟਰ ਰੂਮ, ਲਾਇਬ੍ਰੇਰੀ, ਗਰਾਊਂਡ, ਲਾਅਨ ਅਤੇ ਸਾਫ ਸੁਥਰੇ ਕਲਾਸ ਕਮਰੇ ਦੇਖ ਕੇ ਚੰਗਾ ਲੱਗਿਆ।

31 ਮਾਰਚ ਦਾ ਦਿਨ ਸੀ। ਛੁੱਟੀ ਤੋਂ ਅੱਧਾ ਘੰਟਾ ਪਹਿਲਾਂ ਸਕੂਲ ਦਾ ਸਾਰਾ ਸਟਾਫ ਚਾਹ ਪਾਣੀ ਲਈ ਇਕੱਠਾ ਬੈਠਿਆ। ਸਟਾਫ ਸੈਕਟਰੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਮੇਰੇ ਸਵਾਗਤ ਵਿੱਚ ਅਤੇ ਨਾਲ ਮੇਰੀ ਵਿਦਾਇਗੀ ਸਬੰਧੀ ਚਾਰ ਲਾਈਨਾਂ ਬੋਲੀਆਂ। ਅਖ਼ੀਰ ਵਿੱਚ ਮੈਂ ਸਾਰਿਆਂ ਦਾ ਧੰਨਵਾਦ ਕੀਤਾ। ਛੁੱਟੀ ਦਾ ਸਮਾਂ ਹੋ ਚੁੱਕਿਆ ਸੀ।ਸਕੂਲ ਵਿੱਚ, ਭਾਵ ਸਿੱਖਿਆ ਵਿਭਾਗ ਵਿੱਚ, ਆਖ਼ਰੀ ਹਾਜ਼ਰੀ ਲਾਉਣ ਦਾ ਵਕਤ ਆ ਚੁੱਕਿਆ ਸੀ। ਇੱਕ ਦਿਨ ਜਾਂ ਕੁਝ ਘੰਟਿਆਂ ਲਈ ਹੀ ਸਹੀ, ਪਰ ਪ੍ਰਿੰਸੀਪਲ ਬਣ ਕੇ ਅਫਸਰ ਬਣਨ ਦੀ ਰੀਝ ਪੂਰੀ ਹੋ ਗਈ।

# ਕੇਂਦਰ ਸਰਕਾਰ ਫੌਰੀ ਤੌਰ ਤੇ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਕੀਤਾ ਵਾਧਾ ਤੁਰੰਤ ਵਾਪਸ ਲਵੇ:-ਲੱਖੋਵਾਲ

## ਖਾਦਾਂ ਨਾਲ ਧੱਕੇ ਨਾਲ ਦਿੱਤੇ ਜਾ ਰਹੇ ਵਾਧੂ ਸਮਾਨ ਉੱਪਰ ਸਰਕਾਰ ਨੱਥ ਪਾਵੇ ਹੜਾਂ ਤੋਂ ਬਚਣ ਲਈ ਦਰਿਆਵਾਂ ਦੀ ਸਫਾਈ ਤੇ ਬੰਨ ਮਜ਼ਬੂਤ ਕੀਤੇ ਜਾਣ

**ਲੁਧਿਆਣਾ (ਮਹੇਸ਼ਇੰਦਰ ਸਿੰਘ ਮਾਂਗਟ)** -ਭਾਰਤੀ ਕਿਸਾਨ ਯੂਨੀਅਨ ਪੰਜਾਬ ਰਜਿ:283 ਦੀ ਮਹੀਨਾਵਾਰ ਮੀਟਿੰਗ ਯੂਨੀਅਨ ਦੇ ਪ੍ਰਧਾਨ ਸ: ਹਰਿੰਦਰ ਸਿੰਘ ਲੱਖੋਵਾਲ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਮੁੱਖ ਦਫ਼ਤਰ ਲੁਧਿਆਣਾ ਵਿਖੇ ਹੋਈ ਜਿਸ ਵਿੱਚ ਯੂਨੀਅਨ ਦੇ ਐਗਜੈਕਟਿਵ ਮੈਂਬਰ ਤੇ ਜਿਲ੍ਹਾ ਪ੍ਰਧਾਨ ਸ਼ਾਮਿਲ ਹੋਏ ਮੀਟਿੰਗ ਵਿੱਚ ਕਿਸਾਨੀ ਮੁੱਦਿਆਂ ਤੇ ਵਿਚਾਰਾਂ ਕੀਤੀਆਂ ਗਈਆਂ।




ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਸ.ਅਵਤਾਰ ਸਿੰਘ ਮੇਹਲੋਂ ਸਰਪਰਸਤ ਤੇ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਨੇ ਸਾਂਝਾ ਬਿਆਨ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਦੁਆਰਾ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਕਿ ਦੇਸ਼ ਭਰ ਵਿੱਚ ਕਿਸਾਨਾਂ ਮਜ਼ਦੂਰਾਂ ਤੇ ਆਮ ਲੋਕ ਜੋ ਪਹਿਲਾਂ ਹੀ ਮਹਿੰਗਾਈ ਤੋਂ ਤੰਗ ਆ ਚੁੱਕੇ ਹਨ ਮਹਿੰਗਾਈ ਇਨੀ ਹੈ ਕਿ ਲੋਕਾਂ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚੱਲ ਰਿਹਾ ਹੈ ਪਰ ਕੇਂਦਰ ਸਰਕਾਰ ਨੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਫੌਰਨ ਬਾਅਦ ਤੇਲ ਕੰਪਨੀਆਂ ਨੂੰ ਤੇਲ ਵਧਾਉਣ ਦੀ ਖੁੱਲ ਦੇ ਕੇ ਲੋਕਾਂ ਉੱਪਰ ਵੱਡਾ ਆਰਥਿਕ ਬੋਝ ਪਾ ਦਿੱਤਾ ਹੈ ਚੋਣਾਂ ਤੋਂ ਪਹਿਲਾ ਤਾਂ ਸਰਕਾਰ ਕਹਿੰਦੀ ਸੀ ਕਿ ਪੈਟਰੋਲ ਤੇ ਡੀਜ਼ਲ ਦੇ ਰੇਟ ਨਹੀਂ ਵਧਣਗੇ ਪਰ ਹੋਇਆ ਇਸ ਦੇ ਉਲਟ ਤੇਲ ਕੰਪਨੀਆਂ ਲਗਾਤਾਰ ਤੇਲ ਦੇ ਰੇਟਾਂ ਵਿੱਚ ਵਾਧਾ ਕਰ ਰਹੀਆਂ ਹਨ ਪੈਟਰੋਲ ਡੀਜ਼ਲ ਉੱਪਰ ਲਗਭਗ 7.50 ਰੁਪਏ ਦਾ ਵਾਧਾ ਹੁਣ ਤੱਕ ਹੋ ਚੁੱਕਿਆ ਹੈ ਇਸੇ ਤਰ੍ਹਾਂ ਕਮਰਸ਼ੀਅਲ ਗੈਸ ਸਲੰਡਰ ਪਹਿਲਾ ਦੇ ਰੇਟ ਨਾਲੋਂ ਦੁਗਣੇ ਤਿਗਣੇ ਹੋ ਚੁੱਕੇ ਹਨ ਘਰੇਲੂ ਗੈਸ ਸਲੰਡਰ ਵਿੱਚ ਵੀ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ ਜਿਸ ਨਾਲ ਲੋਕਾਂ ਦਾ ਜੀਣਾ ਮੁਸ਼ਕਲ ਬਣਿਆ ਹੋਇਆ ਹੈ ਦੇਸ਼ ਦਾ ਅੰਨਦਾਤਾ ਕਿਸਾਨ ਪਹਿਲਾਂ ਹੀ ਵੱਡੇ ਆਰਥਿਕ ਘਾਟੇ ਵੱਲ ਜਾ ਰਹੀ ਖੇਤੀ ਕਾਰਨ ਅੌਕੜਾਂ ਦਾ ਸਾਹਮਣਾ ਕਰ ਰਿਹਾ ਹੈ ਉਪਰੋਂ ਡੀਜ਼ਲ ਦੇ ਰੇਟ ਵਿੱਚ ਕੀਤਾ ਭਾਰੀ ਵਾਧਾ ਕਿਸਾਨਾਂ ਲਈ ਅਸਹਿ ਹੈ ਇਸ ਸਮੇਂ ਕਿਸਾਨਾਂ ਨੇ ਝੋਨਾ ਬੀਜਣਾ ਹੈ ਜਿਸ ਵਿੱਚ ਡੀਜ਼ਲ ਦੀ ਭਾਰੀ ਖਪਤ ਹੁੰਦੀ ਹੈ ਤੇ ਇਹ ਵਾਧਾ ਕਿਸਾਨਾਂ ਦੀ ਫਸਲ ਤੇ ਖਰਚਿਆਂ ਉੱਪਰ ਭਾਰੀ ਪਵੇਗਾ ਫਸਲਾਂ ਦੇ ਰੇਟ ਤਾਂ ਇਸ ਤਰ੍ਹਾਂ ਨਹੀਂ ਵਧਦੇ ਜਿਵੇਂ ਕਿ ਪੈਟਰੋਲ ਤੇ ਡੀਜ਼ਲ ਦੇ ਰੇਟ ਸਰਕਾਰ ਵਧਾ ਰਹੀ ਹੈ ਕਿਸਾਨਾਂ ਦਾ ਲਾਗਤ ਖਰਚਾ ਪਹਿਲਾ ਨਾਲੋਂ ਵੱਧ ਜਾਵੇਗਾ ਜਦ ਕਿ ਕਮਾਈ ਉਥੇ ਹੀ ਖੜੀ ਹੈ ਘਾਟੇ ਵਿੱਚ ਜਾ ਰਹੀ ਕਿਸਾਨੀ ਇੱਕ ਵਾਰ ਫਿਰ ਦਮ ਤੋੜ ਦਵੇਗੀ। ਡੀਜ਼ਲ ਦੇ ਰੇਟ ਵਧਣ ਨਾਲ ਬਾਜ਼ਾਰਾਂ ਵਿੱਚ ਵੀ ਮਹਿੰਗਾਈ ਵਧੇਗੀ ਕਿਉਂਕਿ ਮਾਲ ਦੀ ਢੋਆ ਢਵਾਈ ਸਾਰੀ ਹੀ ਟਰੱਕਾਂ ਨਾਲ ਹੁੰਦੀ ਹੈ ਆਵਾਜਾਈ ਦੇ ਸਾਧਨ ਵੀ ਡੀਜ਼ਲ ਨਾਲ ਹੀ ਚੱਲਦੇ ਹਨ ਬੱਸਾਂ ਦੇ ਕਿਰਾਏ ਤੋਂ ਲੈ ਕੇ ਮਾਲ ਭਾੜੇ ਦੇ ਰੇਟਾਂ ਵਿੱਚ ਵੀ ਵਾਧਾ ਹੋਵੇਗਾ ਜਿਸ ਨਾਲ ਬਾਜ਼ਾਰ ਵਿੱਚ ਵਸਤੂਆਂ ਦੇ ਰੇਟ ਵਧਣਗੇ ਮਹਿੰਗਾਈ ਕਾਬੂ ਵਿੱਚੋਂ ਬਾਹਰ ਹੋ ਜਾਵੇਗੀ ਸਰਕਾਰ ਜੋ ਪਹਿਲਾਂ ਤੋਂ ਹੀ ਹਰ ਫਰੰਟ ਤੇ ਫੇਲ ਹੋ ਚੁੱਕੀ ਹੈ ਤੇ ਦੇਸ਼ ਇੱਕ ਵੱਡੇ ਘਾਟੇ ਵੱਲ ਜਾ ਰਿਹਾ ਹੈ ਸਰਕਾਰ ਜਲਦ ਤੋਂ ਜਲਦ ਤੇਲ ਪਦਾਰਥਾਂ ਵਿੱਚ ਕੀਤਾ ਵਾਧਾ ਵਾਪਸ ਲਵੇ ਨਾਲ ਹੀ ਸਾਡੀ ਪੰਜਾਬ ਸਰਕਾਰ ਤੋਂ ਵੀ ਮੰਗ ਹੈ ਕਿ ਪੰਜਾਬ ਵਿੱਚ ਪੈਟਰੋਲ ਅਤੇ ਡੀਜ਼ਲ ਦੇ ਰੇਟਾਂ ਵਿੱਚ ਗੁਆਂਢੀ ਸੂਬਿਆਂ ਨਾਲੋਂ ਵੱਡੇ ਪੱਧਰ ਤੇ ਰੇਟਾਂ ਵਿੱਚ ਅੰਤਰ ਹੈ ਪੰਜਾਬ ਸਰਕਾਰ ਆਪਣੇ ਟੈਕਸ ਘਟਾ ਕੇ ਗੁਆਂਢੀ ਸੂਬਿਆਂ ਦੇ ਬਰਾਬਰ ਡੀਜ਼ਲ ਅਤੇ ਪੈਟਰੋਲ ਦੇ ਰੇਟ ਕਰਨ ਜਿਸ ਨਾਲ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਨਿਰਮਲ ਸਿੰਘ ਝੰਡੂਕੇ ਤੇ ਪਰਸ਼ੋਤਮ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਖਾਦਾਂ ਦੀ ਭਾਰੀ ਕਮੀ ਪਾਈ ਜਾ ਰਹੀ ਹੈ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਵੱਡੀ ਮਾਤਰਾ ਵਿੱਚ ਖਾਦਾਂ ਦੀ ਲੋੜ ਪੈਂਦੀ ਹੈ ਡੀਏਪੀ,ਯੂਰੀਆ,ਐਨ ਪੀ ਕੇ,ਪੋਟਾਸ਼ ਆਦਿ ਖਾਦਾਂ ਕਿਸਾਨਾਂ ਨੇ ਇਸ ਸਮੇਂ ਲੈਣੀਆ ਹਨ ਦੇਖਣ ਵਿੱਚ ਆ ਰਿਹਾ ਹੈ ਕਿ ਸੋਸਾਇਟੀਆਂ ਅਤੇ ਖਾਦ ਵਾਲੀਆਂ ਦੁਕਾਨਾਂ ਉੱਪਰ ਕਿਸਾਨਾਂ ਦੀ ਇਸ ਸਮੇਂ ਭਾਰੀ ਲੁੱਟ ਕੀਤੀ ਜਾ ਰਹੀ ਹੈ ਕਿਸਾਨਾਂ ਨੂੰ ਯੂਰੀਏ ਦੇ ਥੈਲੇ ਮਗਰ 300 ਤੋਂ ਲੈ ਕੇ 500 ਰੁਪਏ ਤੱਕ ਦੇ ਵਾਧੂ ਸਮਾਨ,ਦਵਾਈਆਂ ਜਾਂ ਹੋਰ ਖਾਦਾਂ ਧੱਕੇ ਨਾਲ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਜੋ ਨਾ ਤਾਂ ਕਿਸਾਨਾਂ ਦੇ ਕੰਮ ਆਉਣ ਵਾਲੀਆਂ ਹਨ ਤੇ ਉੱਪਰੋਂ ਉਹਨਾਂ ਦਾ ਮਿਆਰ ਵੀ ਕਾਫੀ ਹਲਕੇ ਪੱਧਰ ਦਾ ਹੁੰਦਾ ਹੈ ਪਰ ਕਿਸਾਨ ਮਜਬੂਰ ਹੈ ਉਸ ਨੇ ਝੋਨੇ ਦੀ ਫਸਲ ਬੀਜਣੀ ਹੈ ਮਜਬੂਰੀ ਵੱਸ ਕਿਸਾਨਾਂ ਨੂੰ ਦੁਕਾਨਦਾਰਾਂ ਕੋਲੋਂ ਇਹ ਵਾਧੂ ਸਮਾਨ ਖਰੀਦਣਾ ਪੈ ਰਿਹਾ ਹੈ ਜਿਸ ਕਾਰਨ ਕਿਸਾਨਾਂ ਦੀ ਆਰਥਿਕ ਲੁੱਟ ਵੱਡੇ ਪੱਧਰ ਤੇ ਮਾਰਕੀਟ ਵਿੱਚ ਹੋ ਰਹੀ ਹੈ ਸਾਡੀ ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਇਹੋ ਜਿਹੇ ਦੁਕਾਨਦਾਰਾਂ ਨੂੰ ਨੱਥ ਪਾਈ ਜਾਵੇ ਉਨਾਂ ਦੇ ਲਾਈਸੈਂਸ ਰੱਦ ਕੀਤੇ ਜਾਣ ਉਨਾਂ ਉੱਪਰ ਬਣਦੇ ਪਰਚੇ ਕੀਤੇ ਜਾਣ ਸਮੇਂ ਸਮੇਂ ਤੇ ਖੇਤੀਬਾੜੀ ਮਹਿਕਮਾ ਇਹੋ ਜਿਹੇ ਦੁਕਾਨਦਾਰਾਂ ਤੇ ਸੁਸਾਇਟੀਆਂ ਵਿੱਚ ਇਨਕੁਆਇਰੀ ਕਰੇ ਚੈੱਕ ਕਰੇ ਕਿ ਕਿਸਾਨਾਂ ਨੂੰ ਧੱਕੇ ਨਾਲ ਨਾ ਲੋੜੀਦੀਆਂ ਚੀਜ਼ਾਂ ਤਾਂ ਨਹੀਂ ਦਿੱਤੀਆਂ ਜਾ ਰਹੀਆਂ ਤੇ ਦੂਜਾ ਸਰਕਾਰ ਆਪਣੇ ਪੱਧਰ ਤੇ ਫਸਲਾਂ ਬੀਜਣ ਤੋਂ ਪਹਿਲਾਂ ਹੀ ਖਾਦਾਂ ਦਾ ਸਟਾਕ ਪੂਰਾ ਕਰੇ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ ਝੋਨੇ ਦੀ ਫਸਲ ਸਿਰ ਉਪਰ ਆਣ ਖੜੀ ਹੈ ਪਰ ਸਰਕਾਰ ਨੇ ਅਜੇ ਤੱਕ ਵੀ ਖਾਦਾਂ ਰਿਹਾ ਸਪਰੇਹਾਂ ਦਾ ਕੋਈ ਵੀ ਪ੍ਰਬੰਧ ਚੰਗੀ ਤਰ੍ਹਾਂ ਨਹੀਂ ਕੀਤਾ ਜਿਸ ਕਾਰਨ ਕਿਸਾਨਾਂ ਦੀ ਆਰਥਿਕ ਲੁੱਟ ਵੱਡੇ ਪੱਧਰ ਤੇ ਕੀਤੀ ਜਾ ਰਹੀ ਹੈ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਹਰਮਿੰਦਰ ਸਿੰਘ ਖਹਿਰਾ ਤੇ ਚਰਨ ਸਿੰਘ ਮੁੰਡੀਆ, ਬਲਦੇਵ ਸਿੰਘ ਪੂਨੀਆਂ ਨੇ ਕਿਹਾ ਕਿ ਸਤਲੁਜ ਦਰਿਆ ਜੋ ਪੰਜਾਬ ਦੇ ਕਈ ਜਿਲ੍ਹਿਆਂ ਵਿੱਚ ਦੀ ਹੋ ਕੇ ਲੰਘਦਾ ਹੈ ਜਿਸ ਨਾਲ ਕਈ ਪਿੰਡਾਂ ਦੀ ਹੱਦ ਲੱਗਦੀ ਹੈ ਇਸ ਦਰਿਆ ਵਿੱਚ ਪਾਣੀ ਦੇ ਬਹਾ ਨਾਲ ਰੇਤ ਤੇ ਵੱਡੀ ਮਾਤਰਾ ਵਿੱਚ ਘਾ-ਫੂਸ ਉੱਗਿਆ ਹੋਇਆ ਹੈ ਜੋ ਬੰਨ ਟੁੱਟਣ ਦਾ ਕਾਰਨਬਣਦਾ ਹੈ ਸਾਡੀ ਪੰਜਾਬ ਸਰਕਾਰ ਤੋਂ

ਮੰਗ ਹੈ ਕਿ ਸਮਾਂ ਰਹਿੰਦੇ ਹੀ ਉਹ ਦਰਿਆਵਾਂ ਉੱਪਰ ਜਿੱਥੇ ਜਿੱਥੇ ਜਿੱਥੇ ਬੰਨ ਪੈਂਦੇ ਹਨ ਜਾਂ ਜੋ ਬੰਨ ਕਮਜ਼ੋਰ ਹਨ ਉਨਾਂ ਨੂੰ ਪੱਕਿਆਂ ਕਰੇ

ਪੱਥਰਾਂ ਵਿੱਚ ਸਟੀਲ ਦੀਆਂ ਜਾਲੀਆਂ ਲਗਾ ਕੇ ਉਹਨਾਂ ਨੂੰ ਮਜਬੂਤ ਕੀਤਾ ਜਾਵੇ ਵਾਧੂ ਘਾ ਫੂਸ ਦੇ ਰੇਤਾ ਕੱਢਿਆ ਜਾਵੇ ਤਾਂ ਜੋ ਪਾਣੀ ਦਾ ਬਹਾਵ ਸਹੀ ਦਿਸ਼ਾ ਵੱਲ ਅੱਗੇ ਵੱਧ ਸਕੇ ਤੇ ਆਉਣ ਵਾਲੇ ਬਰਸਾਤੀ ਮੌਸਮ ਦੌਰਾਨ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ ਨੂੰ ਕੋਈ ਨੁਕਸਾਨ ਨਾ ਉਠਾਉਣਾ ਪਵੇ ਪਿਛਲੇ ਸਾਲ ਵੀ ਵੱਡੇ ਪੱਧਰ ਤੇ ਬੰਨ ਟੁੱਟੇ ਜਿਸ ਕਾਰਨ ਕਿਸਾਨਾਂ ਨੂੰ ਤੇ ਪਿੰਡਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਸਰਕਾਰ ਪਿਛਲੀਆਂ ਗਲਤੀਆਂ ਤੋਂ ਸਬਕ ਲੈਂਦੇ ਹੋਏ ਅੱਗੇ ਤੋਂ ਪੂਰੇ ਪ੍ਰਬੰਧ ਕਰੇ ਨਿਗਰਾਨੀ ਨਾਲ ਬੰਨ ਮਜ਼ਬੂਤ ਕੀਤੇ ਜਾਣ ਤਾਂ ਜੋ ਕਿਸਾਨਾਂ ਦੀਆਂ ਉਪਜਾਊ ਜਮੀਨਾਂ ਤੇ ਪਿੰਡਾਂ ਦਾ ਨੁਕਸਾਨ ਹੋਣ ਤੋਂ ਬਚਿਆ ਜਾ ਸਕੇ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਸਵੰਤ ਸਿੰਘ ਬੀਜਾ ਅਤੇ ਸਿਮਰਨਜੀਤ ਸਿੰਘ ਘੁੱਦੂਵਾਲਾ ਤੇ ਗੁਰਪ੍ਰੀਤ ਸਿੰਘ ਸਾਹਾਬਾਣਾ ਨੇ ਕਿਹਾ ਕਿ ਝੋਨੇ ਦਾ ਸੀਜ਼ਨ ਸ਼ੁਰੂ ਹੋ ਚੁੱਕਿਆ ਹੈ ਸਾਡੀ ਪੰਜਾਬ ਸਰਕਾਰ ਤੇ ਪਾਵਰਕੋਮ ਤੋਂ ਮੰਗ ਹੈ ਕਿ ਕਿਸਾਨਾਂ ਨੂੰ ਹੁਣੇ ਤੋਂ ਹੀ 10 ਘੰਟੇ ਨਿਰਵਿਘਨ ਮੋਟਰਾਂ ਦੀ ਸਪਲਾਈ ਦਿੱਤੀ ਜਾਵੇ ਕਿਉਂਕਿ ਮਹਿੰਗੇ ਡੀਜ਼ਲ ਕਾਰਨ ਕਿਸਾਨਾਂ ਦਾ ਜਨਰੇਟਰ ਚਲਾਉਣਾ ਵੱਸੋ ਬਾਹਰ ਹੈ ਤੇ ਹਰੇ ਚਾਰੇ ਲਈ ਵੀ ਬਿਜਲੀ ਦੀ ਲੋੜ ਹੈ ਤੇ ਨਾਲ ਹੀ ਝੋਨੇ ਦੀ ਲਵਾਈ ਤੋ ਪਹਿਲਾਂ ਨਹਿਰਾਂ, ਸੂਇਆਂ, ਟੇਲਾਂ, ਤੇ ਕੱਸੀਆਂ ਦੀ ਸਫਾਈ ਕਰਵਾਈ ਜਾਵੇ ਤਾਂ ਜੋ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ ਅਤੇ ਇਸ ਸਮੇਂ ਪੰਜਾਬ ਅੰਦਰ ਟਰਾਂਸਫਾਰਮਾਂ ਵਿੱਚੋ ਤੇਲ ਚੋਰੀ ਤੇ ਕਿਸਾਨਾਂ ਦੀਆਂ ਮੋਟਰਾਂ ਤੋਂ ਤਾਰਾਂ ਚੋਰੀ ਹੋਣ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਸਾਡੀ ਸਰਕਾਰ ਤੋਂ ਮੰਗ ਹੈ ਕੇ ਜੋ ਚੋਰੀ ਕਰਦੇ ਹਨ ਅਤੇ ਕਬਾੜੀਏ ਇਹ ਚੋਰੀ ਦਾ ਸਮਾਨ ਖਰੀਦਦੇ ਹਨ ਉਨ੍ਹਾਂ ਤੇ ਤੁਰੰਤ ਪਰਚੇ ਦਰਜ਼ ਕੀਤੇ ਜਾਣ ਅੱਜ ਦੀ ਮੀਟਿੰਗ ਵਿੱਚ ਬਲਦੇਵ ਸਿੰਘ, ਮੰਦਰਜੀਤ ਸਿੰਘ ਮਨਾਵਾ ਅਹੁਦੇਦਾਰ ਪੰਜਾਬ ਦਰਸ਼ਣ ਸਿੰਘ ਜਟਾਣਾ,ਜਗਤਾਰ ਸਿੰਘ ਚੋਟੀਆ,ਹਰਮੇਲ ਸਿੰਘ ਭਟੇੜੀ,ਦਵਿੰਦਰ ਸਿੰਘ ਦੇਹਕਲਾਂ,ਪ੍ਰਲਾਦ ਸਿੰਘ ਧਾਲੀਵਾਲ,ਰੁਪਿੰਦਰ ਸਿੰਘ ਡੋਹਕ,ਹਰਪਿੰਦਰ ਸਿੰਘ,ਭੁਪਿੰਦਰ ਸਿੰਘ ਦੌਲਤਪੁਰ ਸਾਰੇ ਜਿਲਾ ਪ੍ਰਧਾਨ ਸ਼ਿਵਤਾਰ ਸਿੰਘ,ਭਗਤ ਸਿੰਘ,ਕੁਲਵੰਤ ਸਿੰਘ,ਦਰਸ਼ਨ ਸਿੰਘ,ਹਰਨਾਮ ਸਿੰਘ,ਮਹਿੰਦਰ ਸਿੰਘ,ਜੁਗਿੰਦਰ ਸਿੰਘ,ਬਲਵੀਰ ਸਿੰਘ,ਸ਼ਮਿੰਦਰ ਸਿੰਘ,ਜਸਵੀਰ ਸਿੰਘ,ਜਗੀਰ ਸਿੰਘ,ਹਰਦੀਪ ਸਿੰਘ,ਜਸਕਰਨ ਸਿੰਘ,ਬੂਟਾ ਸਿੰਘ,ਦਲਜੀਤ ਸਿੰਘ ਊਰਨਾ,ਮਲਕੀਤ ਸਿੰਘ,ਗੁਰਸੇਵਕ ਸਿੰਘ,ਗੁਰਚਰਨ ਸਿੰਘ,ਮਨਪ੍ਰੀਤ ਸਿੰਘ,ਗੁਰਵਿੰਦਰ ਸਿੰਘ,ਗੁਰਸੇਵਕ ਸਿੰਘ,ਸੁਖਵਿੰਦਰ ਸਿੰਘ,ਬਲਜੀਤ ਸਿੰਘ,ਸੁਖਜਿੰਦਰ ਸਿੰਘ,ਮੇਜ਼ਰ ਸਿੰਘ,ਭੁਪਿੰਦਰ ਸਿੰਘ, ਨੇਤਰ ਸਿੰਘ ਰੌਣੀ,ਬਲਜੀਤ ਸਿੰਘ,ਤਰਲੋਚਨ ਸਿੰਘ,ਪਰਮਜੀਤ ਸਿੰਘ,ਗੁਰਮੀਤ ਸਿੰਘ, ਉਧਮ ਸਿੰਘ,ਅਵਤਾਰ ਸਿੰਘ,ਗੁਰਚਰਨ ਸਿੰਘ,ਜਗਤਾਰ ਸਿੰਘ ਸ਼ਾਮਿਲ ਸਨ।



# ਸਿੱਖ ਗੇਮਸ ਕਨੇਡਾ ਦੀਆਂ ਖੇਡਾਂ ਦੇ ਮਹਾਂਕੁੰਭ ਮੁਕਾਬਲੇ 1 ਤੋਂ 5 ਜੁਲਾਈ ਤੱਕ ਹੋਣਗੇ

## ਸਰੀ ਵਿੱਚ ਸੱਜੇਗਾ ਸਿੱਖ ਗੇਮਜ਼ ਕੈਨੇਡਾ 2026 ਦਾ ਮਹਾਂਮੰਚ, ਹਾਕੀ ਸਮੇਤ ਕਈ ਖੇਡਾਂ ਦੇ ਹੋਣਗੇ ਦਿਲਚਸਪ ਮੁਕਾਬਲੇ




**ਸਰੀ, ਬੀ.ਸੀ.( ਮਹੇਸ਼ਇੰਦਰ ਸਿੰਘ ਮਾਂਗਟ)** — ਸਿੱਖ ਗੇਮਜ਼ ਕੈਨੇਡਾ 2026 ਦੌਰਾਨ ਖੇਡ ਪ੍ਰੇਮੀਆਂ ਲਈ ਜੋਸ਼, ਜਜ਼ਬੇ ਅਤੇ ਰੋਮਾਂਚ ਨਾਲ ਭਰਪੂਰ ਮਹਾਂ ਮੁਕਾਬਲੇ ਹੋਣ ਜਾ ਰਹੇ ਹਨ । 1 ਜੁਲਾਈ ਤੋਂ 5 ਜੁਲਾਈ ਤੱਕ ਸਰੀ ਦੇ ਟਮਨਾਵਿਸ ਪਾਰਕ ਵਿੱਚ ਹੋਣ ਵਾਲੇ ਇਸ ਵਿਸ਼ਾਲ ਖੇਡ ਸਮਾਗਮ ਵਿੱਚ ਹਾਕੀ ਦੇ ਨਾਲ-ਨਾਲ ਫੁਟਬਾਲ, ਬਾਸਕਟਬਾਲ, ਵਾਲੀਬਾਲ, ਰੈਸਲਿੰਗ ਅਤੇ ਪਾਵਰ ਲਿਫਟਿੰਗ ਦੇ ਦਿਲਚਸਪ ਮੁਕਾਬਲੇ ਵੀ ਕਰਵਾਏ ਜਾਣਗੇ। ਖਾਸ ਤੌਰ ‘ਤੇ ਹਾਕੀ ਦੇ ਮੁਕਾਬਲੇ ਖੇਡ ਪ੍ਰੇਮੀਆਂ ਲਈ ਵੱਡਾ ਆਕਰਸ਼ਣ ਬਣਨਗੇ, ਜਿੱਥੇ ਟੀਮਾਂ ਆਪਣੀ ਰਫ਼ਤਾਰ, ਹੁਨਰ ਅਤੇ ਟੀਮ ਵਰਕ ਦਾ ਸ਼ਾਨਦਾਰ ਪ੍ਰਦਰਸ਼ਨ ਕਰਨਗੀਆਂ। ਇਸ ਦੇ ਨਾਲ ਹੀ ਫੁਟਬਾਲ ਮੈਦਾਨਾਂ ਵਿੱਚ ਤਾਕਤਵਰ ਕਿਕਾਂ ਅਤੇ ਯਾਦਗਾਰ ਗੋਲਾਂ ਦਾ ਰੋਮਾਂਚ ਦੇਖਣ ਨੂੰ ਮਿਲੇਗਾ। ਬਾਸਕਟਬਾਲ ਦੇ ਤੇਜ਼ ਰਫ਼ਤਾਰ ਮੁਕਾਬਲੇ, ਵਾਲੀਬਾਲ ਦੀ ਜਬਰਦਸਤ ਟੱਕਰ, ਰੈਸਲਿੰਗ ਦੇ ਦਮਦਾਰ ਦਾਅਵਾਂ ਅਤੇ ਪਾਵਰ ਲਿਫਟਿੰਗ ਵਿੱਚ ਖਿਡਾਰੀਆਂ ਦੀ ਤਾਕਤ ਦਾ ਪ੍ਰਦਰਸ਼ਨ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਰਹੇਗਾ। ਪ੍ਰਬੰਧਕਾਂ ਅਨੁਸਾਰ, ਸਿੱਖ ਗੇਮਜ਼ ਕੈਨੇਡਾ 2026 ਸਿਰਫ਼ ਖੇਡ ਮੁਕਾਬਲਿਆਂ ਤੱਕ ਸੀਮਿਤ ਨਹੀਂ, ਸਗੋਂ ਇਹ ਭਾਈਚਾਰੇ ਦੀ ਏਕਤਾ, ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਸਿੱਖ ਵਿਰਾਸਤ ਤੇ ਮਾਣ ਨੂੰ ਉਤਸ਼ਾਹਿਤ ਕਰਨ ਵਾਲਾ ਵਿਸ਼ਾਲ ਸਮਾਗਮ ਹੈ।

ਸਮਾਗਮ ਦੌਰਾਨ ਕੈਨੇਡਾ ਭਰ ਤੋਂ ਖਿਡਾਰੀ ਅਤੇ ਦਰਸ਼ਕ ਇਕੱਠੇ ਹੋਣਗੇ, ਜਿਸ ਨਾਲ ਸਰੀ ਵਿੱਚ ਖੇਡਾਂ ਅਤੇ ਭਾਈਚਾਰਕ ਏਕਤਾ ਦਾ ਵਿਲੱਖਣ ਮਾਹੌਲ ਬਣੇਗਾ। ਆਯੋਜਕਾਂ ਨੇ ਲੋਕਾਂ ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਇਸ ਮਹਾਂਖੇਡ ਮੇਲੇ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ।

# ਫਿਲਮ "ਚੜ੍ਹਦੀਕਲਾ " ਨੂੰ ਕੈਨੇਡਾ ਵਿੱਚ ਮਿਲ ਰਿਹਾ ਭਰਵਾਂ ਹੁੰਗਾਰਾ, ਰੂਪੀ ਗਿੱਲ ਤੇ ਹਿੰਮਤ ਸੰਧੂ ਨੇ ਦਰਸ਼ਕਾਂ ਦਾ ਕੀਤਾ ਧੰਨਵਾਦ








**ਸਰੀ (ਮਹੇਸ਼ਇੰਦਰ ਸਿੰਘ ਮਾਂਗਟ):** ਪੰਜਾਬੀ ਫਿਲਮ "ਚੜ੍ਹਦੀਕਲਾ" ਦੀ ਸਟਾਰ ਕਾਸਟ ਇਨ੍ਹੀਂ ਦਿਨੀਂ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਫਿਲਮ ਦੀ ਪ੍ਰਮੋਸ਼ਨ ਵਿੱਚ ਰੁੱਝੀ ਹੋਈ ਹੈ। ਇਸੇ ਤਹਿਤ ਫਿਲਮ ਦੇ ਮੁੱਖ ਅਦਾਕਾਰ ਰੂਪੀ ਗਿੱਲ ਅਤੇ ਹਿੰਮਤ ਸੰਧੂ ਸਰੀ ਦੇ ਵੱਖ-ਵੱਖ ਸਿਨੇਮਾ ਘਰਾਂ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਨੇ ਦਰਸ਼ਕਾਂ ਨਾਲ ਮੁਲਾਕਾਤ ਕਰਕੇ ਫਿਲਮ ਨੂੰ ਮਿਲ ਰਹੇ ਭਰਵੇਂ ਪਿਆਰ ਅਤੇ ਸਮਰਥਨ ਲਈ ਧੰਨਵਾਦ ਪ੍ਰਗਟਾਇਆ।

ਇਸ ਦੌਰਾਨ ਸਟਾਰ ਕਾਸਟ ਸਰੀ ਸਥਿਤ ਸਰੀ ਵੀਲਜ਼ ਐਂਡ ਟਾਇਰਜ਼ ਵਿਖੇ ਵੀ ਪਹੁੰਚੀ, ਜਿੱਥੇ ਉਨ੍ਹਾਂ ਨੇ ਆਪਣੇ ਪ੍ਰਸ਼ੰਸਕਾਂ ਅਤੇ ਸਿੱਖ ਰਾਈਡਰਜ਼ ਕੈਨੇਡਾ ਦੇ ਮੈਂਬਰਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਪ੍ਰਸ਼ੰਸਕਾਂ ਨੇ ਸਟਾਰ ਕਾਸਟ ਨਾਲ ਤਸਵੀਰਾਂ ਖਿੱਚਵਾਈਆਂ ਅਤੇ ਫਿਲਮ ਲਈ ਆਪਣਾ ਸਮਰਥਨ ਜਤਾਇਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਦਾਕਾਰਾ ਰੂਪੀ ਗਿੱਲ ਨੇ ਕਿਹਾ ਕਿ "ਚੜ੍ਹਦੀਕਲਾ" ਨੂੰ ਦਰਸ਼ਕਾਂ ਵੱਲੋਂ ਉਮੀਦਾਂ ਤੋਂ ਵੱਧ ਪਿਆਰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਥੀਏਟਰ ਵਿਜ਼ਿਟ ਦੌਰਾਨ ਦਰਸ਼ਕਾਂ ਦੀਆਂ ਭਾਵੁਕ ਅਤੇ ਉਤਸ਼ਾਹਭਰੀਆਂ ਪ੍ਰਤੀਕਿਰਿਆਵਾਂ ਦੇਖਣ ਨੂੰ ਮਿਲ ਰਹੀਆਂ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਫਿਲਮ ਜਲਦ ਹੀ ਪੰਜਾਬ ਦੇ ਸਿਨੇਮਾ ਘਰਾਂ ਵਿੱਚ ਵੀ ਰਿਲੀਜ਼ ਹੋਵੇਗੀ।

ਰੂਪੀ ਗਿੱਲ ਨੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਇਹ ਫਿਲਮ ਜ਼ਰੂਰ ਦਿਖਾਉਣ ਕਿਉਂਕਿ ਇਹ ਸਿਰਫ਼ ਮਨੋਰੰਜਨ ਹੀ ਨਹੀਂ, ਸਗੋਂ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਸਿੱਖ ਯੋਧਿਆਂ ਦੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਉਣ ਦਾ ਇੱਕ ਮਹੱਤਵਪੂਰਨ ਸਾਧਨ ਵੀ ਹੈ।

ਉੱਥੇ ਹੀ ਅਦਾਕਾਰ ਹਿੰਮਤ ਸੰਧੂ ਨੇ ਕਿਹਾ ਕਿ ਕੈਨੇਡਾ ਦੇ ਕਈ ਸਿਨੇਮਾ ਘਰਾਂ ਵਿੱਚ ਜਾ ਕੇ ਉਨ੍ਹਾਂ ਨੂੰ ਦਰਸ਼ਕਾਂ ਦੇ ਰਿਵਿਊ ਅਤੇ ਪ੍ਰਤੀਕਿਰਿਆਵਾਂ ਨੂੰ ਨੇੜਿਓਂ ਮਹਿਸੂਸ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਫਿਲਮ ਦੇਖਣ ਦੌਰਾਨ ਕਈ ਦਰਸ਼ਕ ਭਾਵੁਕ ਹੋ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ, ਜੋ ਇਸ ਗੱਲ ਦਾ ਸਬੂਤ ਹੈ ਕਿ ਫਿਲਮ ਲੋਕਾਂ ਦੇ ਦਿਲਾਂ ਨੂੰ ਛੂਹ ਰਹੀ ਹੈ।

ਹਿੰਮਤ ਸੰਧੂ ਨੇ ਦੱਸਿਆ ਕਿ ਇਹ ਉਨ੍ਹਾਂ ਦੀ ਪਹਿਲੀ ਫਿਲਮ ਹੈ ਅਤੇ ਇਸ ਪ੍ਰੋਜੈਕਟ ਦੌਰਾਨ ਉਨ੍ਹਾਂ ਨੂੰ ਅਦਾਕਾਰੀ ਅਤੇ ਫਿਲਮ ਨਿਰਮਾਣ ਦੇ ਖੇਤਰ ਵਿੱਚ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ। ਉਨ੍ਹਾਂ ਸਮੂਹ ਦਰਸ਼ਕਾਂ ਨੂੰ ਆਪਣੇ ਪਰਿਵਾਰਾਂ ਸਮੇਤ "ਚੜ੍ਹਦੀਕਲਾ" ਫਿਲਮ ਦੇਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਇੱਕ ਅਜਿਹੀ ਫਿਲਮ ਹੈ ਜੋ ਮਨੋਰੰਜਨ ਦੇ ਨਾਲ-ਨਾਲ ਇੱਕ ਮਹੱਤਵਪੂਰਨ ਸੰਦੇਸ਼ ਵੀ ਦਿੰਦੀ ਹੈ।

ਦੋਵੇਂ ਕਲਾਕਾਰਾਂ ਨੇ ਦਰਸ਼ਕਾਂ ਵੱਲੋਂ ਮਿਲ ਰਹੇ ਪਿਆਰ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਹ ਪਿਆਰ ਅਤੇ ਸਤਿਕਾਰ ਹੀ ਉਨ੍ਹਾਂ ਲਈ ਸਭ ਤੋਂ ਵੱਡੀ ਪ੍ਰੇਰਣਾ ਹੈ।

# ਐਬਟਸਫੋਰਡ "ਚ “10 ਵਾਂ ਸਾਲਾਨਾ ਵਿਰਸਾ ਮੇਲਾ 2026” 4 ਜੁਲਾਈ ਨੂੰ




ਸੱਭਿਆਚਾਰਕ ਰੰਗਾਂ ਨਾਲ ਭਰਪੂਰ ਮਹਿਲਾਵਾਂ ਲਈ ਹੋਏਗਾ, ਇਹ ਖਾਸ ਸਮਾਗਮ

ਐਬਟਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ) ਵਿਰਸਾ ਫਾਊਂਡੇਸ਼ਨ ਵੱਲੋਂ “10 ਵਾਂ ਸਾਲਾਨਾ ਮੇਲਾ ਵਿਰਸੇ ਦਾ 2026” 4 ਜੁਲਾਈ 2026 ਨੂੰ ਕਰਵਾਇਆ ਜਾ ਰਿਹਾ ਹੈ। ਇਹ ਵਿਸ਼ੇਸ਼ ਸਮਾਗਮ ਬਿਜ਼ਨਸ ਸੈਂਟਰ, ਏ ਜੀ -ਰੈਕ ਸੈਂਟਰ, 32470 ਹੈਡਾ ਡ੍ਰਾਈਵ, ਐਬਟਸਫੋਰਡ (ਬੀ.ਸੀ.) ਵਿਖੇ ਦੁਪਹਿਰ 12:30 ਵਜੇ ਤੋਂ ਸ਼ਾਮ 6:30 ਵਜੇ ਤੱਕ ਹੋਵੇਗਾ। ਇਸ ਸਮਾਗਮ ਵਿੱਚ ਪ੍ਰਸਿੱਧ ਕਲਾਕਾਰਾਂ ਵਿੱਚ ਇਕਨੂਰ ਧਾਲੀਵਾਲ, ਜਿੰਦਰ ਸੈਨੀ, ਰਮਨ ਸੰਧੂ, ਅਮਨ ਰੋਜ਼ੀ ਅਤੇ ਗੁਰਦੇਵ ਕੌਰ ਸ਼ਾਮਲ ਹੋਣਗੇ, ਜਦਕਿ ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਬਲਵਿੰਦਰ ਕੌਰ ਬਰਾੜ (ਕੈਲਗਰੀ) ਅਤੇ ਦਿਵਦੀਪ ਕੌਰ ਬਰਾੜ (ਯੂ.ਕੇ.) ਹਾਜ਼ਰੀ ਭਰਨਗੇ।

ਇਹ ਮੇਲਾ ਸਿਰਫ਼ ਮਹਿਲਾਵਾਂ ਲਈ ਖਾਸ ਤੌਰ ‘ਤੇ ਆਯੋਜਿਤ ਕੀਤਾ ਗਿਆ ਹੈ ਅਤੇ ਇਸ ਵਿੱਚ ਸਟੇਜ ਵਿਗਿਆਪਨ ਲਈ ਉਪਲਬਧ ਨਹੀਂ ਹੋਵੇਗਾ। ਟਿਕਟ ਦੀ ਕੀਮਤ $20 ਰੱਖੀ ਗਈ ਹੈ, ਜਦਕਿ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਦਾਖਲਾ ਮੁਫ਼ਤ ਹੈ। ਟਿਕਟ ਵਿੱਚ ਪ੍ਰਦਰਸ਼ਨੀਆਂ ਅਤੇ ਮਨੋਰੰਜਨ ਦੀਆਂ ਸਹੂਲਤਾਂ ਸ਼ਾਮਲ ਹਨ।

ਸਮਾਗਮ ਦੌਰਾਨ ਕਈ ਤਰ੍ਹਾਂ ਦੇ ਖਾਣ-ਪੀਣ ਦੇ ਸਟਾਲ ਵੀ ਲਗਾਏ ਜਾਣਗੇ। ਇਹ ਪ੍ਰੋਗਰਾਮ ਹਸਪਿਸ ਅਤੇ ਗ੍ਰੀਫ਼ ਸਸਾਇਟੀ ਲਈ ਫੰਡਰੇਜ਼ਰ ਦੇ ਤੌਰ ‘ਤੇ ਵੀ ਕਰਵਾਇਆ ਜਾ ਰਿਹਾ ਹੈ।

ਟਿਕਟਾਂ ਐਬਟਸਫੋਰਡ ਵਿੱਚ ਪ੍ਰਿੰਸ ਵੀਡੀਓ, ਨਿਊ ਐਬੀ ਇੰਡੀਆਨ ਕਜ਼ਨ, ਹਾਈ ਐਂਡ ਫੈਸ਼ਨ ਅਤੇ ਲਿੰਕਨ ਸਟੂਡੀਓ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਜਦਕਿ ਸਰੀ ਵਿੱਚ ਵੀ ਉਪਲਬਧ ਹਨ।

ਮੀਡੀਆ ਪਾਰਟਨਰ ਵਿੱਚ ਸਾਡਾ ਟੀ ਵੀ, ਸ਼ਰਮਾ ਫੋਟੋਗ੍ਰਾਫੀ, ਸਪਾਈਸ ਟੀਵੀ, ਹਮਦਰਦ ਮੀਡੀਆ ਗਰੁੱਪ ਅਤੇ ਬੀ ਸੀ ਪੰਜਾਬੀ ਨਿਊਜ਼ ਸ਼ਾਮਲ ਹਨ।ਹੋਰ ਜਾਣਕਾਰੀ ਲਈ ਵਿਰਸਾ ਟੀਮ ਨਾਲ 604-765-0151 ‘ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਈਮੇਲ VirsaFoundation@outlook.com ‘ਤੇ ਕਰ ਸਕਦੇ ਹੋ।




# ਵਿਪਸਾਅ ਦੀ ਮਾਸਿਕ ਮਿਲਣੀ ਵਿਚ ਕਵਿਤਾ ਦੇ ਅਰਥ ਅਤੇ ਮੰਤਵ 'ਤੇ ਗੰਭੀਰ ਸੰਵਾਦ

## ਸੰਤੋਖ ਸਿੰਘ ਮਿਨਹਾਸ ਦਾ ਕਾਵਿ ਸੰਗ੍ਰਹਿ 'ਸ਼ਬਦ ਹੀ ਜੀਉ ਹੈ' ਲੋਕ-ਅਰਪਣ






**ਹੇਵਰਡ, 10 ਜੂਨ (ਹਰਦਮ ਮਾਨ)**–ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ ਸੰਸਥਾ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਦੇ ਲਿਵਰਮੋਰ ਸਥਿਤ ਗ੍ਰਹਿ ਵਿਖੇ ਇੱਕ ਮਾਸਿਕ ਸਾਹਿਤਕ ਮਿਲਣੀ ਕਰਵਾਈ ਗਈ। ਇਹ ਮਿਲਣੀ ਜਿੱਥੇ ਕਵਿਤਾ ਦੇ ਅਰਥਾਂ ਅਤੇ ਸਮਾਜਿਕ ਸਰੋਕਾਰਾਂ 'ਤੇ ਗੰਭੀਰ ਸੰਵਾਦ ਦਾ ਕੇਂਦਰ ਬਣੀ, ਉੱਥੇ ਹੀ ਪ੍ਰਸਿੱਧ ਸਾਹਿਤਕਾਰ ਸੰਤੋਖ ਸਿੰਘ ਮਿਨਹਾਸ ਦਾ ਨਵਾਂ ਕਾਵਿ ਸੰਗ੍ਰਹਿ 'ਸ਼ਬਦ ਹੀ ਜੀਉ ਹੈ' ਅਤੇ 'ਪੰਜਾਬੀਅਤ' ਰਸਾਲੇ ਦਾ ਨਵਾਂ ਅੰਕ ਵੀ ਲੋਕ-ਅਰਪਣ ਕੀਤਾ ਗਿਆ।

ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਡਾ. ਜਸਵੀਰ ਗਿੱਲ, ਡਾ. ਸੁਖਵਿੰਦਰ ਕੰਬੋਜ, ਕੁਲਵਿੰਦਰ, ਹਰਜਿੰਦਰ ਕੰਗ ਅਤੇ ਪ੍ਰਿਥੀਪਾਲ ਸਿੰਘ ਸੋਹੀ ਸ਼ਾਮਲ ਹੋਏ। ਸਮਾਗਮ ਦੇ ਸ਼ੁਰੂ ਵਿੱਚ ਜਗਜੀਤ ਨੌਸ਼ਹਿਰਵੀ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਡਾ. ਜਸਵੀਰ ਸਿੰਘ ਗਿੱਲ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 'ਆਨਰੇਰੀ ਡਾਕਟਰੇਟ' ਦੀ ਡਿਗਰੀ ਹਾਸਲ ਕਰਨ 'ਤੇ ਸਮੂਹ ਮੈਂਬਰਾਂ ਨੇ ਵਿਸ਼ੇਸ਼ ਮੁਬਾਰਕਬਾਦ ਦਿੱਤੀ। ਮੰਚ ਸੰਚਾਲਨ ਦੀ ਭੂਮਿਕਾ ਲਾਜ ਨੀਲਮ ਸੈਣੀ ਨੇ ਬਾਖ਼ੂਬੀ ਨਿਭਾਈ।

ਵਿਚਾਰ-ਚਰਚਾ ਦੇ ਪਹਿਲੇ ਦੌਰ ਵਿੱਚ ਬੁਲਾਰਿਆਂ ਨੇ ਕਵਿਤਾ ਦੀ ਸੂਖ਼ਮਤਾ ਅਤੇ ਇਸ ਦੇ ਮਨੁੱਖੀ ਜੀਵਨ 'ਤੇ ਪ੍ਰਭਾਵ ਬਾਰੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਕਵਿਤਾ ਬਾਕੀ ਸਭ ਕਲਾਵਾਂ ਨਾਲੋਂ ਸੂਖ਼ਮ ਹੈ। ਸੁਰਜੀਤ ਸਖੀ ਅਨੁਸਾਰ ਕਵਿਤਾ ਦਾ ਮੂਕ ਸ੍ਰੋਤ ਭਾਵਨਾਵਾਂ ਹਨ, ਜਿਸ ਵਿੱਚ ਜੀਵਨ ਦੇ ਰੰਗ ਅਤੇ ਕੁਦਰਤ ਦੀ ਵੰਨ-ਸੁਵੰਨਤਾ ਹੁੰਦੀ ਹੈ। ਹਰਿੰਦਰ ਕੌਰ ਸੋਹੀ ਨੇ ਐਸ. ਐਸ. ਮੀਸ਼ਾ ਦੀ ਕਵਿਤਾ 'ਚੀਕ ਬੁਲਬੁਲੀ' ਦਾ ਹਵਾਲਾ ਦਿੰਦਿਆਂ ਕਿਹਾ ਕਿ ਕਵਿਤਾ ਮਨ ਦੀ ਭੜਾਸ ਕੱਢਣ, ਹੌਸਲੇ ਬੁਲੰਦ ਕਰਨ ਅਤੇ ਹਾਕਮ ਦੇ ਬੋਲੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਦਾ ਜ਼ਰੀਆ ਹੈ।

ਅਮਰਜੀਤ ਕੌਰ ਪੰਨੂੰ ਨੇ ਕਿਹਾ ਕਿ ਕਵਿਤਾ ਦੇ ਅਰਥ ਅੱਖਰਾਂ ਦੇ ਪਿੱਛੇ ਲੁਕੇ ਬਿੰਬਾਂ ਵਿੱਚ ਹੁੰਦੇ ਹਨ, ਜਦਕਿ ਡਾ. ਸੁਖਵਿੰਦਰ ਕੰਬੋਜ ਨੇ ਭਾਵਾਂ ਦੇ ਕਥਾਰਸਿਸ (ਨਿਕਾਸ) ਨੂੰ ਹੀ ਕਵਿਤਾ ਦੱਸਿਆ। ਹਰਜਿੰਦਰ ਕੰਗ ਨੇ ਕਿਹਾ ਕਿ ਕਵਿਤਾ ਮਨੁੱਖ ਨੂੰ ਆਪੇ ਦੇ ਸਨਮੁਖ ਕਰਦੀ ਹੈ ਅਤੇ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਕਵਿਤਾ ਨੂੰ ਰੂਹ ਨੂੰ ਸਰਸ਼ਾਰ ਕਰਨ ਵਾਲੀ ਵਿਧਾ ਦੱਸਿਆ। ਉਨ੍ਹਾਂ ਮਾਣ ਜਤਾਇਆ ਕਿ ਕੰਗ ਦੀ ਕਵਿਤਾ ਪਾਕਿਸਤਾਨ ਅਤੇ ਕੁਲਵਿੰਦਰ ਦੇ ਸ਼ੇਅਰ ਬਠਿੰਡੇ ਵਿੱਚ ਆਮ ਲੋਕਾਂ ਦੀ ਉਦਾਸੀ ਦੂਰ ਕਰ ਰਹੇ ਹਨ।


ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਕਿਸਾਨ ਮੋਰਚੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕਿਸੇ ਮੰਤਵ ਲਈ ਲਿਖੀ ਕਵਿਤਾ ਲੋਕਾਂ ਦੇ ਮਨਾਂ ਦੀਆਂ ਪਰਤਾਂ ਵਿੱਚ ਲਹਿੰਦੀ ਹੈ। ਕਵਿਤਾ ਦੇ ਵਿਸ਼ਾਲ ਦਾਇਰੇ 'ਤੇ ਰੌਸ਼ਨੀ ਪਾਉਂਦਿਆਂ ਜਸਵੀਰ ਸਿੰਘ ਧੀਮਾਨ ਨੇ ਕਿਹਾ ਕਿ ਕਵਿਤਾ ਆਪੇ ਦੀ ਤਲਾਸ਼ ਹੈ, ਅਮਰਜੀਤ ਸਿੰਘ ਜੌਹਲ ਨੇ ਕਿਹਾ ਕਿ ਕਵਿਤਾ ਰੂਹ ਦੀ ਤ੍ਰਿਪਤੀ ਅਤੇ ਲਾਜ ਨੀਲਮ ਸੈਣੀ ਨੇ ਕਿਹਾ ਕਿ ਮਨੁੱਖ ਨੂੰ ਮਨੁੱਖ ਬਣਾਈ ਰੱਖਣ ਵਾਲੀ ਤਾਕਤ ਹੈ। ਇਸ ਸੰਵਾਦ ਵਿੱਚ ਸੰਤੋਖ ਸਿੰਘ ਮਿਨਹਾਸ, ਪ੍ਰੋ. ਸੁਖਦੇਵ ਸਿੰਘ ਅਤੇ ਅਵਤਾਰ ਗੋਂਦਾਰਾ ਨੇ ਵੀ ਸਰਗਰਮੀ ਨਾਲ ਹਿੱਸਾ ਲਿਆ।

ਸਮਾਗਮ ਦੇ ਦੂਜੇ ਦੌਰ ਵਿੱਚ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਸੁਰਮਈ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਇਸ ਤੋਂ ਬਾਅਦ ਸੰਤੋਖ ਸਿੰਘ ਮਿਨਹਾਸ ਦਾ ਚੌਥਾ ਕਾਵਿ ਸੰਗ੍ਰਹਿ 'ਸ਼ਬਦ ਹੀ ਜੀਉ ਹੈ' ਅਤੇ ਸੰਤੋਖ ਸਿੰਘ ਮਿਨਹਾਸ ਤੇ ਅਵਤਾਰ ਗੋਂਦਾਰਾ ਵੱਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਰਸਾਲੇ 'ਪੰਜਾਬੀਅਤ' ਦਾ ਨਵਾਂ ਅੰਕ ਲੋਕ-ਅਰਪਣ ਕੀਤਾ ਗਿਆ। ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਸੰਤੋਖ ਮਿਨਹਾਸ ਇੱਕ ਬਹੁ-ਵਿਧਾਵੀ ਸ਼ਖ਼ਸੀਅਤ (ਕਵੀ, ਵਾਰਤਾਕਾਰ, ਐਡੀਟਰ, ਰੇਡੀਓ-ਟੀਵੀ ਹੋਸਟ) ਹਨ ਅਤੇ ਉਨ੍ਹਾਂ ਦੀ ਇਹ ਕਿਤਾਬ ਪੰਜਾਬੀ ਕਵਿਤਾ ਵਿੱਚ ਇੱਕ ਜ਼ਿਕਰਯੋਗ ਵਾਧਾ ਹੈ।

ਆਖਰੀ ਦੌਰ ਵਿਚ ਇੱਕ ਸ਼ਾਨਦਾਰ ਕਵੀ ਦਰਬਾਰ ਸਜਾਇਆ ਗਿਆ। ਇਸ ਵਿੱਚ ਅਮਰਜੀਤ ਜੌਹਲ, ਅਮਰਜੀਤ ਕੌਰ ਪੰਨੂੰ, ਹਰਿੰਦਰ ਸੋਹੀ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਸੁਰਜੀਤ ਸਖੀ, ਜਗਜੀਤ ਨੌਸ਼ਹਿਰਵੀ, ਜਸਵੀਰ ਸਿੰਘ ਧੀਮਾਨ, ਲਾਜ ਨੀਲਮ ਸੈਣੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਕੁਲਵਿੰਦਰ ਅਤੇ ਡਾ. ਜਸਵੀਰ ਸਿੰਘ ਗਿੱਲ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਡਾ. ਗਿੱਲ ਨੇ ਆਪਣੀਆਂ ਹਾਸ-ਰਸ ਕਵਿਤਾਵਾਂ ਨਾਲ ਮਹਿਫਿਲ ਵਿੱਚ ਖੇੜਾ ਬਿਖੇਰ ਦਿੱਤਾ।

ਇਸ ਇਕੱਤਰਤਾ ਵਿੱਚ ਗੁਲਸ਼ਨ ਦਿਆਲ, ਸੋਨੂੰ ਸਾਹਿਲ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਜੋਤੀ, ਜੇਅ ਸੰਧੂ, ਮਨਜੀਤ ਕੌਰ ਅਤੇ ਅਭੀਤਾਬ ਸੈਣੀ ਸਮੇਤ ਕਈ ਸਾਹਿਤ ਪ੍ਰੇਮੀ ਹਾਜ਼ਰ ਸਨ। ਅੰਤ ਵਿੱਚ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਸਮੂਹ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਜਗਜੀਤ ਨੌਸ਼ਹਿਰਵੀ ਤੇ ਰਿੰਮੀ ਸੰਧੂ ਵੱਲੋਂ ਕੀਤੀ ਗਈ ਨਿੱਘੀ ਮਹਿਮਾਨ ਨਿਵਾਜੀ ਲਈ ਸ਼ੁਕਰਾਨਾ ਕਰਦਿਆਂ ਸੰਸਥਾ ਦੇ ਅਗਲੇ ਪ੍ਰੋਗਰਾਮਾਂ ਦੀ ਰੂਪ-ਰੇਖਾ ਸਾਂਝੀ ਕੀਤੀ।

# ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਪਾਲ ਢਿੱਲੋਂ ਨਾਲ ਰੂਬਰੂ



**ਹਰਦਮ ਮਾਨ: ਸਰੀ,** 10 ਜੂਨ 2026-ਬੀਤੇ ਦਿਨੀਂ 'ਵੈਨਕੂਵਰ ਵਿਚਾਰ ਮੰਚ' ਵੱਲੋਂ ਗੁਲਾਟੀ ਪਬਲਿਸ਼ਰਜ ਲਿਮਿਟਡ, ਸਰੀ ਦੇ ਵਿਹੜੇ ਇੱਕ ਸੁਰਮਈ ਸ਼ਾਮ ਦੌਰਾਨ ਵਰਨਨ ਦੀ ਖ਼ੂਬਸੂਰਤ ਵਾਦੀ ਤੋਂ ਉਚੇਚੇ ਤੌਰ 'ਤੇ ਪੁੱਜੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਪਾਲ ਢਿੱਲੋਂ ਨਾਲ ਰੂਬਰੂ ਪ੍ਰੋਗਰਾਮ ਰਚਾਇਆ ਗਿਆ। ਪ੍ਰੋਗਰਾਮ ਦੇ ਆਗਾਜ਼ ਵਿੱਚ ਮੰਚ ਦੇ ਸੰਚਾਲਕ ਤੇ ਬੁਲਾਰੇ ਮੋਹਨ ਗਿੱਲ ਨੇ ਮੁੱਖ ਮਹਿਮਾਨ ਪਾਲ ਢਿੱਲੋਂ ਦਾ ਸ਼ਬਦੀ ਗੁਲਦਸਤੇ ਨਾਲ ਨਿੱਘਾ ਸਵਾਗਤ ਕੀਤਾ। ਉਨ੍ਹਾਂ ਸ਼ਾਇਰ ਦੀ ਸਿਰਜਣਾਤਮਕ ਪ੍ਰਵਾਜ਼ ਅਤੇ ਕਾਵਿ-ਯਾਤਰਾ ਬਾਰੇ ਸੰਖੇਪ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਪਾਲ ਢਿੱਲੋਂ ਦੇ ਹੁਣ ਤੱਕ ਇੱਕ ਦਰਜਨ ਦੇ ਕਰੀਬ ਗ਼ਜ਼ਲ ਸੰਗ੍ਰਿਹ ਪ੍ਰਕਾਸ਼ਿਤ ਹੋ ਕੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਪੈ ਚੁੱਕੇ ਹਨ, ਜਦਕਿ ਉਨ੍ਹਾਂ ਦੀ ਗੀਤਾਂ ਦੀ ਇੱਕੋ-ਇੱਕ ਸ਼ਾਹਕਾਰ ਕਿਤਾਬ 'ਉੱਡਦੀਆਂ ਫੁਲਕਾਰੀਆਂ' ਪਾਠਕਾਂ ਵਿੱਚ ਬੇਹੱਦ ਮਕਬੂਲ ਹੈ। ਉਨ੍ਹਾਂ ਕਿਹਾ ਕਿ ਢਿੱਲੋਂ ਸਾਹਿਬ ਦੀਆਂ ਰਚਨਾਵਾਂ ਕੁਦਰਤ ਦੇ ਅਨੇਕਾਂ ਰੰਗਾਂ ਨਾਲ ਸਰਸ਼ਾਰ ਹਨ ਅਤੇ ਉਨ੍ਹਾਂ ਦੇ ਗੀਤ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਸੱਚੇ ਤਰਜਮਾਨ ਹਨ। ਇਨ੍ਹਾਂ ਗੀਤਾਂ ਵਿੱਚ ਅਜਿਹੀ ਸੁਭਾਵਿਕ ਲੈਅਬੱਧਤਾ ਹੈ ਕਿ ਇਹ ਬੜੀ ਸਹਿਜਤਾ ਨਾਲ ਗਾਏ ਜਾ ਸਕਦੇ ਹਨ। ਮੋਹਨ ਗਿੱਲ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਇਹ ਅਜੋਕੇ ਦੌਰ ਦੇ ਗਾਇਕਾਂ ਦੀ ਬਦਕਿਸਮਤੀ ਹੈ ਕਿ ਉਹ ਅਜਿਹੇ ਸਾਹਿਤਕ ਖ਼ੁਸ਼ਬੂ ਅਤੇ ਉੱਚੇ ਮਿਆਰ ਨਾਲ ਗੜੁੱਚ ਗੀਤਾਂ ਨੂੰ ਗਾਉਣ ਤੋਂ ਖੁੰਝ ਗਏ ਹਨ।

ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਪਾਲ ਢਿੱਲੋਂ ਦੀ ਸਿਰਜਣ-ਪ੍ਰਕਿਰਿਆ 'ਤੇ ਸੰਵਾਦ ਰਚਾਉਂਦਿਆਂ ਕਿਹਾ ਕਿ ਸ਼ਾਇਰ ਨੇ ਆਪਣੇ ਸਾਹਿਤਕ ਸਫ਼ਰ ਦਾ ਆਗਾਜ਼ ਗੀਤ-ਸਿਰਜਣਾ ਤੋਂ ਕੀਤਾ ਸੀ, ਜਿਨ੍ਹਾਂ ਵਿੱਚ ਪ੍ਰਕਿਰਤੀ ਦਾ ਗੂੜ੍ਹਾ ਰੰਗ ਅਤੇ ਕਮਾਲ ਦੀ ਰਵਾਨੀ ਉਭਰ ਕੇ ਸਾਹਮਣੇ ਆਈ। ਬਾਅਦ ਵਿੱਚ ਉੱਘੇ ਉਸਤਾਦ ਸ਼ਾਇਰ ਨਦੀਮ ਪਰਮਾਰ ਨਾਲ ਹੋਏ ਮੇਲ ਨੇ ਉਨ੍ਹਾਂ ਨੂੰ ਗ਼ਜ਼ਲ ਦੇ ਸੂਖ਼ਮ ਸੰਸਾਰ ਵੱਲ ਪ੍ਰੇਰਿਤ ਕੀਤਾ। ਸ. ਸੇਖਾ ਨੇ ਕਿਹਾ ਕਿ ਇਹ ਢਿੱਲੋਂ ਦੀ ਵੱਡੀ ਪ੍ਰਾਪਤੀ ਹੈ ਕਿ ਉਨ੍ਹਾਂ ਦੀ ਹਰ ਨਵੀਂ ਕਿਤਾਬ ਵਿਚ ਪਹਿਲਾਂ ਨਾਲੋਂ ਵਧੇਰੇ ਪਰਪੱਕਤਾ ਅਤੇ ਖ਼ਿਆਲਾਂ ਦੀ ਉਡਾਰੀ ਵਿੱਚ ਗਹਿਰਾਈ ਆਈ ਹੈ। ਵਿਸ਼ੇ ਦੇ ਪੱਖ ਤੋਂ ਵੀ ਉਨ੍ਹਾਂ ਨੇ ਸਮਾਜਿਕ ਅਤੇ ਰਾਜਨੀਤਕ ਚੇਤਨਾ ਵਰਗੇ ਅਨੇਕਾਂ ਅਹਿਮ ਸਰੋਕਾਰਾਂ 'ਤੇ ਬਾਖ਼ੂਬੀ ਕਲਮ ਚਲਾਈ ਹੈ।

ਅੰਗਰੇਜ਼ ਬਰਾੜ ਨੇ ਸ਼ਾਇਰ ਦੇ ਗੀਤਾਂ ਦੀ ਖ਼ੂਬਸੂਰਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਰਚਨਾਵਾਂ ਵਿੱਚੋਂ ਸਾਡੇ ਆਪਣੇ ਅਮੀਰ ਵਿਰਸੇ ਦੀ ਮਹਿਕ ਆਉਂਦੀ ਹੈ। ਉਨ੍ਹਾਂ ਬੜੇ ਸੰਵੇਦਨਸ਼ੀਲ ਲਹਿਜ਼ੇ ਵਿੱਚ ਕਿਹਾ ਕਿ ਪੰਜਾਬੀਆਂ ਦੀ ਇਹ ਤ੍ਰਾਸਦੀ ਹੈ ਕਿ ਅਜਿਹੇ ਉੱਚਪਾਏ ਦੇ ਸਾਹਿਤਕ ਅਤੇ ਸੱਭਿਆਚਾਰਕ ਗੀਤ ਅਕਸਰ ਕਿਤਾਬਾਂ ਦੇ ਪੰਨਿਆਂ ਵਿੱਚ ਹੀ ਬੰਦ ਰਹਿ ਜਾਂਦੇ ਹਨ। ਸਾਡੇ ਸਮਾਜ ਵਿੱਚ ਮਿਆਰੀ ਸਾਹਿਤਕ ਗੀਤਾਂ ਅਤੇ ਵਪਾਰਕ ਗਾਇਕੀ ਵਿਚਾਲੇ ਇੱਕ ਲੰਮੀ ਵਿੱਥ ਪੈ ਚੁੱਕੀ ਹੈ ਅਤੇ ਅੱਜ ਦੇ ਬਹੁਤੇ ਗਾਇਕ ਇਹੋ ਜਿਹੇ ਬਿਹਤਰੀਨ ਗੀਤਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ।

ਹਰਦਮ ਮਾਨ ਨੇ ਪਾਲ ਢਿੱਲੋਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕਰਦਿਆਂ ਕਿਹਾ ਕਿ ਉਹ ਇੱਕ ਅਜ਼ੀਮ, ਮਿਲਾਪੜੇ ਅਤੇ ਬੇਹੱਦ ਨਿੱਘੇ ਇਨਸਾਨ ਹਨ। ਉਨ੍ਹਾਂ ਦੀ ਗ਼ਜ਼ਲ-ਗੋਈ ਵਿੱਚ ਹਰ ਪੱਖੋਂ ਤਕਨੀਕੀ ਅਤੇ ਸਿਧਾਂਤਕ ਪਰਪੱਕਤਾ ਦੇਖੀ ਜਾ ਸਕਦੀ ਹੈ। ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਬੜੇ ਗਹਿਰੇ ਅਤੇ ਗੁੰਝਲਦਾਰ ਖ਼ਿਆਲਾਂ ਨੂੰ ਬਹੁਤ ਹੀ ਸਾਦਾ, ਸਪੱਸ਼ਟ ਅਤੇ ਸਰਲ ਸ਼ਬਦਾਵਲੀ ਰਾਹੀਂ ਪਾਠਕ ਦੇ ਦਿਲ ਵਿੱਚ ਉਤਾਰਨ ਦੀ ਅਦਭੁਤ ਮੁਹਾਰਤ ਰੱਖਦੇ ਹਨ।

ਮੁੱਖ ਮਹਿਮਾਨ ਪਾਲ ਢਿੱਲੋਂ ਨੇ ਆਪਣੇ ਲਿਖਣ-ਕਾਰਜ ਦੀਆਂ ਯਾਦਾਂ ਦੇ ਪੰਨੇ ਫਰੋਲਦਿਆਂ ਦੱਸਿਆ ਕਿ ਉਨ੍ਹਾਂ ਨੇ ਸਾਲ 1988 ਵਿੱਚ ਗੀਤ ਲਿਖਣੇ ਸ਼ੁਰੂ ਕੀਤੇ ਸਨ ਅਤੇ ਹੁਣ ਤੱਕ ਲੱਗਭੱਗ 2000 ਗੀਤਾਂ ਦੀ ਸਿਰਜਣਾ ਕਰ ਚੁੱਕੇ ਹਨ। ਉਨ੍ਹਾਂ ਭਾਵੁਕ ਹੁੰਦਿਆਂ ਦੱਸਿਆ ਕਿ ਇੱਕ ਦੌਰ ਅਜਿਹਾ ਸੀ ਜਦੋਂ ਲਿਖਣ ਦਾ ਅਥਾਹ ਚਾਅ ਹੁੰਦਾ ਸੀ ਅਤੇ ਉਹ ਹਰ ਰੋਜ਼ ਕੁਝ ਨਾ ਕੁਝ ਨਵਾਂ ਸਿਰਜਦੇ ਸਨ, ਪਰ ਹੁਣ ਵਕਤ ਦੇ ਨਾਲ ਲਿਖਣ ਦੀ ਰਫ਼ਤਾਰ ਮੱਠੀ ਪੈ ਗਈ ਹੈ। ਖ਼ਾਸ ਕਰਕੇ ਆਪਣੇ ਅਜ਼ੀਜ਼ ਮਿੱਤਰ ਅਤੇ ਉਸਤਾਦ ਸ਼ਾਇਰ ਨਦੀਮ ਪਰਮਾਰ ਦੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਜਾਣ ਤੋਂ ਬਾਅਦ, ਉਨ੍ਹਾਂ ਦੇ ਮਨ ਨੂੰ ਅਜਿਹਾ ਸਦਮਾ ਪਹੁੰਚਿਆ ਕਿ ਉਹ ਬਹੁਤਾ ਕੁਝ ਨਹੀਂ ਲਿਖ ਸਕੇ।

ਇਸ ਸਾਹਿਤਕ ਮਿਲਣੀ ਦੌਰਾਨ ਪਾਲ ਢਿੱਲੋਂ ਨੇ ਆਪਣੀਆਂ ਬਿਹਤਰੀਨ ਗ਼ਜ਼ਲਾਂ ਦੇ ਸ਼ਿਅਰ ਸੁਣਾ ਕੇ ਪੂਰੀ ਮਹਿਫ਼ਲ ਨੂੰ ਕੀਲ ਲਿਆ। ਉਨ੍ਹਾਂ ਦੀ ਸ਼ਾਇਰੀ ਦਾ ਇੱਕ ਰੂਹਾਨੀ ਸ਼ਿਅਰ ਪੇਸ਼-ਏ-ਖ਼ਿਦਮਤ ਸੀ:

"ਗੁਨਾਹ ਕਰ ਯਾਦ ਆਪਣੇ ਰੋ ਲਿਆ ਕਰ।
ਤੇ ਹੌਲਾ ਫੁੱਲ ਵਰਗਾ ਹੋ ਲਿਆ ਕਰ।"

ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਇੱਕ ਹੋਰ ਮੁਸਲਸਲ ਗ਼ਜ਼ਲ ਦੇ ਇਸ ਖ਼ੂਬਸੂਰਤ ਸ਼ਿਅਰ ਨਾਲ ਵਾਹ-ਵਾਹ ਖੱਟੀ:

"ਸਫ਼ਰ ਵਿਚ ਆਰ ਹਾਂ ਜਾਂ ਪਾਰ ਹਾਂ ਅੱਜ ਕੱਲ੍ਹ ਅਸੀਂ ਦੋਨੋਂ,
ਕਿਤੇ ਪਹੁੰਚੇ ਨਹੀਂ ਵਿਚਕਾਰ ਹਾਂ ਅੱਜ ਕੱਲ੍ਹ ਅਸੀਂ ਦੋਨੋਂ।"

ਅਖੀਰ ਵਿੱਚ ਮੋਹਨ ਗਿੱਲ ਨੇ ਇਸ ਯਾਦਗਾਰੀ ਸਾਹਿਤਕ ਇਕੱਤਰਤਾ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

# ਗਾਇਕ ਤੇ ਗੀਤਕਾਰ ਹਰਨੇਕ ਰਾਣਾ ਦੀ ਨਵੀਂ ਪੰਜਾਬੀ ਐਲਬਮ 'ਸੋਚ' ਹੋਈ ਰਿਲੀਜ਼

**ਸਰੀ, 10 ਜੂਨ (ਹਰਦਮ ਮਾਨ)**– ਬੀਟੀਐਚਰਾਣਾਜ਼ਾਰਾ ਇੰਟਰਟੇਨਮੈਂਟ ਲਿਮਟਿਡ ਦੇ ਬੈਨਰ ਹੇਠ ਉੱਘੇ ਪੰਜਾਬੀ ਗਾਇਕ ਅਤੇ ਲੇਖਕ ਹਰਨੇਕ ਰਾਣਾ ਦੀ ਨਵੀਂ ਸੰਗੀਤਕ ਐਲਬਮ 'ਸੋਚ' ਬੀਤੇ ਦਿਨੀਂ ਐਬਸਫੋਰਡ ਵਿਖੇ ਵਿਰਸੇ ਦੇ ਸ਼ੌਕੀਨ ਮੇਲੇ ਵਿਚ ਰਿਲੀਜ਼ ਕੀਤੀ ਗਈ, ਜਿਸ ਨੂੰ ਸੰਗੀਤ ਜਗਤ ਅਤੇ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਇਸ ਐਲਬਮ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਦੇ ਸਾਰੇ ਗੀਤ ਜਿੱਥੇ ਇੱਕ ਪਾਸੇ ਭਰਪੂਰ ਮਨੋਰੰਜਨ ਕਰਦੇ ਹਨ, ਉੱਥੇ ਹੀ ਸਮਾਜ ਅਤੇ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ 'ਤੇ 'ਸੋਚਣ' ਲਈ ਵੀ ਮਜਬੂਰ ਕਰਦੇ ਹਨ। ਐਲਬਮ ਦੇ ਸਾਰੇ ਅੱਠ ਗੀਤਾਂ ਨੂੰ ਖ਼ੁਦ ਹਰਨੇਕ ਰਾਣਾ ਨੇ ਆਪਣੀ ਕਲਮ ਨਾਲ ਸ਼ਬਦਾਂ ਵਿੱਚ ਪਰੋਇਆ ਹੈ ਅਤੇ ਉਨ੍ਹਾਂ ਨੂੰ ਆਪਣੀ ਸੁਰੀਲੀ ਆਵਾਜ਼ ਨਾਲ ਸ਼ਿੰਗਾਰਿਆ ਹੈ।



ਇਸ ਐਲਬਮ ਵਿੱਚ ਹਰ ਵਰਗ ਦੇ ਸਰੋਤਿਆਂ ਦੀ ਪਸੰਦ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਵਿਸ਼ਿਆਂ 'ਤੇ ਗੀਤ ਤਿਆਰ ਕੀਤੇ ਗਏ ਹਨ, ਜਿਨ੍ਹਾਂ ਵਿੱਚ 'ਯਾਰ ਮਾਰ', 'ਤਸੱਲੀਆਂ', 'ਰਾਂਝਾ', 'ਸੁਨੇਹਾ', 'ਪੈਂਦੀਆਂ ਹੋਵਣ', 'ਦੇਸ ਕੈਨੇਡਾ', 'ਵਿੱਛੜ ਜਾਣਾ ਮੇਲਾ' ਅਤੇ 'ਪਾਣੀ ਤੇ ਗੁਰਬਾਣੀ' ਸ਼ਾਮਲ ਹਨ।

ਇਸ ਪ੍ਰੋਜੈਕਟ ਦੇ ਪ੍ਰੋਡਿਊਸਰ ਖ਼ੁਦ ਹਰਨੇਕ ਰਾਣਾ ਹਨ ਅਤੇ ਇਸ ਨੂੰ ਸੰਗੀਤਕ ਧੁਨਾਂ ਨਾਲ ਸੰਗੀਤਕਾਰ ਸੁਖਰਾਜ ਸਾਰੰਗ ਨੇ ਸਜਾਇਆ ਹੈ, ਜਿਨ੍ਹਾਂ ਦਾ ਬਿਹਤਰੀਨ ਸੰਗੀਤ ਇਹਨਾਂ ਗੀਤਾਂ ਦੇ ਬੋਲਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਹੈ। ਇਸ ਦੇ ਨਾਲ ਹੀ ਐਲਬਮ ਵਿੱਚ ਸਵਰਗੀ ਡਾ. ਪ੍ਰਿੰਸ ਸੁਖਦੇਵ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ ਹੈ। ਗਾਇਕ ਹਰਨੇਕ ਰਾਣਾ ਨੇ ਸਮੂਹ ਸੰਗੀਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਉਮੀਦ ਜ਼ਾਹਰ ਕੀਤੀ ਹੈ ਕਿ ਪਹਿਲੇ ਗੀਤਾਂ ਦੀ ਤਰ੍ਹਾਂ ਹੀ ਸਰੋਤੇ ਇਸ ਨਿਮਾਣੇ ਜਿਹੇ ਯਤਨ ਨੂੰ ਵੀ ਆਪਣਾ ਭਰਪੂਰ ਪਿਆਰ ਅਤੇ ਸਹਿਯੋਗ ਦੇਣਗੇ।

ਐਲਬਮ ਦਾ ਪੋਸਟਰ ਰਿਲੀਜ਼ ਕਰਦਿਆਂ ਡਾਇਮੰਡ ਕਲਚਰਲ ਕਲੱਬ ਐਬਸਫੋਰਡ ਦੇ ਆਗੂ ਰਾਜਾ ਗਿੱਲ ਅਤੇ ਸੋਨੀ ਸਿੱਧੂ ਅਤੇ ਪੰਜਾਬੀ ਗੀਤਕਾਰਾਂ ਦੇ ਖੋਜੀ ਅਸ਼ੋਕ ਬਾਂਸਲ ਮਾਨਸਾ ਨੇ ਹਰਨੇਕ ਰਾਣਾ ਨੂੰ ਇਸ ਐਲਬਮ ਲਈ ਮੁਬਾਰਕਬਾਦ ਦਿੱਤੀ।

# ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਵੱਲੋਂ ਰਵਾਇਤੀ ਮਹੀਨਾਵਾਰ ਕਵੀ ਦਰਬਾਰ ਕਰਵਾਇਆ ਗਿਆ

**ਸਰੀ, 10 ਜੂਨ (ਹਰਦਮ ਮਾਨ):** ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ ਬੀਤੇ ਐਤਵਾਰ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਕਵੀ ਦਰਬਾਰ ਵਿੱਚ ਵੱਡੀ ਗਿਣਤੀ ਵਿੱਚ ਕਵੀਆਂ ਅਤੇ ਬੁਲਾਰਿਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਗੁਰਚਰਨ ਸਿੰਘ ਬਰਾੜ, ਗੁਰਦਿਆਲ ਸਿੰਘ ਜੌਹਲ, ਇੰਦਰਜੀਤ ਸਿੰਘ ਧਾਮੀ, ਸੁਰਜੀਤ ਸਿੰਘ ਗਿੱਲ, ਸੁਖਪ੍ਰੀਤ ਸਿੰਘ, ਦਰਸ਼ਨ ਸਿੰਘ ਅਟਵਾਲ, ਦਵਿੰਦਰ ਕੌਰ ਜੌਹਲ, ਅਵਤਾਰ ਸਿੰਘ ਬਰਾੜ, ਅਮਰਜੀਤ ਕੌਰ, ਮਨਜੀਤ ਸਿੰਘ ਮੱਲ੍ਹਾ, ਹਰਚੰਦ ਸਿੰਘ ਗਿੱਲ, ਜਸਵੀਰ ਭਲੂਰੀਆ, ਜਗਰੂਪ ਸਿੰਘ ਖਹਿਰਾ, ਗੁਰਦਰਸ਼ਨ ਸਿੰਘ ਤਤਲਾ, ਸੰਤੋਖ ਸਿੰਘ, ਸਵਰਨਜੀਤ ਸਿੰਘ ਸੰਧੂ, ਗੁਰਦਿਆਲ ਸਿੰਘ ਢੀਂਡਸਾ, ਗੁਰਬਚਨ




ਸਿੰਘ ਬਰਾੜ, ਬੀਬੀ ਜਸਵੰਤ ਕੌਰ ਰਾਣਾ, ਗੁਰਦਰਸ਼ਨ ਸਿੰਘ ਬਾਦਲ ਅਤੇ ਗੁਲਸ਼ਨਰਾਜ ਕੌਰ ਸ਼ਾਮਲ ਸਨ। ਇਹਨਾਂ ਸਾਰੇ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸ: ਹਰਚੰਦ ਸਿੰਘ ਗਿੱਲ ਨੇ ਬਾਖ਼ੂਬੀ ਨਿਭਾਈ।

'ਸੁੱਖੀ ਮੋਟਰਜ਼' ਅਤੇ 'ਪੰਜਾਬ ਭਵਨ' ਦੇ ਸੰਸਥਾਪਕ ਸੁੱਖੀ ਬਾਠ ਨੇ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਉਨ੍ਹਾਂ ਨੇ ਹਾਜਰੀਨ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬੀ ਮਾਂ-ਬੋਲੀ ਦੇ ਪ੍ਰਸਾਰ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਨੂੰ ਘਰ ਵਿੱਚ ਪੰਜਾਬੀ ਲਿਖਣ ਅਤੇ ਬੋਲਣ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਨਵੀਂ ਪੀੜ੍ਹੀ ਆਪਣੀ ਬੋਲੀ ਨਾਲ ਜੁੜੀ ਰਹੇ। ਸੁੱਖੀ ਬਾਠ ਨੇ ਇਸ ਮੌਕੇ ਆਉਣ ਵਾਲੇ 12 ਮਹੀਨਿਆਂ ਲਈ ਕਵੀ ਦਰਬਾਰ ਦੇ ਚਾਹ-ਪਾਣੀ ਦੀ ਸੇਵਾ ਆਪਣੇ ਜ਼ਿੰਮੇ ਲਈ ਅਤੇ ਭਵਿੱਖ ਵਿੱਚ ਸੀਨੀਅਰ ਸੈਂਟਰ ਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਦਾ ਵੀ ਵਾਅਦਾ ਕੀਤਾ। ਸਮਾਗਮ ਦੇ ਅਖੀਰ ਵਿੱਚ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਆਏ ਹੋਏ ਸਾਰੇ ਪਤਵੰਤਿਆਂ ਅਤੇ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਸੁੱਖੀ ਬਾਠ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਗਮ ਦੌਰਾਨ ਚਾਹ-ਪਾਣੀ ਦੀ ਸੇਵਾ ਭਗਵਾਨ ਸਿੰਘ ਅਟਵਾਲ ਵੱਲੋਂ ਕੀਤੀ ਗਈ।

# ਧੀ ਦੀ ਆਮਦ



ਸਵੇਰੇ ਸਵੇਰੇ ਪੱਗ ਦੀ ਪੂਣੀ ਕਰਾਉਂਦਿਆਂ ਪਤਨੀ ਅਕਸਰ ਫਿਕਰ ਕਰਦੀ, "ਬ੍ਰੇਕਫਾਸਟ ਟੈਮ ਨਾਲ ਕਰ ਲਿਓ, ਸਬਜ਼ੀ ਗਰਮ ਕਰ ਕੇ ਖਾਇਓ, ਦਵਾਈ ਜ਼ਰੂਰ ਲੈ ਲਿਓ।'' ਜਾਣ ਲੱਗਿਆਂ ਪਿੱਛੇ ਧੌਣ ਘੁਮਾ ਕੇ ਥੋੜ੍ਹਾ ਉੱਚੀ ਆਵਾਜ਼ ਵਿੱਚ ਹਦਾਇਤਾਂ ਕਰਦੀ, "ਦੁੱਧ ਪਵਾ ਕੇ ਫਰਿੱਜ ਵਿੱਚ ਰੱਖ ਦਿਓ, ਖਲਾਰਾ ਘੱਟ ਪਾਇਓ, ਸਵਿੱਚਾਂ ਬੰਦ ਕਰ ਕੇ ਜਾਇਓ, ਸਲੰਡਰ ਚਲਦਾ ਨਾ ਛੱਡ ਜਿਓ ਕਿਤੇ।" ਦੁਪਿਹਰ ਬਾਅਦ ਘਰ ਆ ਕੇ ਰਸੋਈ ਵਿੱਚ ਭਾਂਡਿਆਂ ਦਾ ਖਲਾਰਾ ਦੇਖ ਖਿਝਦੀ, ਬੇਤਰਤੀਬ ਪਏ ਕੱਪੜਿਆਂ ਉੱਤੇ ਉਹਨੂੰ ਗੁੱਸਾ ਆਉਂਦਾ। ਜਦੋਂ ਮੈਂ ਘਰੇ ਆਉਨਾ, ਉਹ ਲਾਲ ਪੀਲੀ ਹੋਈ ਫਿਲਮੀ ਸੱਸਾਂ ਵਾਂਗ ਕਚੀਚੀਆਂ ਲੈਂਦੀ, "ਇਹ ਕੋਈ ਹੋਸਟਲ ਆ? ਜਿੱਥੇ ਜੀਅ ਕਰਦਾ ਚੀਜ਼ਾਂ ਸੁੱਟ ਦਿੰਨੇ ਆਂ, ਭਾਂਡੇ ਖਲਾਰ ਦਿੰਨੇ ਆਂ। ਕੋਈ ਸਲੀਕਾ ਚਾਹੀਦਾ। ਦੋਵਾਂ ਪਿਓ-ਪੁੱਤਾਂ ਨੂੰ ਘਰ ਦੇ ਕੰਮਾਂ ਨਾਲ ਕੋਈ ਲੈਣ ਦੇਣ ਨ੍ਹੀ। ਜਿਥੇ ਜੀਅ ਕੀਤਾ ਤੌਲੀਆ ਸਿੱਟ'ਤਾ, ਜਿਥੇ ਜੀਅ ਕੀਤਾ ਪੈਂਟ ਸੁੱਟ'ਤੀ। ਘੱਟੋ-ਘੱਟ ਕਿਤਾਬਾਂ ਤੇ ਰਸਾਲੇ ਤਾਂ ਟਿਕਾਣੇ ਸਿਰ ਰੱਖ ਦਿਆ ਕਰੋ। ਉਤੋਂ ਟਰਾਫੀਆਂ ਲਿਆ ਕੇ ਡਾਈਨਿੰਗ ਟੇਬਲ ਉੱਤੇ ਸਜਾ ਦਿੰਨੇ ਆਂ। ਮੇਰਾ ਕੰਮ ਘਟਾਉਣਾ ਕੀ, ਵਧਾ ਕੇ ਰੱਖ ਦਿੰਨੇ ਆਂ।" ਫਿਰ ਆਪੇ ਸਭ ਕੁਝ ਠੀਕ ਕਰਦੀ। ਪੁੱਤਰ ਬਿਨੇ ਉੱਤੇ ਵੀ ਗੁੱਸਾ ਕੱਢਦੀ, "ਇੱਕ ਥੋਡਾ ਲਾਡਲਾ, ਬਾਰਾਂ ਵਜੇ ਤੱਕ ਉਠਦਾ ਨ੍ਹੀ; ਬਈ ਜੁਆਕ ਈ ਹੱਥ ਵਟਾ ਦੇਵੇ।"

ਅਸੀਂ ਦੋਵੇਂ ਮੀਆਂ ਬੀਵੀ ਨੌਕਰੀ ਪੇਸ਼ਾ ਹੋਣ ਕਰ ਕੇ ਇਹ ਰੋਜ਼ ਦਾ ਵਰਤਾਰਾ ਸਾਡੇ ਘਰ ਦਾ। ਅੱਜ ਬਿਨੇ ਦਾ ਵਿਆਹ ਹੋ ਗਿਆ, ਜਸਕੀਤ ਸਾਡੇ ਘਰ ਦਾ ਚੌਥਾ ਜੀਅ ਬਣ ਗਈ।... ਘਰ ਬਦਲ ਰਿਹਾ!

... ਪਤਨੀ ਨੇ ਪੱਗ ਦੀ ਪੂਣੀ ਕਰਵਾਈ, ਜਾਣ ਲੱਗਿਆਂ ਹਦਾਇਤ ਕੀਤੀ, "ਅੱਹ ਫੋਨ ਉੱਤੇ ਉੱਚੀ ਉੱਚੀ ਨਾ ਬੋਲੀ ਜਾਇਓ, ਜੁਆਕ ਸੁੱਤੇ ਪਏ ਆ, ਡਿਸਟਰਬ ਹੋਣਗੇ।" ਵਿੱਚੰਗਾ ਬਾਬਾ' ਕਹਿ ਕੇ ਮੈਂ ਪੱਗ ਬੰਨ੍ਹਣ ਲੱਗ ਪਿਆ। ਪੌੜੀ ਉੱਤਰਦਿਆਂ ਜਸਕੀਤ ਨੇ 'ਗੁੱਡ ਮੌਰਨਿੰਗ ਪਾਪਾ' ਕਿਹਾ। ਉਹ ਰਸੋਈ ਵਿੱਚ ਚਾਹ ਬਣਾਉਣ ਲੱਗ ਪਈ, "ਤੁਸੀਂ ਪਾਪਾ ਸਵੇਰ ਵਾਲੀ ਚਾਹ ਨ੍ਹੀ ਪੀਂਦੇ, ਇਹ ਵਧੀਆ ਗੱਲ ਆ, ਹੌਲੀ-ਹੌਲੀ ਮੈਂ ਵੀ ਛੱਡ ਦੇਣੀ। ਮੰਮੀ ਦੀ ਚਾਹ ਬੰਦ ਕਰਵਾ ਦੇਣੀ ਸਵੇਰ ਵਾਲੀ, ਉਨ੍ਹਾਂ ਦੇ ਐਸੇਡਿਟੀ ਬਣਦੀ ਆ।" ਕੱਪ ਵਿੱਚ ਚਾਹ ਪਾਉਦਿਆਂ ਕਹਿਣ ਲੱਗੀ, "ਪਾਪਾ ਜਦੋਂ ਬ੍ਰੇਕਫਾਸਟ ਕਰਨਾ ਹੋਇਆ, ਦੱਸ ਦਿਓ।" ਮੈਂ ਪੱਗ ਬੰਨ੍ਹ ਕੇ ਅਖ਼ਬਾਰ ਪੜ੍ਹਨ ਲੱਗ ਪਿਆ। ਉਹ ਮੇਰੇ ਕੋਲ ਬੈਠ ਕੇ ਚਾਹ ਪੀਣ ਲੱਗੀ, "ਪਾਪਾ ਆਪਣੇ ਘਰੇ ਜਿੰਨੀਆਂ ਕਿਤਾਬਾਂ ਪਈਆਂ, ਤੁਸੀਂ ਸਾਰੀਆਂ ਪੜ੍ਹੀਆਂ।" ਮੈਂ ਹੱਸ ਕੇ 'ਹਾਂ' ਕਿਹਾ ਤਾਂ ਆਖਣ ਲੱਗੀ, "ਕੱਲ੍ਹ ਸਾਰੀਆਂ ਖਿੱਲਰੀਆਂ ਕਿਤਾਬਾਂ ਠੀਕ ਕਰ ਕੇ ਰੱਖਦਿਆਂ ਮੈਂ ਵੀ ਦੋ-ਤਿੰਨ ਕਿਤਾਬਾਂ ਲੈ ਲਈਆਂ ਪੜ੍ਹਨ ਲਈ।"

ਚਾਹ ਵਾਲਾ ਕੱਪ ਰਸੋਈ ਵਿੱਚ ਰੱਖ ਕੇ ਉਹ ਗੈਸ ਵਾਲੇ ਚੁੱਲ੍ਹੇ ਦੇ ਸੁਰਾਖ ਸਾਫ ਕਰਨ ਲੱਗ ਪਈ। ਕੰਮ ਵਾਲੀ ਫੂਲਵਤੀ ਆਈ ਤਾਂ ਜਸਕੀਤ ਪਾਣੀ ਗਰਮ ਕਰਨ ਵਾਲੀ ਕੇਟਲੀ ਥੱਲਿਓਂ ਖੁਰਚ ਕੇ ਜੰਮੀ ਹੋਈ ਮੈਲ ਉਤਾਰ ਰਹੀ ਸੀ। ਫੂਲਵਤੀ ਆਖਣ ਲੱਗੀ, "ਮੈਂ ਕਰ ਦੇਤੀ ਹੂੰ ਬੇਟੀ।" ਕਹਿੰਦੀ, "ਕੋਈ ਨੀ ਆਂਟੀ, ਤੁਸੀਂ ਬਾਕੀ ਕੰਮ ਕਰ'ਲੋ, ਇਹ ਮੈਂ ਸਾਫ ਕਰ ਦਿੰਨੀ ਆਂ।" ਮੈਨੂੰ ਲੱਗਾ, ਸੱਚੀਂ ਇਹ ਬਰੀਕੀ ਵਾਲੇ ਕੰਮ ਅਕਸਰ ਰਹਿ ਜਾਂਦੇ। ਫੂਲਵਤੀ ਪੋਚਾ ਮਾਰਨ ਲੱਗੀ ਤੇ ਜਸਕੀਤ ਨੇ ਡਾਈਨਿੰਗ ਟੇਬਲ ਉੱਤੇ ਪਈਆਂ ਟਰਾਫੀਆਂ ਸਾਫ ਕਰ ਕੇ ਸ਼ੀਸ਼ੇ ਵਾਲੇ ਰੈਕ ਵਿੱਚ ਰੱਖ ਦਿੱਤੀਆਂ। ਦੁੱਧ ਵਾਲੇ ਨੇ ਘੰਟੀ ਵਜਾਈ, ਮੈਂ ਉੱਠਣ ਲੱਗਾ ਤਾਂ ਉਦੋਂ ਤੱਕ ਪਤੀਲੇ ਵਿੱਚ ਦੁੱਧ ਪਵਾ ਕੇ ਉਹਨੇ ਉਬਾਲਣਾ ਰੱਖ ਦਿੱਤਾ ਤੇ ਰਸੋਈ ਵਿਚੋਂ ਹੀ ਪੁੱਛਣ ਲੱਗੀ, "ਲਿਆ ਦਿਆਂ ਬ੍ਰੇਕਫਾਸਟ ਪਾਪਾ?" ਮੇਰੇ ਬੋਲਣ ਤੋਂ ਪਹਿਲਾਂ ਆਪੇ ਆਖਣ ਲੱਗੀ, "ਲਿਆ ਈ ਦਿੰਨੀ ਆਂ, ਕਾਫੀ ਟੈਮ ਹੋ ਗਿਆ, ਫੇਰ ਦਵਾਈ ਵੀ ਲੈਣੀ ਆਂ ਤੁਸੀਂ।" ਪਲੇਟ ਵਿੱਚ ਸਬਜ਼ੀ ਤੇ ਰੋਟੀ ਫੜਾ ਕੇ ਕਹਿਣ ਲੱਗੀ, "ਲੱਸੀ ਜ਼ਰੂਰ ਪੀਆ ਕਰੋ ਸਵੇਰੇ, ਸ਼ੀਨਮ ਮਾਮੀ ਦੱਸਦੇ ਸੀ, ਬ੍ਰੇਕਫਾਸਟ ਵਿੱਚ ਲੱਸੀ ਜਾਂ ਲੌਕੀ ਦਾ ਜੂਸ ਬਹੁਤ ਚੰਗਾ ਹੁੰਦਾ।" ਨਾਲ ਹੀ ਰਸੋਈ ਵਿੱਚ ਜਾ ਕੇ ਲੱਸੀ ਬਣਾਉਣ ਲੱਗ ਪਈ। ਮੈਂ ਸੋਚ ਰਿਹਾ ਸੀ, ਕੁੜੀਆਂ ਆਪਣੇ ਆਪ ਵਿੱਚ ਸਲੀਕਾ ਹੁੰਦੀਆਂ!

ਲੱਸੀ ਦਾ ਗਲਾਸ ਮੇਰੇ ਕੋਲ ਰੱਖ ਕੇ ਆਖਣ ਲੱਗੀ, "ਪਾਪਾ, ਐਤਕੀਂ ਆਪਾਂ ਗਰਮੀਆਂ ਤੋਂ ਪਹਿਲਾਂ ਖੂਨ ਪਤਲਾ ਰੱਖਣ ਵਾਲੀ ਦੇਸੀ ਦਵਾਈ ਬਣਾਵਾਂਗੇ। ਨਾਨੀ ਬਣਾਉਂਦੀ ਹੁੰਦੀ ਸੀ। ਮੈਨੂੰ ਪਤਾ ਕਿਵੇਂ ਬਣਾਉਣੀ। ਇਹਦੇ ਨਾਲ ਬਲੱਡ ਪ੍ਰੈਸ਼ਰ ਤੇ ਸ਼ੂਗਰ ਵੀ ਕੰਟਰੋਲ ਰਹਿੰਦਾ।" ਮੇਰੇ ਕੋਲੋਂ ਪਲੇਟ ਅਤੇ ਗਲਾਸ ਚੱਕਦਿਆਂ ਉਹਨੇ ਗੱਲ ਜਾਰੀ ਰੱਖੀ, "ਬੱਸ ਤੁਸੀਂ ਮੈਨੂੰ ਦਵਾਈ ਲਈ ਪਿੱਪਲ ਦੇ ਪੱਤੇ ਲਿਆ ਦਿਓ।" ਮੈਂ ਕਿਹਾ, "ਕੋਈ ਨ੍ਹੀ ਪਿੱਪਲ ਦੇ ਪੱਤੇ ਮਿਲ ਈ ਜਾਣਗੇ, ਨਹੀਂ ਤਾਂ ਬਿਲਾਸਪੁਰੋਂ ਲੈ ਆਵਾਂਗੇ।" ਉਹ ਇੱਕਦਮ ਬੋਲੀ, "ਠੀਕ ਆ ਪਾਪਾ ਮੈਂ ਵੀ ਚੱਲੂੰ ਬਿਲਾਸਪੁਰ, ਉਹ ਘਰ ਮੈਨੂੰ ਸਾਡੇ ਦੋਰਾਹੇ ਵਾਲੇ ਘਰ ਵਰਗਾ ਲਗਦਾ।" ਮੈਂ ਹੱਸ ਕੇ ਕਿਹਾ, "ਠੀਕ ਆ।"

ਯੂਨੀਵਰਸਿਟੀ ਵਿੱਚ ਅਜੇ ਟਾਈਮ ਸੀ, ਮੈਂ ਲੈਪਟੌਪ ਖੋਲ੍ਹ ਕੇ ਬੈਠ ਗਿਆ। "ਲਓ ਪਾਪਾ ਦਵਾਈ ਲੈਲੋ।" ਪਾਣੀ ਦਾ ਗਲਾਸ ਫੜਾਉਂਦਿਆਂ ਉਸ ਮੈਨੂੰ ਹਦਾਇਤ ਕਰਨ ਵਾਂਗ ਆਖਿਆ, "ਤੁਸੀਂ ਫਰਾਈਡ ਘੱਟ ਖਾਇਆ ਕਰੋ, ਓਇਲੀ ਚੀਜ਼ਾਂ ਬਹੁਤ ਖਰਾਬ ਕਰਦੀਆਂ।" ਮੈਂ ਦਵਾਈ ਲੈਂਦਿਆਂ ਸਹਿਮਤੀ ਵਿੱਚ ਸਿਰ ਹਿਲਾਇਆ। ਮੇਰੇ ਤੋਂ ਗਲਾਸ ਫੜਦਿਆਂ ਕਹਿਣ ਲੱਗੀ, "ਵੈਸੇ ਨਾ ਤੁਸੀਂ ਰੋਟੀ ਖਾਣ ਦੁਪਿਹਰੇ ਘਰੇ ਆਜਿਆ ਕਰੋ ਪਾਪਾ, ਮੈਂ ਤਾਜ਼ੀ ਬਣਾ ਦਿਆਂ ਕਰੂੰ।"

ਤੁਰਨ ਲੱਗਾ ਤਾਂ ਉਹਨੇ ਪੁੱਛਿਆ, "ਪਾਪਾ, ਉਥੇ ਰੋਟੀ ਗਰਮ ਕਰਨ ਵਾਸਤੇ ਹੈਗਾ ਕੋਈ ਸਿਸਟਮ, ਠੰਢੀ ਰੋਟੀ ਨਾ ਖਾਇਆ ਕਰੋ।" ਉਹਦੇ ਫਿਕਰ ਨੂੰ ਸਮਝਦਿਆਂ ਮੈਂ ਦੱਸ ਦਿੱਤਾ ਕਿ ਰੋਟੀ ਗਰਮ ਕਰ ਕੇ ਹੀ ਖਾਨੇ ਆਂ।

ਸ਼ਾਮ ਨੂੰ ਘਰ ਆਇਆ, ਘਰਵਾਲੀ ਜਸਕੀਤ ਨਾਲ ਖਿੜ-ਖਿੜਾ ਕੇ ਹੱਸ ਰਹੀ ਸੀ। ਜਸਕੀਤ ਦੇ ਹੱਥਾਂ ਵਿੱਚ ਦੋ-ਤਿੰਨ ਅਣਸੀਤੇ ਸੂਟ ਸਨ, "ਦੇਖੋ ਪਾਪਾ, ਮੰਮੀ ਦੇ ਪਿਆਜ਼ੀ ਰੰਗ ਦਾ ਸੈਟ ਕਿੰਨਾ ਵਧੀਆ ਲੱਗੂਗਾ। ਨਾਲੇ ਆਹ ਲੈਮਨ ਸ਼ੇਡ ਵੀ ਜਚਦਾ ਇਨ੍ਹਾਂ ਦੇ। ਪਤਾ ਨੀ ਕਦੋਂ ਦੇ ਰੱਖੀ ਬੈਠੇ ਆ, ਸੰਵਾਏ ਨੀ ਅੱਜ ਤੱਕ, ਅੱਜ ਨਾਲ ਜਾ ਕੇ ਦੋਵੇਂ ਸੂਟ ਬੁਟੀਕ ਉੱਤੇ ਦੁਆ ਦੇਣੇ ਆਂ।" ਫਿਰ ਰਸੋਈ ਵੱਲ ਜਾਂਦੀ ਬੋਲ ਰਹੀ ਸੀ, "ਨਾਲੇ ਆਪਾਂ ਆਥਣੇ ਸੈਰ ਕਰਨ ਜਾਇਆ ਕਰਨਾ। ਨਾਨੀ ਕਹਿੰਦੀ ਹੁੰਦੀ ਸੀ, ਰੋਟੀ ਖਾਣ ਪਿੱਛੋਂ ਸੈਰ ਜ਼ਰੂਰ ਕਰਨੀ ਚਾਹੀਦੀ।" ਰਸੋਈ ਵਿਚੋਂ ਚਾਹ ਬਣਾਉਂਦੀ ਜਸਕੀਤ ਦੀਆਂ ਪਿਆਰੀਆਂ ਪਿਆਰੀਆਂ ਗੱਲਾਂ ਕਿਸੇ ਮੁਹੱਬਤੀ ਗੀਤ ਦੀ ਗੂੰਜ ਵਾਂਗ ਘਰ ਵਿੱਚ ਧੀ ਹੋਣ ਦਾ ਅਹਿਸਾਸ ਕਰਵਾ ਰਹੀਆਂ ਸਨ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL PATIO COVERS
RAILING & GATES INSTALLATION, REPAIR & CLEANING
SERVING ALL LOWER MAINLAND / ISLAND
SPECIALIST IN:
ALUMINUM PANELS AND CLEAR GLASS OR LIGHT TINTED GLASS
WE INSTALLED PATIO COVERS AND RAILING, GATES IN REASONABLE PRICE
QUALITY WORKMANSHIP, BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com